
# ਸ਼੍ਰੀਪਾਦ ਕ੍ਰਿਸ਼ਨ ਕੋਲਹਟਕਰ

## ਮਨੋਹਰ ਲਕਸ਼ਮਣ ਵਰਾਡਪਾਂਡੇ



Pb
891.460 92
K 832 V

ਭਾਰਤੀਯ

P
891.460 92
K 832 V

ਮਰਾਠੀ ਸਾਹਿੱਤ ਵਿਚ ਸ਼੍ਰੀਪਾਦ ਕ੍ਰਿਸ਼ਣ ਕੋਲਹਟਕਰ ਦਾ ਸਥਾਨ ਹੋਰਨਾਂ ਨਾਲੋਂ ਉੱਚਾ ਹੈ। ਉਹਨਾਂ ਦੀਆਂ ਰਚਨਾਵਾਂ ਦਾ ਮਰਾਠੀ ਜਨ-ਜੀਵਨ ਉਤੇ ਇੰਨਾ ਵਧੇਰੇ ਪ੍ਰਭਾਵ ਪਿਆ ਹੈ, ਕਿ ਉਹਨਾਂ ਦੇ ਰਚਨਾ ਕਾਲ ਨੂੰ 'ਕੋਲਹਟਕਰ-ਯੁੱਗ' ਹੀ ਕਿਹਾ ਜਾਂਦਾ ਹੈ। ਇਸ ਪੁਸਤਕ ਵਿਚ ਮਨੋਹਰ ਲਕਸ਼ਮਣ ਵਰਾਡਪਾਂਡੇ ਨੇ ਉਹਨਾਂ ਦੇ ਜੀਵਨ ਅਤੇ ਕਰਤਵਾਂ ਉਤੇ ਚਾਨਣਾ ਪਾਉਣ ਵਾਲੀ ਇੰਨੀ ਸਮੱਗਰੀ ਪੇਸ਼ ਕੀਤੀ ਹੈ, ਜਿਸ ਨਾਲ ਉਹਨਾਂ ਦੀ ਬਹੁ-ਮੁਖੀ ਪ੍ਰਤਿਭਾ ਦੀ ਜਾਣਕਾਰੀ ਪਾਠਕਾਂ ਨੂੰ ਪ੍ਰਾਪਤ ਹੋ ਸਕਦੀ ਹੈ। ਇਸ ਦਾ ਹਿੰਦੀ ਅਨੁਵਾਦ ਆਨੰਦ ਵਰਧਨ ਰਤਨਪਾਰਖੀ ਵਿਦਿਆਲੰਕਾਰ ਨੇ ਬੜੀ ਹੀ ਭਰਪੂਰ ਸ਼ੈਲੀ ਵਿਚ ਕੀਤਾ ਹੈ। ਇਸ ਵਰਸ਼ ਉਹਨਾਂ ਦੀ ਜਨਮ ਸ਼ਤਾਬਦੀ, ਮਹਾ-ਰਾਸ਼ਟਰ ਵਿਚ ਮਨਾਈ ਜਾ ਰਹੀ ਹੈ। ਉਸੇ ਸ਼ੁਭ ਅਵਸਰ ਉਤੇ ਇਹ ਪੁਸਤਕ ਵਿਸ਼ੇਸ਼ ਤੌਰ ਤੇ ਮਰਾਠੀ ਵਿਚ ਲਿਖਵਾਈ ਗਈ ਹੈ।

ਭਾਰਤੀ ਸਾਹਿੱਤ ਦੇ ਸਿਰਜਣਹਾਰ

# ਸ਼੍ਰੀਪਾਦ ਕ੍ਰਿਸ਼ਣ ਕੋਲਹਟਕਰ

ਲੇਖਕ :
ਮਨੋਹਰ ਲਕਸ਼ਮਣ ਵਰਾਡਪਾਂਡੇ

ਅਨੁਵਾਦਕ :
ਗੁਰਚਰਨ ਸਿੰਘ ਮੋਹੇਜ

ਸਾਹਿੱਤ ਅਕਾਦਮੀ, ਨਵੀਂ ਦਿਲੀ

Shripad Krishan Kolhatkar : Punjabi Translation by Gurcharan Singh Muhay of the monograph by M. L. Varadpande. Sahitya Akademi, New Delhi-1 (1974)
SAHITYA AKADEMI
REVISED PRICE Rs. 15-00

P
891.46092
K 832 V

ਪਹਿਲਾ ਪ੍ਰਕਾਸ਼ਨ : ੧੯੭੪

11626
23/11/04
Library IIAS, Shimla
P 891.460 92 K 832 V
00116261

ਸਾਹਿੱਤ ਅਕਾਦਮੀ, ਨਵੀਂ ਦਿਲੀ

SAHITYA AKADEMI
REVISED PRICE Rs. 15-00

ਪ੍ਰਿੰਟਰ : ਜਨਤਕ ਪ੍ਰੈਸ,
੧੫੯, ਲਜਪਤ ਰਾਏ ਮਾਰਕੀਟ, ਦਿਲੀ

ਜਹਾਂ ਵਿਭੂਸ਼ਿਤ ਸੀਧੇ-ਸਾਦੇ ਜਨਾਬਾਈ ਕੇ ਬੋਲ
ਵਹੀਂ ਕਰੇ ਸ਼੍ਰੀਪਾਦ ਵੇਖਰੀ ਕਲਾਮਈ ਸੁ-ਕਲੋਲ

—ਗਡਕਰੀ

# ਸੂਚੀ


| | | ਸਫ਼ਾ |
|---|---|---|
| ੧. | ਜੀਵਨੀ | ੯ |
| ੨. | ਵਿਨੋਦਪੀਠ ਦੇ ਆਚਾਰੀਆ | ੨੩ |
| ੩. | ਨਾਟਕ-ਕਾਰਾਂ ਦੇ ਨਾਟਕਕਾਰ | ੩੯ |
| ੪. | ਆਧੁਨਿਕ ਸਮੀਖਿਆ ਦੇ ਜਨਕ | ੫੭ |
| ੫. | ਬਹੁ-ਮੁਖੀ ਪ੍ਰਤਿਭਾ | ੭੪ |
| ੬. | ਕਲਾ-ਕਿਰਤ-ਸੂਚੀ | ੮੨ |

# ਜੀਵਨੀ

ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਦਾ ਪ੍ਰਵੇਸ਼ ਮਰਾਠੀ ਸਾਹਿੱਤ ਦੀ ਇਕ ਮਹੱਤਵਪੂਰਣ ਘਟਨਾ ਮੰਨੀ ਜਾਂਦੀ ਹੈ। ਉਹਨਾਂ ਦੀਆਂ ਰਚਨਾਵਾਂ ਦਾ ਮਰਾਠੀ ਸਾਹਿੱਤ ਉਤੇ ਇੰਨਾ ਜ਼ਿਆਦਾ ਪ੍ਰਭਾਵ ਪਿਆ ਹੈ ਕਿ ਮਰਾਠੀ ਸਾਹਿੱਤ ਦੇ ਇਤਿਹਾਸ ਦੇ ਸੰਨ ੧੮੯੩ ਤੋਂ ੧੯੨੫ ਤਕ ਦੇ ਕਾਲ ਨੂੰ 'ਕੋਲਹਟਕਰ ਯੁੱਗ' ਕਹਿਣਾ ਹੀ ਉਚਿਤ ਹੋਵੇਗਾ। ਉਹਨਾਂ ਦੀ ਪ੍ਰਤਿਭਾ ਦੇ ਫਲਸਰੂਪ, ਸਾਹਿੱਤ ਦੇ ਕਈ ਅੰਗ ਅਮੀਰ ਹੀ ਨਹੀਂ ਹੋਏ, ਸਗੋਂ ਉਹਨਾਂ ਵਿਚ ਨਵੀਆਂ ਧਾਰਾਂ ਦਾ ਭੀ ਪ੍ਰਵੇਸ਼ ਹੋਇਆ। ਉਹਨਾਂ ਨੇ ਨਾਟਕ ਲਿਖੇ, ਜਿਨ੍ਹਾਂ ਨਾਲ ਰੰਗਮੰਚ ਉਤੇ ਇਕ ਨਵੇਂ ਯੁੱਗ ਦਾ ਜਨਮ ਹੋਇਆ। ਉਹਨਾਂ ਨੇ ਸਮੀਖਿਆਤਮਿਕ ਲੇਖ ਲਿਖੇ, ਜਿਨ੍ਹਾਂ ਨਾਲ ਆਧੁਨਿਕ ਮਰਾਠੀ ਸਮੀਖਿਆ-ਸਾਹਿੱਤ ਦਾ ਵਿਕਾਸ ਹੋਇਆ। ਉਹਨਾਂ ਦੇ ਹਾਸ ਰਸੀ ਲੇਖਾਂ ਨਾਲ ਮਰਾਠੀ ਵਿਚ ਹਾਸਰਸ ਸਾਹਿੱਤ ਦੀ ਇਕ ਨਵੀਂ ਪ੍ਰੰਪਰਾ ਦਾ ਆਰੰਭ ਹੋਇਆ। ਉਹਨਾਂ ਦੀ ਸਾਹਿਤਕ ਦੇਣ ਦਾ ਮੁਲਾਂਕਣ ਕਰਦੇ ਹੋਇਆਂ, ਸ੍ਰੀ ਗੋਵਿੰਦ ਰਾਉ ਟੇਂਬੇ ਵਰਗੇ ਨਾਟਕਲਾ ਪੰਡਿਤ ਨੇ ਉਹਨਾਂ ਨੂੰ 'ਆਦਿ ਨਾਟਕਕਾਰ' ਦੇ ਰੂਪ ਵਿਚ ਸਨਮਾਨਿਆ। ਸ੍ਰੀ ਕੁਸੁਮਾਵਤੀ ਦੇਸ਼-ਪਾਂਡੇ ਵਰਗੀ ਵਿਦਵਾਨ ਇਸਤ੍ਰੀ ਨੇ ਉਹਨਾਂ ਨੂੰ 'ਆਧੁਨਿਕ ਮਰਾਠੀ ਸਮੀਖਿਆ ਦਾ ਜਨਕ' ਕਹਿ ਕੇ ਸਨਮਾਨਿਆ ਹੈ। ਸਾਹਿੱਤ-ਸਮਰਾਟ ਕੇਲਕਰ ਨੇ ਉਹਨਾਂ ਨੂੰ 'ਵਿਨੋਦਪੀਠ ਦਾ ਅਚਾਰੀਆ' ਕਹਿ ਕੇ ਸੰਬੋਧਨ ਕੀਤਾ। ਨਾਟਕ ਸਮੀਖਿਆ ਅਤੇ ਹਾਸਰਸ ਦੇ ਖੇਤ੍ਰ ਵਿਚ ਨਵੀਨ ਰਾਵਾਂ ਦੇ ਪ੍ਰੀਵਰਤਨ ਦਾ ਸਿਹਰਾ ਤਾਂ ਉਹਨਾਂ ਨੂੰ ਮਿਲਿਆ ਹੀ ਹੈ ਪਰ ਉਹਨਾਂ ਨੇ ਜਿਹੜੀਆਂ ਸੋਲਾਂ ਸਤਾਰਾਂ ਕਵਿਤਾਵਾਂ ਲਿਖੀਆਂ ਹਨ, ਉਹਨਾਂ ਤੋਂ 'ਰਵੀ ਕਿਰਣ ਮੰਡਲ' ਵਰਗੇ ਆਧੁਨਿਕ ਕਾਵਿ-ਸੰਪਰਦਾਇ ਭੀ ਦਿਖਾਈ ਦਿੰਦੇ ਹਨ। ਕਹਾਣੀ,ਨਾਵਲ ਆਦਿਕ ਕੋਮਲ ਕਲਾ ਸਾਹਿਤ ਵਿਚ ਹੀ ਨਹੀਂ ਸਗੋਂ ਤਾਰਾ ਵਿਗਿਆਨ ਵਰਗੇ ਵਿਗਿਆਨਿਕ ਵਿਸ਼ਿਆਂ ਵਿਚ ਵੀ ਉਹਨਾਂ ਨੇ ਮਾਨਤਾ ਪ੍ਰਾਪਤ ਕੀਤੀ ਸੀ। ਉਹਨਾਂ ਨੇ ਮਰਾਠੀ ਸਾਹਿਤ ਨੂੰ ਇਕ ਨਵਾਂ ਮੋੜ ਦਿਤਾ। ਵਿਸ਼ਾ ਅਤੇ ਵਿਦਿਆ ਦੋਨੋਂ ਹੀ ਦ੍ਰਿਸ਼ਟੀਆਂ ਨਾਲ ਭਰਪੂਰ ਅਤੇ ਸਮਾਜਵਾਦੀ ਸਾਹਿਤ ਦੇ ਭੇਦ ਤਕ ਪੁੱਜਣ ਲਈ ਉਹਨਾਂ ਦੇ ਜੀਵਨ ਅਤੇ ਵਿਚਾਰ-ਸ਼ੀਲ ਸ਼ਖਸੀਅਤ ਦਾ ਅਧਿਅਨ ਜ਼ਰੂਰੀ ਹੋਵੇਗਾ।

ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਦਾ ਜਨਮ ਵਿਦਰਭ ਦੇ ਨਾਗਪੁਰ ਨਗਰ ਵਿਚ ੨੯

ਜੂਨ, ੧੮੭੧ ਨੂੰ ਹੋਇਆ ਸੀ। ਕੋਲ੍ਹਟਕਰ ਦੇ ਬਜ਼ੁਰਗ ਕੋਂਕਣ ਵਿਚ 'ਨੇਵਰੇ' ਨਾਂ ਦੇ ਪਿੰਡ ਦੇ ਰਹਿਣ ਵਾਲੇ ਸਨ। ਇਤਿਹਾਸ ਦਸਦਾ ਹੈ,ਕਿ ਉਹਨਾਂ ਦੇ ਬਜ਼ੁਰਗਾਂ ਵਿਚ ਭਾਸਕਰ ਰਾਮ ਅਤੇ ਨੌਨਹੇਰ ਰਾਮ ਨਾਂ ਦੇ ਦੋ ਵਿਅਕਤੀ, ਰਾਮਪੁਰ ਦੇ ਰਘੂ ਜੀ ਭੌਂਸਲੇ ਦੇ ਯੁੱਧ-ਮਾਹਿਰ ਅਤੇ ਰਾਜਨੀਤਕ ਸੈਨਾਪਤੀ ਸਨ। ਪਹਿਲੇ ਬਾਜੀਰਾਉ ਪੇਸ਼ਵਾ ਦੇ ਸਮਕਾਲੀ ਨਾਗਪੁਰ ਦੇ ਭੌਂਸਲੇ ਨੇ ਬੰਗਾਲ ਉਤੇ ਜਿਹੜੀਆਂ ਚੜ੍ਹਾਈਆਂ ਕੀਤੀਆਂ ਸਨ ਉਹਨਾਂ ਸਾਰੀਆਂ ਦੇ ਪ੍ਰਮੁੱਖ ਸੰਚਾਲਕ ਅਤੇ ਸੈਨਾਪਤੀ ਭਾਸਕਰ ਰਾਮ ਕੋਲਹਟਕਰ ਹੀ ਸਨ। ਉਹਨਾਂ ਦੀ ਬਹਾਦਰੀ ਦਾ ਵਰਣਨ 'ਮਹਾਂਰਾਸ਼ਟ੍ਰ ਪੁਰਾਣ' ਨਾਂ ਦੇ ਬੰਗਾਲੀ ਭਾਸ਼ਾ ਦੇ ਕਾਵਿ ਵਿਚ ਕੀਤਾ ਗਿਆ ਹੈ। ਇਸ ਵੰਸ਼ ਦਾ ਇਹ ਇਤਿਹਾਸਕ ਵਿਰਤਾਂਤ ਮੰ: ਦੇ: ਖਾਨੋਲਕਰ ਨੇ ਲਿਖਿਆ ਹੈ। ਮਰਾਠੀ ਰਾਜ ਦੇ ਦਿਨਾਂ ਵਿਚ ਜਿਸ ਤਰ੍ਹਾਂ ਇਸ ਵੰਸ਼ ਵਿਚ ਯੋਧੇ ਪੈਦਾ ਹੋਏ ਸਨ ਉਸੇ ਤਰ੍ਹਾਂ ਅੱਜ ਦੇ ਯੁੱਗ ਵਿਚ ਵੀ ਅਨੇਕ ਪ੍ਰਤਿਭਾਸ਼ਾਲੀ ਪੁਰਸ਼ ਪੈਦਾ ਹੋਏ ਹਨ। ਸ੍ਰੀਪਾਦ ਕ੍ਰਿਸ਼ਣ ਦੇ ਪੜਦਾਦਾ ਗੋਵਿੰਦ ਭੱਟ, ਕੋਂਕਣ ਤੋਂ ਵਾਈ ਵਿਚ ਆਏ। ਕੋਮਲ ਕਲਾ ਪ੍ਰਤੀ ਰੁਚੀ ਇਸ ਨੇਵਰੇ-ਵਾਸੀ ਕੋਲਹਟਕਰ ਵੰਸ ਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਸ੍ਰੀਪਾਦ ਕ੍ਰਿਸ਼ਣ ਦੇ ਦਾਦਾ ਹਰਿਪੰਤ ਕੁਸ਼ਲ ਸੰਗੀਤ ਅਤੇ ਰਸ ਭਰਪੂਰ ਭਜਨ ਲਿਖਣ ਲਈ ਪ੍ਰਸਿਧ ਸਨ। ਉਹਨਾਂ ਦੇ ਭਰਾ, ਮਹਾਂਦੇਵ ਸ਼ਾਸਤ੍ਰੀ ਕੋਲਹਟਕਰ ਅੰਗਰੇਜ਼ੀ ਦੇ ਉੱਤਮ-ਬੁਲਾਰੇ ਅਤੇ ਜੋਸ਼ ਭਰਪੂਰ ਲੇਖਕ ਦੇ ਤੌਰ ਤੇ ਪ੍ਰਸਿਧ ਸਨ। ਉਹਨਾਂ ਨੇ ਸ਼ੈਕਸਪੀਅਰ ਦੇ 'ਓਥੈਲੋ' ਨਾਟਕ ਦਾ ਮਰਾਠੀ ਵਿਚ ਸੁੰਦਰ ਅਨੁਵਾਦ ਕੀਤਾ ਸੀ। ਵਿਸ਼ਣੂ ਕ੍ਰਿਸ਼ਣ ਚਿਪਲੂਣਕਰ ਨੇ ਉਸ ਅਨੁਵਾਦ ਦੀ ਬਹੁਤ ਪ੍ਰਸੰਸਾ ਕੀਤੀ ਸੀ। 'ਕਿਰਲੋਸਕਰ ਮੰਡਲੀ' ਦੇ ਮਾਹਿਰ ਸੰਗੀਤਕਾਰ ਭਾਊ ਰਾਉ ਕੋਲਹਟਕਰ ਭੀ ਇਸੇ ਪ੍ਰਵਾਰ ਵਿਚੋਂ ਸਨ। ਸ੍ਰੀਪਾਦ ਕ੍ਰਿਸ਼ਣ ਦੇ ਪਿਤਾ ਵੀ ਸੰਗੀਤ ਕਲਾ ਦੇ ਮਾਹਿਰ ਸਨ। ਉਹ ਵੀ ਨਾਟਕ-ਕਲਾ ਦੇ ਗਿਆਨੀ ਸਨ। ਕਹਿਣਾ ਪਵੇਗਾ ਕਿ ਸਾਹਿੱਤ, ਸੰਗੀਤ, ਨਾਟਕ ਆਦਿਕ ਕੋਮਲ ਕਲਾਵਾਂ ਦਾ ਗਿਆਨ ਉਹਨਾਂ ਨੂੰ ਵੰਸ-ਪ੍ਰੰਪਰਾਂ ਵਿਚੋਂ ਹੀ ਮਿਲ ਗਿਆ ਸੀ ਅਤੇ ਇਸੇ ਕਰਕੇ ਕਲਾ-ਪ੍ਰੇਮ, ਉਸਦੇ ਆਨੰਦ ਮਾਣ ਸਕਣ ਦੀ ਸਮਰਥਾ ਅਤੇ ਇਨ੍ਹਾਂ ਕਲਾਵਾਂ ਵਿਚ ਨਿਪੁੰਨਤਾ ਦੇ ਨਾਲ ਨਾਲ ਸੁੰਦਰਤਾ ਦੇ ਵਿਸ਼ਿਆਂ ਵਿਚ ਸ਼ਕਤੀਸ਼ਾਲੀ ਖਿਚ ਉਹਨਾਂ ਦੇ ਪ੍ਰਗਟਾਓ ਦੀ ਮੁਖ ਵਿਸ਼ੇਸ਼ਤਾ ਬਣ ਗਈ ਸੀ।

ਸ੍ਰੀਪਾਦ ਕ੍ਰਿਸ਼ਣ ਦੇ ਪਿਤਾ, ਸੰਨ ੧੮੭੦ ਦੇ ਨੇੜੇ-ਤੇੜੇ ਵਿਦਰਭ ਵਿਚ ਸਥਾਪਿਤ ਅਮਰਾਵਤੀ ਵਿਚ ਅਧਿਆਪਕ ਬਣਕੇ ਆਏ ਸਨ। ਕੁਝ ਸਮੇਂ ਮਗਰੋਂ ਉਹਨਾਂ ਨੇ ਆਪਣੀ ਬਦਲੀ ਮਾਲ ਵਿਭਾਗ ਵਿਚ ਕਰਵਾ ਲਈ। ਉਥੇ ਉਹ ਆਪਣੀ ਯੋਗਤਾ ਨਾਲ ਪਦ-ਉੱਨਤੀ ਕਰਦੇ ਹੋਏ ਇਕ ਵਿਸ਼ੇਸ਼ ਅਸਿਸਟੈਂਟ ਕਮਿਸ਼ਨਰ ਦੇ ਪਦ ਤਕ ਜਾ ਪਹੁੰਚੇ। ਸ੍ਰੀਪਾਦ ਕ੍ਰਿਸ਼ਣ ਉਹਨਾਂ ਦੀ ਪਹਿਲੀ ਪਤਨੀ ਦੇ ਦੂਜੇ ਪੁੱਤਰ ਸਨ।

ਸ੍ਰੀਪਾਦ ਕ੍ਰਿਸ਼ਣ ਸੁਭਾਅ ਦੇ ਬਹੁਤ ਹੀ ਸਭਿਅਕ ਸਨ ਅਤੇ ਕੁਝ ਸਵੈਮਾਨੀ ਵੀ ਸਨ। ਇਸ ਬਾਰੇ ਉਹਨਾਂ ਨੇ ਆਪਣੀ ਆਤਮ ਕਥਾ ਵਿਚ ਇਕ ਬੜਾ ਸ਼ਾਨਦਾਰ ਵਰਣਨ ਕੀਤਾ ਹੈ। ਉਹ ਲਿਖਦੇ ਹਨ :— "ਬਚਪਨ ਵਿਚ ਮੈਂ ਕਿਸੇ ਦੀ ਗੋਦ ਜਾ ਬੈਠਿਆ ਸਾਂ, ਮੇਰੇ ਪਿਤਾ ਜੀ ਜਾਂ ਮਾਤਾ ਜੀ ਨੇ ਕਿਹਾ, 'ਇੰਨਾ ਵੱਡਾ ਹੋ ਗਿਆ ਹੈ

ਤਾਂ ਵੀ ਇਸਨੂੰ ਬੈਠਣ ਲਈ ਗੋਦੀ ਹੀ ਚਾਹੀਦੀ ਹੈ।' ਇਸ ਘਟਨਾ ਦਾ ਮੇਰੇ ਮਨ ਉਤੇ ਅਜਿਹਾ ਅਸਰ ਪਿਆ ਕਿ ਉਸ ਤੋਂ ਮਗਰੋਂ ਮੈਂ ਸਦਾ ਇਸ ਗੱਲ ਦਾ ਖਾਸ ਧਿਆਨ ਰੱਖਣ ਲੱਗਿਆ, ਕਿ ਮੇਰੇ ਕਾਰਣ ਕਿਸੇ ਦੂਜੇ ਉਤੇ ਕੋਈ ਭਾਰ ਨਾ ਪਵੇ।'

ਬਚਪਨ ਵਿਚ ਹੀ ਉਹਨਾਂ ਦੇ ਸੂਖਮ ਮਨ ਨੂੰ ਸਭ ਤੋਂ ਵੱਡੀ ਸੱਟ ਅਧਰੰਗ ਦੀ ਬੀਮਾਰੀ ਨਾਲ ਲੱਗੀ ਜਿਹੜੀ ਉਹਨਾਂ ਨੂੰ ਨੌਵੇਂ ਵਰ੍ਹੇ ਵਿਚ ਹੀ ਹੋ ਗਈ। ਉਸ ਨਾਲ ਉਹਨਾਂ ਦੇ ਜੀਵਨ ਦੀਆਂ ਜੜ੍ਹਾਂ ਹਿੱਲ ਗਈਆਂ ਅਤੇ ਉਹ ਅੰਤਰਮੁਖੀ ਹੋ ਗਏ। ਇਸ ਅੰਤਰਮੁਖਤਾ ਕਾਰਣ ਉਹਨਾਂ ਦੀ ਕਲਪਨਾ ਸ਼ਕਤੀ ਵਧ ਗਈ। ਅਧਰੰਗ ਕਾਰਣ ਉਹਨਾਂ ਦਾ ਸਰੀਰ ਬੇਡੌਲ ਹੋ ਗਿਆ ਅਤੇ ਉਹਨਾਂ ਦੀ ਚਾਲ ਬੇਢੰਗੀ ਹੋ ਗਈ ਜਿਸ ਨਾਲ ਲੋਕੀਂ ਉਹਨਾਂ ਦਾ ਮਜ਼ਾਕ ਉਡਾਉਣ ਲੱਗੇ। ਇਸ ਨਾਲ ਉਹ ਇਕਾਂਤ ਪ੍ਰੇਮੀ ਹੋ ਗਏ ਅਤੇ ਉਹਨਾਂ ਪੁਸਤਕਾਂ ਨਾਲ ਮਿਤ੍ਰਤਾ ਪਾ ਲਈ। ਸਰੀਰ ਦੇ ਬੇਡੌਲ ਹੋਣ ਤੇ ਵੀ ਮਨ ਨੂੰ ਸੁਡੌਲ ਬਣਾ ਕੇ ਉਹਨਾਂ ਨੇ ਸਾਰੀ ਘਾਟ ਪੂਰੀ ਕਰਨ ਦਾ ਪੱਕਾ ਇਰਾਦਾ ਬਣਾ ਲਿਆ। ਇਸ ਨਾਲ ਉਹ ਵਿਦਿਆ ਦੇ ਉਪਾਸ਼ਕ ਬਣ ਗਏ। ਉਹਨਾਂ ਦੀ ਇਸ ਕਰੂਪਤਾ ਦੇ ਤਿੱਖੇ ਮਾਨਸਿਕ ਦੁਖ ਵਿਚ ਹੀ ਉਹਨਾਂ ਦੇ ਸੁੰਦਰਤਾ-ਪ੍ਰੇਮੀ ਦਾ ਰਾਜ਼ ਛੁਪਿਆ ਹੋਇਆ ਸੀ। ਕਰੂਪਤਾ ਨੂੰ ਉਹ ਜੀਵਨ ਦਾ ਸਰਾਪ ਕਿਹਾ ਕਰਦੇ ਸਨ। ਕਰੂਪਤਾ ਕਰਕੇ ਹੀ ਉਹਨਾਂ ਦਾ ਜਿਹੜਾ ਮਜ਼ਾਕ ਉਡਿਆ ਸੀ ਉਸੇ ਕਰਕੇ ਉਹਨਾਂ ਦੀ ਇਹ ਧਾਰਨਾ ਬਣ ਗਈ ਸੀ। ਅਤੇ ਇਸੇ ਕਰਕੇ ਬੌਧਿਕਤਾ ਦੇ ਨਾਲ ਨਾਲ ਸੁੰਦਰਤਾ ਪ੍ਰੇਮ ਵੀ ਉਹਨਾਂ ਦੀ ਪ੍ਰਤਿਭਾ ਦਾ ਇਕ ਅੰਗ ਬਣ ਗਿਆ ਸੀ।

ਸਕੂਲ ਦੇ ਜੀਵਨ ਵਿਚ ਸ੍ਰੀਪਾਦ ਕ੍ਰਿਸ਼ਣ ਦੀ ਰੁਚੀ ਨਾਟ-ਕਲਾ ਵਿਚ ਵਧ ਗਈ ਸੀ। ਸੁਭਾਵਿਕ ਤੌਰ ਤੇ ਮਰਾਠੀ, ਨਾਟਕ ਦੇ ਪਿਆਰੇ ਹੁੰਦੇ ਹਨ। ਮਹਾਂਰਾਸ਼ਟਰ ਦੀ ਵਧੇਰੇ ਰੁਚੀ ਦੇ ਦੋ ਵਿਸ਼ੇ ਹਨ—ਇਕ 'ਰਾਜਨੀਤੀ' ਅਤੇ ਦੂਜਾ 'ਨਾਟਕ'। ਆਪਣੇ ਸਮੇਂ ਦੇ ਮਹਾਂਰਾਸ਼ਟਰ ਵਿਚ ਨਾਟਕ-ਪ੍ਰੇਮ ਦਾ ਹਾਸਰਸੀ ਵਰਣਨ ਖੁਦ ਕੋਲਹਟਕਰ ਨੇ 'ਸੰਗੀਤ ਸ਼ਾਪਸੰਭ੍ਰਮ' ਨਾਂ ਦੇ ਨਾਟਕ ਦੀ ਸਮੀਖਿਆ ਕਰਦਿਆਂ ਕੀਤਾ ਹੈ। ਥੋੜੇ ਜਿਹੇ ਵਿਅੰਗਾਤਮਕ ਸੁਰ ਵਿਚ ਉਹਨਾਂ ਲਿਖਿਆ—"ਨਾਇਕ ਅਤੇ ਨਾਇਕਾ ਦਾ ਬਿਰ੍ਹਾ ਹੀ 'ਦਵੈਤ' ਅਤੇ ਉਹਨਾਂ ਦਾ ਮਿਲਣ ਹੀ 'ਅਦਵੈਤ' ਹੈ, ਅਜਿਹਾ ਅੱਜ ਕਲ ਦਾ ਤਤਗਿਆਨ ਹੋ ਗਿਆ ਹੈ। ਫਰਾਂਸ ਅਤੇ ਜਰਮਨੀ ਵਿਚ ਪਿਛਲੇ ਦਿਨੀਂ ਜਿਹੜੀ ਲੜਾਈ ਹੋਈ ਸੀ ਉਸ ਦੀ ਜਾਣਕਾਰੀ ਨਾਲੋਂ 'ਵਿਕ੍ਰਮ ਅਤੇ ਸ਼ਸ਼ੀਕਲਾ' ਵਿਚਕਾਰ ਹੋਏ ਝਗੜੇ ਦੀ ਜਾਣਕਾਰੀ ਵਧੇਰੇ ਲਾਭਦਾਇਕ ਸਮਝੀ ਜਾਂਦੀ ਹੈ।"ਨਿਰਸੰਦੇਹ ਇਹਨਾਂ ਨੇ ਇਸ ਆਲੋਚਨਾ ਦਾ ਵਿਸ਼ਾ ਉਚ ਕੋਟੀ ਦੇ ਨਾਟਕਾਂ ਨੂੰ ਨਹੀਂ ਬਣਾਇਆ। ਉਹਨਾਂ ਦੀ ਧਾਰਨਾ ਸੀ ਕਿ ਨਾਟ-ਕਲਾ ਸਾਰੀਆਂ ਕਲਾਵਾਂ ਤੋਂ ਉੱਤਮ ਹੈ। ਉਹ ਇਸੇ ਕਰਕੇ ਨਾਟਕਾਂ ਵਲ ਝੁਕ ਗਏ। ਨਾਟਕ ਸਾਹਿਤ ਵਲ ਝੁਕਣ ਦਾ ਸਭ ਤੋਂ ਪਹਿਲਾ ਕਾਰਣ ਉਹਨਾਂ ਦੇ ਦਾਦਾ ਸ੍ਰੀ ਮਹਾਂਦੇਵ ਸ਼ਾਸ਼ਤ੍ਰੀ ਕੋਲਹਟਕਰ ਦੇ ਰਚੇ ਹੋਏ ਸ਼ੇਕਸਪੀਅਰ ਦੇ 'ਓਥੈਲੋ' ਨਾਟਕ ਦਾ ਮਰਾਠੀ ਅਨੁਵਾਦ ਸੀ। ਉਸ ਸਮੇਂ ਦੇ ਪ੍ਰਸਿਧ ਨਾਟਕਕਾਰ ਸ਼ੰਕਰ ਮੋਰੋ ਰਾਨਾਡੇ ਦੇ ਮੌਲਿਕ ਅਤੇ ਅਨੁਵਾਦਿਤ ਨਾਟਕ ਉਨ੍ਹਾਂ ਨੇ ਪੜ੍ਹੇ। ਰਾਨਾਡੇ ਜੀ ਨੇ ਕਈ ਪਛਮੀ ਨਾਟਕਾਂ ਦਾ ਮਰਾਠੀ ਵਿਚ ਅਨੁਵਾਦ ਕੀਤਾ ਸੀ।

ਕੋਲਹਟਕਰ ਦੀ ਪਛਮੀ ਨਾਟਕਾਂ ਨਾਲ ਪਹਿਲੀ ਜਾਣ ਪਛਾਣ ਇਹਨਾਂ ਰਾਹੀਂ ਹੀ ਹੋਈ ਸੀ। ਉਹਨੀਂ ਦਿਨੀਂ ਅੱਪਾ ਸਾਹਿਬ ਕਿਰਲੋਸਕਰ ਦੇ ਪੁਰਾਣਿਕ ਸੰਗੀਤ ਨਾਟਕ ਵੀ ਬਹੁਤ ਲੋਕ-ਪ੍ਰਿਏ ਹੋ ਗਏ ਸਨ। ਜਦੋਂ ਉਹ ਅਕੋਲਾ ਵਿਖੇ ਸਕੂਲ ਵਿਚ ਪੜ੍ਹਦੇ ਸਨ, ਉਹਨੀਂ ਦਿਨੀਂ ਉਹਨਾਂ ਨੇ 'ਸੰਗੀਤ ਸੌਭਦਰ' ਨਾਮ ਦਾ ਨਾਟਕ ਕੀਤਾ। ਉਸ ਸਰਵਗੁਣ ਸੰਪੂਰਣ ਨਾਟਕ ਦਾ ਉਹਨਾਂ ਦੇ ਮਨ ਉਤੇ ਬਹੁਤ ਡੂੰਘਾ ਅਸਰ ਪਿਆ। ਪੰਜਵੀਂ ਸ਼੍ਰੇਣੀ ਵਿਚ ਉਹਨਾਂ ਨੇ ਕਿਰਲੋਸਕਰ ਦੇ 'ਸ਼ਾਕੁੰਤਲ' ਦੀਆਂ ਲੀਹਾਂ 'ਤੇ ਇਕ ਨਾਟਕ ਅਤੇ ਸਤਵੀਂ ਸ਼੍ਰੇਣੀ ਵਿਚ ਸ੍ਰੀ ਮੋਰੋਸ਼ੰਕਰ ਰਾਨਾਡੇ ਤੋਂ ਪ੍ਰਭਾਵਿਤ ਹੋਕੇ ਦੂਜਾ ਨਾਟਕ ਲਿਖਣ ਦਾ ਯਤਨ ਕੀਤਾ। ਉਸ ਤੋਂ ਦੋ ਵਰ੍ਹੇ ਮਗਰੋਂ, ਉਹਨਾਂ ਨੇ, 'ਸੁਖਮਾਲਿਕਾ' ਨਾਂ ਦਾ ਇਕ ਨਾਟਕ ਲਿਖਿਆ। ਇਸ ਨਾਕਟ ਬਾਰੇ ਕੋਲ੍ਹਟਕਰ ਆਪਣੇ ਜੀਵਨ ਚਰਿਤ੍ਰ ਵਿਚ ਇਸ ਪ੍ਰਕਾਰ ਲਿਖਦੇ ਹਨ—"ਇਸ ਨਾਟਕ ਵਿਚ ਅਨੇਕ ਅਤਿ-ਰਸੀਲੀਆਂ ਕਲਪਨਾਵਾਂ ਸਨ। ਅਤੇ ਚੌਥੇ ਦ੍ਰਿਸ਼ ਵਿਚ ਹਾਸਰਸ ਵੀ ਚੋਖਾ ਸੀ।" ਜਦੋਂ ਕਿਰਲੋਸਕਰ ਮੰਡਲੀ ਅਕੋਲਾ ਆਈ, ਉਸ ਵੇਲੇ ਇਸ ਬਾਲ ਨਾਟਕਕਾਰ ਨੇ ਉਸ ਮੰਡਲੀ ਦੇ ਇਧਰ ਉਧਰ ਕਈ ਚੱਕਰ ਕੱਟੇ। ਪਰ ਉਸ ਦਾ ਸੁਭਾਅ ਖੁਲ੍ਹਾ ਡੁਲ੍ਹਾ ਨਾ ਹੋਣ ਕਰਕੇ, ਉਹ ਉਹਨਾਂ ਲੋਕਾਂ ਨਾਲ ਗੱਲਬਾਤ ਨਾ ਕਰ ਸਕਿਆ। ਸੰਜੋਗ ਦੀ ਗੱਲ ਦੇਖੋ, ਕਿ ਅੱਗੇ ਚੱਲਕੇ ਇਸੇ ਕਿਰਲੋਸਕਰ ਮੰਡਲੀ ਨੇ ਇਨ੍ਹਾਂ ਦੇ ਅਨੇਕਾਂ ਨਾਟਕ ਰੰਗਮੰਚ ਤੇ ਖੇਡੇ।

ਸਕੂਲ ਜੀਵਨ ਵਿਚ ਉਹ ਅਧਿਅਨ ਕਰਦੇ ਰਹੇ। ਚਿਪਲੂਣਕਰ ਜੀ ਦੀ ਨਿਬੰਧ, ਐਡੀਸ਼ਨ ਅਤੇ ਗੋਲਡ ਸਮਿਥ ਦੇ ਲੇਖ, ਸਕਾਟਸ ਰੇਨਾਲਡਸ ਆਦਿਕ ਦੇ ਨਾਵਲ ਉਨ੍ਹਾਂ ਨੇ ਪੜ੍ਹੇ। ਜਿਨ੍ਹਾਂ ਨਾਲ ਉਹਨਾਂ ਨੂੰ ਅੰਗ੍ਰੇਜ਼ੀ ਅਤੇ ਮਰਾਠੀ ਦੋਹਾਂ ਭਾਸ਼ਾਵਾਂ ਦੇ ਸਾਹਿਤ ਦਾ ਚੰਗਾ ਗਿਆਨ ਹੋ ਗਿਆ। ਮੈਟ੍ਰਿਕ ਵਿਚ ਪੜ੍ਹਦੇ ਸਮੇਂ ਉਹ ਮਰਾਠੀ ਵਜ਼ੀਫੇ ਦੀ ਪ੍ਰੀਖਿਆ ਵਿਚ ਪਹਿਲੇ ਨੰਬਰ ਤੇ ਆਏ। ਉਸ ਵੇਲੇ ਦੀ ਪ੍ਰਥਾ ਅਨੁਸਾਰ ਉਹਨਾਂ ਦਾ ਵਿਆਹ ਪੰਦਰ੍ਹਵੇਂ ਵਰ੍ਹੇ 'ਚ ਹੋ ਗਿਆ। ਇਸ ਵਿਆਹ ਬਾਰੇ ਉਹ ਆਪਣੇ ਆਤਮ ਚਰਿਤ੍ਰ ਵਿਚ ਲਿਖਦੇ ਹਨ—"ਵਿਆਹ ਨਿਸ਼ਚਿਤ ਹੋਣ ਤੋਂ ਪਹਿਲਾਂ ਵਰ ਅਤੇ ਵਹੁਟੀ ਦੇ ਮਾਤਾ ਪਿਤਾ ਨੇ ਵਹੁਟੀ ਅਤੇ ਵਰ ਨੂੰ ਵੇਖਿਆ ਨਹੀਂ ਸੀ। ਮੈਂ ਅਤੇ ਮੇਰੇ ਚਾਚਾ ਜੀ ਦੋਨੋਂ ਹੀ ਚਾਹੁੰਦੇ ਸਾਂ ਕਿ ਬੀ. ਏ ਪਾਸ ਹੋਣ ਵੇਲੇ ਤਕ ਵਿਆਹ ਨਾ ਹੋਵੇ। ਪਰ ਪਿਤਾ ਜੀ ਉਤੇ ਇੰਨਾ ਦਬਾਅ ਪਾਇਆ ਗਿਆ ਕਿ ਵਿਆਹ ਲਈ ਰਾਜ਼ੀ ਹੋਣ ਤੋਂ ਬਿਨਾਂ ਉਹਨਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ।"

ਸ੍ਰੀਪਾਦ ਕ੍ਰਿਸ਼ਣ ਲਈ ਇਹ ਵਿਆਹ ਕੋਈ ਵਧੇਰੇ ਸੁਖਦਾਈ ਨਹੀਂ ਰਿਹਾ। ਉਹਨਾਂ ਦੀ ਪਤਨੀ ਸੁਗ੍ਰਹਿਣੀ ਸੀ ਪਰ ਉਹਨਾਂ ਵਰਗੇ ਸੁੰਦਰ ਪਤੀ ਦੀ ਪਤਨੀ ਬਣਨ ਦੀ ਯੋਕਤਾ ਉਹਦੇ ਵਿਚ ਨਹੀਂ ਸੀ। ਨਿਰਸੰਦੇਹ ਇਸ ਵਿਚ ਉਸਦਾ ਕੋਈ ਕਸੂਰ ਨਹੀਂ ਸੀ। ਆਧੁਨਿਕ ਵਿਦਿਆ ਤੋਂ ਪ੍ਰਭਾਵਿਤ ਬੁਧੀਮਾਨ ਪਤੀ ਅਤੇ ਅਨਪੜ੍ਹ ਪਤਨੀ ਦਾ ਨਰੜ ਉਸ ਵੇਲੇ ਮਹਾਂਰਾਸ਼ਟਰ ਵਿਚ ਹਰ ਥਾਂ ਮਿਲ ਜਾਂਦਾ ਸੀ। ਸਿਖਿਆ ਦਾ ਲਾਭ ਪੁਰਸ਼ਾਂ ਨੂੰ ਜਿੰਨੀ ਛੇਤੀ ਅਤੇ ਜਿੰਨੀ ਮਾਤ੍ਰਾ ਵਿਚ ਪ੍ਰਾਪਤ ਹੋਇਆ, ਉੱਨੀ

ਮਾਤ੍ਰਾ ਵਿਚ ਸਮਾਜਕ ਬੰਧਨਾਂ ਵਿਚ ਬੰਨ੍ਹੀਆਂ ਇਸਤ੍ਰੀਆਂ ਨੂੰ ਪ੍ਰਾਪਤ ਨਹੀਂ ਹੋਇਆ। ਸ਼ਿਆਮ ਸੁੰਦਰ ਨਾਮ ਦੇ ਨਾਵਲ ਵਿਚ ਇਸ ਵਿਖਮਤਾ ਦਾ ਦਰਦਮਈ ਵਰਨਣ ਕੀਤਾ ਹੈ। ਉਹ ਲਿਖਦੇ ਹਨ—"ਜੀਵਨ ਰੂਪੀ ਰਥ ਦਾ ਇਕ ਪਹੀਆ ਅਸਲੀ ਪੇਸ਼ਵਾਈ ਢੰਗ ਦਾ ਛੋਟਾ,ਭਾਰੀ ਅਤੇ ਟੇਢਾਮੇਢਾ ਹੈ ਤਾਂ ਦੂਜਾ ਪਹੀਆ ਇਕਦਮ ਅੰਗ੍ਰੇਜ਼ੀ ਨਮੂਨੇ ਦਾ ਵੱਡਾ ਹਲਕਾ ਅਤੇ ਸੁਡੌਲ ਹੁੰਦਾ ਸੀ। ਇਸ ਕਰਕੇ ਪਹੀਏ ਵਿਚ ਸਨੇਹ (ਚਿਕਨਾਈ) ਰਹਿਣ ਤੇ ਵੀ ਸਦਾ ਖੜਖੜ ਹੁੰਦੀ ਰਹਿੰਦੀ ਸੀ।" ਇਸੇ ਕਰਕੇ ਉਹਨਾਂ ਨੇ ਆਪਣੇ ਨਾਟਕਾਂ ਵਿਚ ਇਕਸਾਰ ਲਾੜਾ ਲਾੜੀ ਦੇ ਪ੍ਰੇਮ ਵਿਆਹ ਦੇ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਉਹਨਾਂ ਦੇ ਬਾਰਾਂ ਨਾਟਕਾਂ ਵਿਚੋਂ ਛੇ ਨਾਟਕਾਂ ਦਾ ਵਿਸ਼ਾ ਇਹੀ ਸਿਧਾਂਤ ਹੈ। ਇਕ ਸਮੀਖਿਆਕਾਰ ਅਨੁਸਾਰ ਮਨੁਖ ਦੇ ਜੀਵਨ ਵਿਚ ਨਿਸ਼ਚਿਤ ਰੂਪ ਵਿਚ ਉਤਪੰਨ ਹੋਣ ਵਾਲੀ ਇਸ ਸਮਸਿਆ ਦਾ ਮਹੱਤਵ ਉਹਨਾਂ ਦੀ ਨਿਗਾਹ ਵਿਚ ਬਹੁਤ ਜ਼ਿਆਦਾ ਸੀ। ਇਸਦਾ ਰਾਜ਼ ਉਸ ਸਮੇਂ ਦੀ ਸਮਾਜਿਕ ਸਥਿਤੀ ਤੇ ਉਨ੍ਹਾਂ ਦੇ ਆਪਣੇ ਅਸਫਲ ਵਿਆਹ ਦੀ ਕਹਾਣੀ ਵਿਚ ਛੁਪਿਆ ਹੋਇਆ ਹੈ।

ਸੰਨ ੧੮੮੮ ਵਿਚ ਮੈਟ੍ਰਿਕ ਪਾਸ ਕਰਕੇ ਉੱਚ ਵਿਦਿਆ ਲੈਣ ਲਈ ਉਹ ਪੂਨਾ ਵਿਖੇ ਦੱਖਣ ਕਾਲਿਜ ਵਿਚ ਦਾਖਲ ਹੋਏ। ਉਹਨਾਂ ਵਿਚ ਪ੍ਰਕਾਸ਼ਮਾਨ ਕਲਾ-ਮਈ ਗੁਣਾਂ ਦੇ ਵਿਕਾਸ ਲਈ ਉਹਨਾਂ ਨੂੰ ਅਨੁਕੂਲ ਵਾਤਾਵਰਣ ਉਥੇ ਹੀ ਮਿਲਿਆ। ਸੰਸਕ੍ਰਿਤ "ਮ੍ਰਿਛੱਕਟਿਕ" ਨਾਟਕ ਦੇ ਖੇਡਣ ਦੀ ਤਿਆਰੀ ਲਈ ਉਹਨਾਂ ਨੇ ਚੋਖੀ ਮਿਹਨਤ ਕੀਤੀ। ਉਸ ਵਿਚ ਉਹਨਾਂ ਨੇ ਸ਼ਿਕਾਰ ਦਾ ਕੰਮ ਕੀਤਾ। ਨਰਸਿੰਘ ਚਿਤਾਮਣ ਕੇਲਕਰ, ਵਿਸ਼ਵਨਾਥ ਕਾਸ਼ੀਨਾਥ ਰਾਜਵਾੜੇ, ਸ਼ਿਵਰਾਮ ਮਹਾਂਦੇਵ ਪਰਾਂਜਪੇ, ਸ਼ਾਂਤਾਰਾਮ ਅਨੰਤ ਦੇਸਾਈ ਜਿਹੇ ਅਨੇਕ ਬੁਧੀਮਾਨ ਅਤੇ ਰਸੀਏ ਮਿਤ੍ਰਾਂ ਨਾਲ ਰਹਿਣ ਨਾਲ ਉਹਨਾਂ ਦੀ ਪ੍ਰਤਿਭਾ ਨੂੰ ਵਿਕਸਿਤ ਹੋਣ ਦਾ ਸਮਾਂ ਮਿਲਿਆ। ਪਰ ਉਹਨਾਂ ਦੇ ਭਾਵਨਾ-ਪ੍ਰਵਾਹ ਉਤੇ ਪਿਆ, ਸਭ ਤੋਂ ਬਹੁਤਾ ਪ੍ਰਭਾਵ ਉਹਨਾਂ ਦੇ ਸੁੰਦਰ ਅਤੇ ਬੁਧੀਮਾਨ ਮਿਤ੍ਰ ਰਘੂਨਾਥ ਸ਼ੰਕਰ ਰਾਨਾਡੇ ਦਾ ਹੈ। ਸੁੰਦਰਤਾ ਅਤੇ ਸਿਆਣਪ ਪ੍ਰਤੀ ਉਹਨਾਂ ਦੇ ਮਨ ਵਿਚ ਬਚਪਨ ਤੋਂ ਹੀ ਬਹੁਤ ਖਿੱਚ ਸੀ। ਸੋ ਨਾਟਕ ਰਚਨਾ ਕਰਦਿਆਂ ਉਹਨਾਂ ਦੇ ਸਾਮ੍ਹਣੇ ਆਦਰਸ਼ ਦੇ ਰੂਪ ਵਿਚ ਉਹਨਾਂ ਦੇ ਇਸ ਮਿਤ੍ਰ ਦਾ ਸੁੰਦਰ ਚਿਹਰਾ ਅਤੇ ਆਕ੍ਰਸ਼ਕ ਨੇਤਰ ਹੀ ਰਿਹਾ ਕਰਦੇ ਸਨ। ਉਹਨਾਂ ਦਾ ਅਨੁਭਵ ਸੀ ਕਿ "ਸੂਖਮ ਸਾਹਿਤ ਲਈ ਲੋੜੀਂਦੀ ਪ੍ਰੇਰਣਾ ਉਦੋਂ ਤਕ ਨਹੀਂ ਮਿਲਦੀ, ਜਦੋਂ ਤਕ ਤੁਹਾਡੇ ਸਾਮ੍ਹਣੇ ਸੁੰਦਰਤਾ ਅਤੇ ਸਪੱਸ਼ਟਤਾ ਦੀ ਉੱਜਲ ਕਲਪਣਾ ਨਾ ਹੋਵੇ। "ਮੂਕ ਨਾਇਕ" ਵਿਚ 'ਓਸ਼ਟ ਅਸਤਿ ਕੋਮਲ ਦੋ ਨਹੀਂ ਰਕਤਵਰਣ ਤਿਆਚੇ। ਪੁਸ਼ਪ ਜਵਿ ਮੁਗਧਾਮਸਥੇਮਾਜੀ ਗੁਲਾਬਾਂਚੇ' ਇਸ ਸੁੰਦਰ ਵਾਕ ਵਿਚ ਉਹਨਾਂ ਨੇ ਆਪਣੇ ਮਿਤ੍ਰ ਦੀ ਕਿਸ਼ੋਰ ਅਵਸਥਾ ਵਿਚ ਹੀ ਪ੍ਰਕਾਸ਼ਮਾਨ ਗੁਲਾਬ ਦੀਆਂ ਪੱਤੀਆਂ ਵਰਗੇ ਦੋਨੋਂ ਕੋਮਲ ਅਤੇ ਸੁਰਖ ਹੋਠਾਂ ਦਾ ਹੀ ਮਨ-ਮੋਹਕ ਸ਼ਬਦ-ਚਿਤ੍ਰ ਪੇਸ਼ ਕੀਤਾ ਹੈ।

ਉਹਨਾਂ ਨੇ ਸੰਨ ੧੮੯੧ ਵਿਚ ਬੀ.ਏ ਕੀਤੀ। ਅਗਲੇ ਸਾਲ ਉਹ ਕਾਨੂੰਨ ਦੀ ਪੜ੍ਹਾਈ ਲਈ ਬੰਬਈ ਚਲੇ ਗਏ। ਉਹਨੀਂ ਦਿਨੀਂ ਬੰਬਈ ਨਗਰ ਭਿੰਨ ਭਿੰਨ ਭਾਸ਼ਾਵਾਂ ਦੇ ਨਾਟਕਾਂ ਦੇ ਖੇਡੇ ਜਾਣ ਦਾ ਕੇਂਦਰ ਬਣਿਆ ਹੋਇਆ ਸੀ। ਇਥੇ ਉਹਨਾਂ

ਨੇ ਅਨੇਕ ਪਾਰਸੀ-ਗੁਜਰਾਤੀ ਨਾਟਕ ਦੇਖੇ ਅਤੇ ਉਹਨਾਂ ਦੇ ਸੰਗੀਤ ਨੂੰ ਮਾਣਿਆ। ਕੋਲਹਟਕਰ ਦੇ ਨਾਟਕਾਂ ਉਤੇ ਪਾਰਸੀ ਨਾਟਕਾਂ ਦਾ ਜੋ ਡੂੰਘਾ ਪ੍ਰਭਾਵ ਦਿਖਾਈ ਦੇ ਰਿਹਾ ਹੈ ਉਸਦਾ ਮੂਲ ਕਾਰਣ ਇਹੀ ਆਪਣੇ ਆਤਮ ਚਰਿਤਰ ਵਿਚ ਉਹਨਾਂ ਨੇ ਪਾਰਸੀ ਰੰਗਮੰਚ ਪ੍ਰਤੀ ਬਹੁਤ ਜ਼ਿਆਦਾ ਖਿੱਚ ਦਾ ਵਰਣਨ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੈ। ਉਹਨਾਂ ਨੇ ਲਿਖਿਆ ਹੈ—"ਪਾਰਸੀ ਮੰਡਲੀਆਂ 'ਹਾਮਾਨੀ' ਗੁਲਬਕਾਵਲੀ, 'ਚਤਰਾਬਕਾਵਲੀ' 'ਖੁਦਾਦਾਦ,' ਆਦਿਕ ਨਾਟਕਾਂ ਨੂੰ ਬਹੁਤ ਚੰਗੀ ਤਰ੍ਹਾਂ ਖੇਡਦੀਆਂ ਸਨ। ਉਹ ਨਾਟਕ ਮੈਨੂੰ ਇੰਨੇ ਪਿਆਰੇ ਹਨ ਕਿ ਉਹਨਾਂ ਸਾਮ੍ਹਣੇ 'ਕਿਰਲੋਸਕਰ ਮੰਡਲੀ' ਵਲੋਂ ਖੇਡੇ ਗਏ ਨਾਟਕ ਰਸਹੀਣ ਜਾਪਦੇ ਹਨ।" ਪਾਰਸੀ ਰੰਗਮੰਚ ਦੀਆਂ ਸੰਗੀਤ ਆਦਿਕ ਵਿਸ਼ੇਸ਼ਤਾਈਆਂ ਨੂੰ ਕੋਲਹਟਕਰ ਨੇ ਮਰਾਠੀ ਰੰਗਮੰਚ ਤੇ ਲਿਆਉਣ ਦਾ ਯਤਨ ਕੀਤਾ ਹੈ। ਉਹਨਾਂ ਨੇ ਆਪਣੇ ਪਹਿਲੇ ਨਾਟਕ ਵਿਚ ਜਿਹੜੇ ਗਾਣੇ ਲਿਖੇ, ਉਹਨਾਂ ਦੀ ਤਰਜ਼ ਭੀ ਪਾਰਸੀ ਨਾਟਕਾਂ ਦੇ ਗਾਣਿਆਂ ਦੀ ਤਰਜ਼ ਵਰਗੀ ਸੀ। ਉਸ ਵਾਸਤੇ ਉਹਨਾਂ ਨੇ ਕਈ ਪ੍ਰਯੋਗਾਂ ਦਾ ਆਸਰਾ ਲਿਆ। ਕਿਸੇ ਤਰਜ਼ ਨੂੰ ਅਪਨਾਉਂ-ਦਿਆਂ ਉਹਨਾਂ ਦੇ ਭਾਈ ਅਤੇ ਸ੍ਰੀ ਗਦਰੇ ਉਸ ਤਰਜ਼ ਵਿਚ ਗਾਏ ਜਾਣ ਵਾਲੇ ਗਾਣੇ ਨੂੰ ਨਾਟਘਰ ਤੋਂ ਬਾਹਰ ਜਾਕੇ ਸੁਣਿਆ ਕਰਦੇ ਸਨ। ਕੋਲਹਟਕਰ ਦੇ ਨਾਟਕਾਂ ਤੇ ਪਾਰਸੀ ਸਟੇਜ ਦੇ ਪ੍ਰਭਾਵ ਨੂੰ ਵੇਖਦਿਆਂ ਸ੍ਰੀ ਕਾਲੇ ਨੇ ਵਿਅੰਗ ਕਰਦਿਆਂ ਲਿਖਿਆ ਹੈ—"ਸਵਹ ਤਾਤਿਆ ਸਾਹਿਬ ਕੋਲਹਟਕਰ ਕੀ ਕੋਈ ਸਵਰੂਪਸ਼ਾਲਿਨੀ, ਸੌਂਦ੍ਰੀਏ-ਸ਼ਾਲਿਨੀ ਮੁਝ ਸੇ ਅਪਨੇ ਮੁਖੜੇ ਕੇ ਬਾਰੇ ਮੇਂ ਪੂਛੇਂ ਤੋ ਮੈਂ ਉਸੇ ਯਹੀ ਉੱਤਰ ਦੂੰਗਾ ਕਿ ਬਹਿਨ ਤੁਮ੍ਹਾਰਾ ਮੁਖੜਾ ਤੋਂ ਬੈਂਡ ਬਾਜੇ ਵਾਲੇ ਕਾ ਸਾ ਹੈ।" ਇਸ ਕਥਨ ਵਿਚ ਸਚਾਈ ਦੀ ਥਾਂ ਅਤ-ਕਥਨੀ ਵਧੇਰੇ ਹੈ, ਤਾਂ ਭੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹਨਾਂ ਦੇ ਨਾਟਕਾਂ ਉਤੇ ਪਾਰਸੀ ਰੰਗਮੰਚ ਦਾ ਚੋਖਾ ਪ੍ਰਭਾਵ ਹੈ।

ਉਹ, ਜਿਨ੍ਹਾਂ ਦਿਨਾਂ ਵਿਚ ਬੰਬਈ ਵਿਖੇ ਕਾਨੂੰਨ ਦੀ ਪੜ੍ਹਾਈ ਕਰ ਰਹੇ ਸਨ, ਓਹਨੀਂ ਦਿਨੀ ਉਹਨਾਂ ਨੇ ਮਾਧਵ ਰਾਉ ਪਾਟਣਕਰ ਦੀ ਲਿਖਿਤ, ਬੰਬਈ ਵਿਚ ਬਹੁਤ ਲੋਕ ਪ੍ਰਿਅ ਸ਼ਿੰਗਾਰ-ਰਸ ਪ੍ਰਧਾਨ ਸੰਗੀਤ ਨਾਟਕ 'ਵਿਕਰਮ-ਸਸ਼ੀਕਲਾ, ਦੀ ਬੜੀ ਤਿਖੀ ਅਲੋਚਨਾ ਛਾਪੀ ਸੀ। ਇਹ ਉਹਨਾਂ ਦੀ ਪਹਿਲੀ ਆਲੋਚਨਾ ਸੀ। ਕੋਲਹਟਕਰ ਬਹੁਤ ਸਖਤ ਨੈਤਿਕਤਾਵਾਦੀ ਨਹੀਂ ਸਨ। ਸੁੰਦਰ ਕਲਪਨਾ ਨਾਲ ਜੜੀ ਹੋਈ ਅਸ਼ਲੀਲਤਾ ਨੂੰ ਭੀ ਉਹ ਆਸਾਨੀ ਨਾਲ ਪ੍ਰਵਾਨ ਕਰ ਲੈਂਦੇ ਸਨ। ਪਰ ਇਸ ਨਾਟਕ ਦੇ ਕਈ ਦ੍ਰਿਸ਼ਾਂ ਵਿਚ 'ਨੈਤਿਕਤਾ ਦਾ ਖੂਨ' ਹੋ ਗਿਆ ਸੀ। ਬੰਬਈ ਵਿਚ ਹਰ ਥਾਂ ਛੋਟੇ ਬਚਿਆਂ ਦੇ ਮੂੰਹਾਂ ਤੋਂ ਭੀ ਇਸ ਨਾਟਕ ਦੇ ਸ਼ਿੰਗਾਰ-ਰਸੀ ਪਦ ਸੁਣੇ ਜਾ ਸਕਦੇ ਸਨ, ਇਸ ਕਰਕੇ, ਕਰੋਧ ਵਿਚ ਆ ਕੇ, ਉਹਨਾਂ ਨੇ ਇਸ ਨਾਟਕ ਦੀ ਕਾਟਵੀਂ ਸਮੀਖਿਆ ਲਿਖੀ। ਇਹ ਸਮੀਖਿਆ ੧੮੯੩ ਵਿਚ 'ਵਿਵਿਧਗਿਆਨ ਵਿਸਤਾਰ' ਵਿਚ ਛਪੀ। ਇਸ ਨਾਲ ਬੜਾ ਰੌਲਾ ਪਿਆ। ਜ਼ੋਰਦਾਰ ਸਮੀਖਿਆ ਦ੍ਰਿਸ਼ਟੀ, ਗੰਭੀਰ-ਅਧਿਐਨ, ਸੂਖਮ ਵਿਸ਼ਲੇਸ਼ਣ ਸ਼ਕਤੀ-ਸਾਹਿਤਕ ਮੂਲਾਂ ਦੀ ਬਹੁਤ ਜਾਣਕਾਰੀ ਆਦਿਕ ਗੁਣਾਂ ਸਹਿਤ ਪਛਮੀ ਪ੍ਰੰਪਰਾ ਦੇ ਇਸ ਸਮੀਖਿਆਤਮਿਕ ਲੇਖ ਨੇ ਆਧੁਨਿਕ ਮਰਾਠੀ ਸਾਹਿਤ-ਸਮੀਖਿਆ ਦੀ ਨੀਂਹ ਰਖੀ। ਪਰ ਚੁਭਣ ਵਾਲੇ ਵਿਅੰਗ ਕਰ ਕੇ ਨਾਟਕਕਾਰ ਜਲ ਭੁਜ ਗਏ। ਨਾਟਕ ਦੇ ਖੇਡੇ

ਜਾਣ ਸਮੇਂ ਇਕ ਅਹੁਦੇਦਾਰ ਨਾਟਕ ਲਿਖਣ ਦਾ ਉਕਾ ਹੀ ਅਨੁਭਵ ਨਹੀਂ, ਉਸਦੀ ਆਲੋਚਨਾ ਦੀ ਮੇਰੀ ਨਿਗਾਹ ਵਿਚ ਕੋਈ ਕੀਮਤ ਨਹੀਂ ਹੈ। ਅਜਿਹੀ ਇਕ ਖੁਲ੍ਹੀ ਚੋਟ ਸ੍ਰੀ ਪਾਟਣਕਰ ਨੇ ਉਹਨਾਂ 'ਤੇ ਕੀਤੀ। ਉਸਨੂੰ ਪ੍ਰਵਾਨ ਕਰ ਕੇ, ਸ੍ਰੀ ਕੋਲਹਟਕਰ ਨੇ ਨਾਟਕ ਲਿਖਣ ਲਈ ਕਲਮ ਉਠਾਈ।

ਇਸ ਤਰ੍ਹਾਂ ਸੰਨ ੧੮੯੩ ਵਿਚ ਕੋਲਹਟਕਰ ਦਾ ਸਾਹਿਤਕ ਜੀਵਨ ਆਰੰਭ ਹੋਇਆ। ਸੰਨ ੧੮੮੫ ਤੋਂ ਲੈਕੇ ੧੯੨੦ ਤਕ ਦਾ ਸਮਾਂ ਮਰਾਠੀ ਸਾਹਿਤ ਦੇ ਇਤਿਹਾਸ ਵਿਚ "ਵਸੰਤ ਬਹਾਰ" ਦਾ ਯੁੱਗ ਮੰਨਿਆ ਜਾਂਦਾ ਹੈ। ਉਂਜ ੧੮੧੮ ਤੋਂ ਮਰਾਠੀ ਸਾਹਿਤ ਦੇ ਰੂਪ ਵਿਚ ਮੌਲਿਕ ਪ੍ਰੀਵਰਤਨ ਦੀ ਪ੍ਰਕਿਰਿਆ ਆਰੰਭ ਹੋ ਗਈ ਸੀ। ਮਰਾਠੀ ਰਾਜ-ਸ਼ਕਤੀ ਦੀ ਗਿਰਾਵਟ ਦੇ ਨਾਲ ਹੀ ਮਰਾਠੀ ਸਾਹਿਤ ਦਾ ਇਕ ਪ੍ਰਭਾਵ-ਸ਼ਾਲੀ ਯੁੱਗ ਵੀ ਖਤਮ ਹੋ ਗਿਆ। ਪਰ ਉਸੇ ਵੇਲੇ ਇਕ ਨਵੇਂ ਸਾਹਿਤਿਕ ਪ੍ਰੀਵਰਤਣ ਦੀ ਹਲਕੀ ਜਿਹੀ ਆਹਟ ਸੁਣਾਈ ਦੇਣ ਲਗੀ। 'ਅੰਗ੍ਰੇਜ਼ੀ' ਸਾਹਿਤ ਦੇ ਵਿਆਪਕ ਪ੍ਰਭਾਵ ਕਾਰਣ, ਭਾਰਤੀ ਲੋਕ-ਜੀਵਨ ਵਿਚ ਜਿਹੜਾ ਮਹੱਤਵਪੂਰਨ ਪ੍ਰੀਵਰਤਨ ਹੋਣ ਲਗਿਆ ਸੀ, ਉਸਦਾ ਪ੍ਰਭਾਵ ਸਾਹਿਤ ਉਤੇ ਭੀ ਜ਼ਰੂਰੀ ਤੌਰ ਤੇ ਪਿਆ। ਦੂਜੇ ਪਾਸੇ ਸਾਹਿਤ ਦੀ ਪ੍ਰਕਿਰਤੀ ਸਰੂਪ, ਪ੍ਰੇਰਣਾ, ਆਦਿਕ ਨਾਲ ਸਬੰਧਿਤ ਧਾਰਨਾਵਾਂ ਵਿਚ ਵੀ ਬੜੇ ਵੇਗ ਨਾਲ ਪ੍ਰੀਵਰਤਣ ਹੋਣ ਲੱਗਿਆ ਸੀ। ਵਿਸ਼ਾ-ਵਸਤੂ ਅਤੇ ਪ੍ਰਗਟਾਅ ਦੋਹਾਂ ਦ੍ਰਿਸ਼ਟੀਆਂ ਤੋਂ ਇਸ ਪ੍ਰੀਵਰਤਣ ਦਾ ਪ੍ਰਭਾਵ ਬਾਲਸ਼ਾਸਤ੍ਰੀ ਜਾਂਭੇਕਰ ਮਹਾਤਮਾਂ ਜਿਓਤਿਬਾ ਫੂਲੇ, ਲੋਕਹਿਤਵਾਦੀ, ਨਿਆਏਮੂਰਤੀ ਮਹਾਦੇਵ ਗੋਬਿੰਦ ਰਾਨਾਡੇ ਆਦਿਕ ਆਰੰਭਿਕ ਅੰਗ੍ਰੇਜ਼ੀ ਲੇਖਕ ਅਤੇ ਵਿਚਾਰਵਾਨ ਵਿਅਕਤੀਆਂ ਦੀ ਲਿਖਤ ਤੇ ਥੋੜੀ ਬਹੁਤ ਮਾਤ੍ਰਾ ਵਿਚ ਦਿਖਾਈ ਦੇਣ ਲਗਿਆ ਸੀ। ਵਿਸ਼ਵ ਵਿਦਿਆਲਿਆਂ, ਸਮਾਚਾਰ ਪਤ੍ਰਾਂ ਅਤੇ ਸਰਕਾਰੀ ਸੰਸਥਾਵਾਂ ਰਾਹੀਂ ਅੰਗ੍ਰੇਜ਼ੀ ਵਿਦਿਆ, ਭਾਸ਼ਾ, ਅਤੇ ਸੰਸਕ੍ਰਿਤੀ ਦੀ ਪ੍ਰੰਪਰਾ ਜਿਵੇਂ ਜਿਵੇਂ ਫੈਲਦੀ ਗਈ ਉਵੇਂ ਉਵੇਂ ਇਸ ਪ੍ਰੀਵਰਤਣ ਦੀ ਪ੍ਰੰਪਰਾ ਵਿਚ ਭੀ ਵਾਧਾ ਹੁੰਦਾ ਗਿਆ।

ਸੰਨ ੧੮੭੪ ਵਿਚ ਜਦੋਂ ਵਿਸ਼ਣੂ ਸ਼ਾਸਤ੍ਰੀ ਚਿਪਲੂਣਕਰ ਦੀ ਯੁਗ ਪਲਟਾਊ 'ਨਿਬੰਧਮਾਲਾ' ਦਾ ਅਰੰਭ ਹੋਇਆ, ਓਦੋਂ ਡਾ: ਅ. ਨ. ਦੇਸ਼ ਪਾਂਡੇ ਦੇ ਕਹਿਣ ਅਨੁ-ਸਾਰ, ਮਰਾਠੀ ਸਾਹਿਤ ਦਾ ਰੂਪ ਬਹੁਤ ਹੀ ਲੋਕ ਪ੍ਰਿਏ, ਉਜੱਲ, ਅਤੇ ਤੇਜ਼-ਵਾਨ ਹੋ ਚੁਕਿਆ ਸੀ। ਇਸਤੋਂ ਮਗਰੋਂ ਲੋਕਮਾਨੇ ਬਾਲਗੰਗਾਧਰ ਤਿਲਕ ਅਤੇ ਗੋਪਾਲ ਗਣੇਸ਼ ਆਗਰਕਰ ਦੇ ਪ੍ਰਭਾਵਸ਼ਾਲੀ ਲੇਖਾਂ ਨਾਲ ਮਹਾਰਾਸ਼ਟਰ ਵਿਚ ਦੋ ਵਿਚਾਰਧਾਰਾਵਾਂ ਚੱਲੀਆਂ। ਇਕ ਪ੍ਰੰਪਰਾ ਪ੍ਰਧਾਨ ਰਾਸ਼ਟਰਵਾਦੀਆਂ ਦੀ ਸੀ ਅਤੇ ਦੂਜੀ ਪੁਰਾਤਨਤਾ ਪ੍ਰੰਪਰਾ ਅਤੇ ਪ੍ਰਥਾ ਆਦਿਕ ਨਾਲ ਸਮਾਜ ਤੋਂ ਮੁਕਤ ਕਰਵਾਉਣ ਦੀ ਇੱਛਾ ਵਾਲੀ ਪਛਮੀ ਸਿਖਿਆ ਤੋਂ ਪ੍ਰਭਾਵਿਤ ਸੁਧਾਰਵਾਦੀਆਂ ਦੀ ਸੀ। ੧੮੮੫ ਮਗਰੋਂ ਜਿਹੜੇ ਲੇਖਕ ਮਰਾਠੀ ਸਾਹਿਤ ਦੇ ਖੇਤ੍ਰ ਵਿਚ ਆਏ, ਉਹ ਆਮ ਤੌਰ ਤੇ ਸੁਧਾਰਵਾਦੀ ਵਿਚਾਰਧਾਰਾ ਵਾਲੇ ਸਨ। ੧੮੯੩ ਵਿਚ ਜਦੋਂ ਉਹਨਾਂ ਨੇ ਕਲਮ ਉਠਾਈ, ਉਦੋਂ ਮਰਾਠੀ ਨਾਵਲ ਸਾਹਿਤ ਦੇ ਜਨਕ ਹਰਿਭਾਊ ਆਪ ਦੇ 'ਮਧਲੀ ਸਥਿਤੀ' 'ਗਣ-ਪਤਰਾਉ', 'ਪਣਲਕਸ਼ਾਂਤ ਕੋਣ ਧੇਤੋਂ' ਨਾਂ ਦੇ ਸਮਾਜਿਕ ਨਾਵਲ ਨਵੇਂ ਨਵੇਂ ਛਪੇ

ਸਨ । ਨਵੇਂ ਯੁੱਗ ਦੇ ਸੂਰਬੀਰ ਕੇਸ਼ਵਸਤ ਦੀ 'ਤੁਤਾਰੀ' (ਤੁਰਹੀ) ਕਾਵਿ-ਖੇਤ੍ਰ ਵਿਚ ਨਵੇਂ ਜੋਸ਼ ਨਾਲ ਦਾਖਲ ਹੋਈ । ਨਾਟਕ ਦੇ ਖੇਤ੍ਰ ਵਿਚ ਕਿਰਲੋਸਕਰ ਦੇ ਪੈਰੋਕਾਰਾਂ ਵਿਚੋਂ ਬਹੁਤ ਪ੍ਰਸਿਧ ਨਾਟਕਕਾਰ ਗੋਬਿੰਦ ਬੱਲਾਠ ਦੇਵਲ ਦੇ ਲਿਖੇ ਨਾਟਕ, ਰਗਮਚ ਉਤੇ ਖੇਡੇ ਜਾਣ ਲੱਗੇ ਸਨ । ਮਰਾਠੀ ਸੂਖਮ ਸਾਹਿਤ ਉਤੇ ਨਿਗਾਹ ਮਾਰੀਏ ਤਾਂ ਸ੍ਰੀ ਵਿ. ਸ. ਖਾਂਡੇਕਰ ਦੇ ਕਥਨਾਨੁਸਾਰ, ਮਰਾਠੀ ਵਿਚ ਜਿਹੜੇ ਉੱਨਤ ਚੋਟੀ ਦੇ ਮੌਲਿਕ ਸਾਹਿਤ ਦਾ ਸਿਰਜਣ ਹੋਇਆ, ਉਹ ਆਪਣੇ ਅਤੇ ਕੋਲਹਟਕਰ ਦੇ ਸਮੇਂ ਤੋਂ ਹੀ ਹੋਇਆ ।

ਮਾਧਵਰਾਉ ਪਾਟਣਕਰ ਦੀ ਆਮਦ ਨੂੰ ਮੰਨਕੇ, ਉਹਨਾਂ ਨੇ ਨਵੀਂ ਪ੍ਰੰਪਰਾ ਦਾ ਪਹਿਲਾ ਨਾਟਕ, 'ਵੀਰਤੱਨਯ' ਲਿਖਿਆ ਅਤੇ ਉਹ ਖੇਡਣ ਲਈ, ਉਹਨਾਂ ਨੇ ਉਸ ਸਮੇਂ ਦੀ ਪ੍ਰਸਿੱਧ ਨਾਟਕ-ਕੰਪਨੀ ਕਿਰਲੋਸਕਰ ਸੰਗੀਤ ਮੰਡਲੀ ਨੂੰ ਦੇ ਦਿਤਾ। ਜਦੋਂ ਤੱਕ ਇਕ ਤੋਂ ਮਗਰੋਂ ਇਕ ਨਵਾਂ ਨਾਟਕ ਨਾ ਹੋਵੇ, ਉਦੋਂ ਤਕ ਜਨਤਾ ਦਾ ਉਚਿਤ ਮਨੋਰੰਜਨ ਨਹੀਂ ਹੋ ਸਕਦਾ, ਇਸ ਵਿਚਾਰ ਨਾਲ ਇਨਾਮ ਦਾ ਐਲਾਨ ਕਰਕੇ, ਇਸ ਕੰਪਨੀ ਨੇ ਲੇਖਕਾਂ ਤੋਂ ਨਵੇਂ ਨਾਟਕ ਮੰਗਵਾਏ । ਇਨਾਮ ਲਈ ਪੇਸ਼ ਕੋਈ ਪੱਚੀ ਨਾਟਕਾਂ ਵਿਚੋਂ ਸ੍ਰੀ ਕੋਲਹਟਕਰ ਦਾ ਨਾਟਕ 'ਵੀਰਤਨਯ' ਹੀ ਅਵੱਲ ਰਿਹਾ । ਇਹ ਗੱਲ ਉਪ੍ਰੰਤ ਮੰਡਲੀ ਦੇ ੨੯ਵੇਂ ਵਾਰਸ਼ਿਕ ਵਰਣਨ ਵਿਚ ਦਰਜ ਹੈ । ਇਸ ਤੋਂ ਪਤਾ ਲਗਦਾ ਹੈ, ਕਿ ਉਹਨੀਂ ਦਿਨੀਂ ਖੇਡੇ ਜਾਣ ਲਈ ਨਵੇਂ ਅਤੇ ਮੌਲਿਕ ਨਾਟਕਾਂ ਦੀ ਕਮੀ ਕਿੰਨੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਸੀ । ਕੋਲਹਟਕਰ ਨੇ ਸ਼ੇਕਸਪੀਅਰ ਦੇ ਨਾਟਕਾਂ ਦੇ ਅਨੁਕਰਣ ਵਿਚ ਕੁਝ ਹਾਸਰਸੀ ਅਤੇ ਕਲਪਣਾ ਪ੍ਰਧਾਨ ਨਾਟਕ ਵੀ ਲਿਖੇ ਸਨ । ਉਦੋਂ ਤੋਂ ਮਰਾਠੀ ਦੇ ਰੰਗਮੰਚ ਤੇ ਇਕ ਨਵੇਂ ਯੁਗ ਦਾ ਆਰੰਭ ਹੋਇਆ ।

ਉਨ੍ਹਾਂ ਨੇ 'ਵੀਰਤਨ੍ਯ' ਮਗਰੋਂ 'ਮੂਕਨਾਇਕ, 'ਗੁਪਤ ਮੰਜੂਸ਼ਾ' 'ਮਤਿਵਿਕਾਰ', 'ਪ੍ਰੇਮਸ਼ੋਧਨ,' ਵਧੂਪਰੀਕਸ਼ਾ' ਆਦਿਕ ਕਈ ਨਾਟਕ ਲਿਖੇ ਜਿਨ੍ਹਾਂ ਨਾਲ ਉਹਨਾਂ ਦਾ ਨਾਮ ਸਾਰੇ ਪਾਸੀਂ ਫੈਲ ਗਿਆ । ਰਹੱਸ ਅਤੇ ਕਲਪਣਾ ਨਾਲ ਭਰਪੂਰ ਮੌਲਿਕ ਵਾਰਤਾਲਾਪ, ਨਵੀਂ ਪ੍ਰੰਪਰਾ ਦੇ ਗੀਤ, ਰਸਭਰਪੂਰ ਗੱਲਬਾਤ ਅਤੇ ਦਿਲ-ਖਿੱਚ ਹਾਸਰਸ ਨਾਲ ਓਤ-ਪ੍ਰੋਤ ਨਾਟਕਾਂ ਨੇ ਮਹਾਂਰਾਸ਼ਟ੍ਰ ਦੀ ਨਵੀਂ ਪੀੜ੍ਹੀ ਨੂੰ ਕੀਲ ਲਿਆ ।

ਜਿਸ ਤੇਜ਼ੀ ਅਤੇ ਉਤਸ਼ਾਹ ਨਾਲ ਸ੍ਰੀ ਕੋਲਹਟਕਰ ਦੇ ਨਾਟਕਾਂ ਦਾ ਸੁਆਗਤ ਹੋਇਆ ਓਨੀ ਹੀ ਵਧੇਰੇ ਉਹਨਾਂ ਦੇ ਨਾਟਕਾਂ ਦੀ ਆਲੋਚਨਾ ਵੀ ਹੋਈ । 'ਰੰਗਭੂਮੀ' ਮਾਹਵਾਰੀ ਰਸਾਲੇ ਦੇ ਪਹਿਲੇ ਅੰਕ ਵਿਚ ਇਸ ਸਬੰਧੀ ਇਕ ਆਲੋਚਨਾ ਛਪੀ ਸੀ । ਉਸਨੂੰ ਪੜ੍ਹਨ ਨਾਲ ਜਾਪਦਾ ਹੈ, ਕਿ ਕੋਲਹਟਕਰ ਦੇ ਨਾਟਕਾਂ ਨੇ ਕਿੰਨਾ ਜ਼ੋਰਦਾਰ ਸਾਹਿਤਕ ਝਗੜਾ ਖੜਾ ਕਰ ਦਿਤਾ ਸੀ । ਸ੍ਰੀ ਕੋਲਹਟਕਰ ਦੇ ਨਾਟਕ ਇਕ ਤਰ੍ਹਾਂ ਦੀ ਵਾਰ ਹਨ । ਜਿਸ ਤਰ੍ਹਾਂ ਵਾਰ ਦੇ ਸ਼ਬਦਾਂ ਨੂੰ ਸੁਣਕੇ ਯੋਧੇ ਹਥਿਆਰਬੰਦ ਹੋ ਕੇ ਮੈਦਾਨ ਵਿਚ ਆ ਜਾਂਦੇ ਹਨ, ਉਸੇ ਤਰ੍ਹਾਂ ਸ੍ਰੀ ਕੋਲਹਟਕਰ ਦੇ ਨਵੇਂ ਨਾਟਕ ਦੇ ਰੰਗਮੰਚ ਉਤੇ ਆਉਂਦਿਆਂ ਹੀ ਸਾਰੇ ਪਾਸਿਆਂ ਤੋਂ ਆਲੋਚਕਾਂ ਦੀ ਫੌਜ ਹੀ ਇਕੱਠੀ ਹੋ

ਜਾਂਦੀ ਹੈ। ਮਰਾਠੀ ਵਿਚ ਅੱਜ ਤੱਕ ਅਨੇਕ ਪਿਆਰੇ ਅਤੇ ਦੁਖਿਆਰੇ ਨਾਟਕ ਖੇਡੇ ਗਏ ਹਨ। ਪਰ ਉਹਨਾਂ ਦੀ ਉਸਤਤ ਜਾਂ ਨਿੰਦਿਆ ਉਸੇ ਸਮੇਂ ਤੱਕ ਹੀ ਸੀਮਿਤ ਰਹਿੰਦੀ ਸੀ। ਅੱਗੇ ਚੱਲਕੇ ਲੋਕੀਂ ਉਹਨਾਂ ਨਾਟਕਾਂ ਅਤੇ ਉਹਨਾਂ ਦੀ ਆਲੋਚਨਾ ਨੂੰ ਭੁਲ ਜਾਂਦੇ ਸਨ। ਪਰ ਕੋਲਹਟਕਰ ਦੇ ਲਿਖੇ ਨਾਟਕਾਂ ਤੇ ਤਾਂ ਆਲੋਚਨਾ ਦਾ ਚੋਖਾ ਸਾਹਿਤ ਭੰਡਾਰ ਬਣ ਗਿਆ ਹੈ।" ਇਹ ਗੱਲ ਉਸ ਆਲੋਚਨਾ ਵਿਚ ਲਿਖੀ ਗਈ ਹੈ। ਉਹ ਕਹਿੰਦੇ ਹਨ : ਮਰਾਠੀ ਭਾਸ਼ਾ ਦੇ ਕਿਸੇ ਵੀ ਨਾਟਕਕਾਰ ਬਾਰੇ ਇੰਨਾ ਭਾਰੀ ਵਾਦਵਿਵਾਦ ਨਹੀਂ ਵੇਖਿਆ ਗਿਆ।

ਪੁਰਾਤਨ ਅਤੇ ਪ੍ਰੰਪਰਾਇਕ ਸੀਮਾਵਾਂ ਨੂੰ ਤਿਆਗ ਕੇ ਸੁਤੰਤਰ ਰਾਹ ਤੇ ਚੱਲਣ ਵਾਲਿਆਂ ਦੇ ਭਾਗਾਂ ਵਿਚ ਸਖਤ ਆਲੋਚਨਾ ਤਾਂ ਹੁੰਦੀ ਹੀ ਹੈ। ਪ੍ਰਸਿੱਧ ਸਮੀਖਿਆ-ਕਾਰ ਸ੍ਰੀ ਪੁ. ਰਾ. ਲੇਲੇ ਲਿਖਦੇ ਹਨ "ਅੰਗ੍ਰੇਜ਼ੀ ਨਾਟਕ ਪੜ੍ਹਕੇ ਪ੍ਰਥਾ ਨੂੰ ਭੰਗ ਕਰਨ ਵਾਲੇ ਸ੍ਰੀ ਕੋਲਹਟਕਰ-ਸਦ੍ਰਿਸ਼ ਬਾਜ਼ ਦੇ ਵੇਗ ਨਾਲ ਉੱਡਣ ਵਾਲੇ ਕਵੀ ਅਤੇ ਪ੍ਰਥਾ ਦਾ ਪਾਲਣ ਕਰਨ ਵਾਲੇ, ਜਿੱਥੇ ਹਨ ਉਥੇ ਬੈਠੇ ਰਹਿਣ ਵਾਲੇ ਅਤੇ ਬਹੁਤ ਹਇਆ ਤਾਂ ਮੁਰਗੀ ਦੀ ਚਾਲ ਉੱਡਣ ਵਾਲੇ ਅਤੇ ਮੌਕਾ ਮਿਲਣ ਤੇ ਪ੍ਰਤੀ ਗਾਮੀ ਆਲੋਚਕਾਂ ਵਿਚਕਾਰ ਜੇ ਝਗੜਾ ਹੋ ਜਾਵੇ, ਤਾਂ ਹੈਰਾਨੀ ਕਿਹੜੀ ਗੱਲ ਦੀ।"

ਕੇਵਲ ਨਾਟਕ ਦੇ ਖੇਤ੍ਰ ਵਿਚ ਹੀ ਨਹੀਂ ਸਗੋਂ ਮਨੋਰੰਜਨ ਅਤੇ ਸਮੀਖਿਆ ਦੇ ਖੇਤ੍ਰ ਵਿਚ ਵੀ ਕੋਲਹਟਕਰ ਨੂੰ ਪਰੰਪਰਾਵਾਦੀ ਪਿਛਾਂਹਖਿਚੂ ਨਿੰਦਕਾਂ ਦਾ ਦੁਖ ਸਹਿਣਾ ਪਿਆ। ਕੋਲਹਟਕਰ ਤੋਂ ਪਹਿਲਾਂ ਮਰਾਠੀ ਸਾਹਿੱਤ ਵਿਚ ਮਨੋਰੰਜਨ ਦੀ ਹੋਂਦ ਹੀਣ ਰੂਪ ਵਿਚ ਹੀ ਅਨੁਭੂਤੀ ਦਾ ਵਿਸ਼ਾ ਬਣਦੀ ਸੀ। ਪੱਛਮੀ ਮਨੋਰੰਜਕ ਨਿਬੰਧਾਂ ਦੇ ਆਧਾਰ ਤੇ ਮਰਾਠੀ ਵਿਚ ਸੁਤੰਤਰ ਮਨੋਰੰਜਕ ਲੇਖਾਂ ਦੀ ਪ੍ਰਥਾ, ਉਹਨਾਂ ਨੇ ਹੀ ੧੯੦੨ ਵਿਚ 'ਯਾਕਸ਼ੀਦਾਰ' ਨਾਂ ਦਾ ਨਵੀਂ ਸ਼ੈਲੀ ਦਾ ਲੇਖ ਲਿਖਕੇ ਸ਼ੁਰੂ ਕੀਤੀ। ਇਸ ਲੇਖ ਨਾਲ, ਮਰਾਠੀ ਸਾਹਿੱਤ ਵਿਚ ਇਕ ਨਵੇਂ 'ਮਨੋਰੰਜਨ ਯੁੱਗ' ਦਾ ਅਰੰਭ ਹੋਇਆ। ਇਹ ਲੇਖ ਸ਼ੁੱਧ ਮਨੋਰੰਜਕ ਰੂਪ ਦਾ ਸੀ। ਉਸਦੇ ਮਗਰੋਂ ਉਹਨਾਂ ਨੇ ੧੯੦੩ ਵਿਚ 'ਕੁਲੁਪ' 'ਸ਼ਿਮਗਾ', 'ਗਣੇਸ਼ ਚਤੁਰਥੀ' ਆਦਿਕ ਮਨੋਰੰਜਕ ਲੇਖਾਂ ਵਿਚ ਸਮਾਜ ਦੀਆਂ ਬੁਰੀਆਂ ਪ੍ਰਥਾਵਾਂ ਉਤੇ ਵਿਅੰਗਮਈ ਸ਼ਬਦਾਂ ਵਿਚ ਬੜਾ ਹੀ ਸਖਤ ਹਮਲਾ ਕੀਤਾ। ਇਸ ਨਾਲ ਅਖੌਤੀ ਸੰਸਕ੍ਰਿਤ ਦੇ ਰਖਿਅਕਾਂ ਦਾ ਰੋਸ ਬਹੁਤ ਵਧ ਗਿਆ। ਇਹ ਲੇਖ ਵਿਵਿਧ-ਗਿਆਨ ਵਿਸਤਾਰ' ਨਾਂ ਦੇ ਮਾਹਵਾਰੀ ਪਤ੍ਰ ਵਿਚ ਛਪਦੇ ਸਨ। ਇਹਨਾਂ ਲੇਖਾਂ ਵਿਚ ਹਿੰਦੂ ਧਰਮ ਦੀ ਸਖਤ ਆਲੋਚਨਾ ਹੁੰਦੀ ਸੀ। ਇਸ ਮਾਹਵਾਰੀ ਪਤ੍ਰ ਦੇ ਸੰਪਾਦਕ ਸ੍ਰੀ ਮੁਰਮਕਰ ਕੋਲ ਬਹੁਤ ਸਾਰੀਆਂ ਸ਼ਕਾਇਤਾਂ ਆਉਣ ਲੱਗੀਆਂ। ਉਸ ਵੇਲੇ ਸ੍ਰੀ ਮੁਰਮਕਰ ਨੇ ਇਹਨਾਂ ਨੂੰ ਕਿਹਾ, ਕਿ ਤੁਸੀਂ 'ਸੁਦਾਮਾ' ਉਪਨਾਮ ਹੇਠ ਲੇਖ ਲਿਖਿਆ ਕਰੋ। ਜਦੋਂ 'ਗਣੇਸ਼ਚਤੁਰਥੀ' ਨਾਂ ਦਾ ਲੇਖ ਛਪਿਆ ਤਾਂ ਮਾਹਵਾਰੀ ਪੱਤ੍ਰ ਦੇ ਗਾਹਕਾਂ ਨੇ ਧਮਕੀ ਦਿੱਤੀ ਕਿ ਅਸੀਂ ਪਤ੍ਰ ਮੰਗਵਾਉਣਾ ਬੰਦ ਕਰ ਦਿਆਂਗੇ। ਇਸ ਤੋਂ ਸਹਿਜੇ ਹੀ ਇਹ ਸੋਚਿਆ ਜਾ ਸਕਦਾ ਹੈ ਕਿ ਵਿਰੋਧ ਕਿੰਨਾ ਤਿੱਖਾ ਰਿਹਾ ਹੋਵੇਗਾ ਅਤੇ ਕੋਲਹਟਕਰ ਦੇ ਵਿਅੰਗਾਤਮਿਕ ਮਨੋਰੰਜਨ ਦੀ ਧਾਵਾ ਸਮਰੱਥਾ ਕਿੰਨੀ ਪਰਬਲ ਰਹੀ ਹੋਵੇਗੀ। ੧੯੦੨ ਤੋਂ ੧੯੨੨ ਤੱਕ ਦੇ ਦੋ ਦਹਾਕਿਆਂ

ਵਿਚ ਉਹਨਾਂ ਨੇ ਮਨੋਰੰਜਕ ਲੇਖ ਲਿਖੇ। ਇਹਨਾਂ ਲੇਖਾਂ ਦਾ ਸੰਗ੍ਰਹਿ "ਸੁਬਾਮਯਾਚੇ ਪੋਹੇ" ਨਾਂ ਹੇਠ ਛਪਿਆ ਅਤੇ ਇਸ ਪੁਸਤਕ ਦਾ ਮਰਾਠੀ ਸਾਹਿੱਤ ਵਿਚ ਬਹੁਤ ਉੱਚਾ ਸਥਾਨ ਹੈ। ਮਨੋਰੰਜਨ ਦੇ ਖੇਤ੍ਰ ਵਿਚ ਇਸ ਕਿਰਤ ਦੀ ਪ੍ਰਸੰਸਾ ਵਿਚ ਸ੍ਰੀ ਨਾ. ਚਿ. ਕੇਲਕਰ ਨੇ ਇਹਨਾਂ ਨੂੰ ਮਨੋਰੰਜਨ ਸੰਸਥਾ ਦਾ ਆਚਾਰੀਆ ਕਿਹਾ ਹੈ।

ਮਰਾਠੀ ਵਿਚ ਪਛਮੀ ਸਾਹਿੱਤ ਦੇ ਵਿਵੇਚਨ ਅਤੇ ਵਿਸ਼ਲੇਸ਼ਣ ਸਹਿਤ ਸਮੀਖਿਆ-ਰਚਨਾ ਦੇ ਆਰੰਭ ਕਰਨ ਦਾ ਸਿਹਰਾ ਸ੍ਰੀ ਕੋਲਹਟਕਰ ਨੂੰ ਹੀ ਪ੍ਰਾਪਤ ਹੈ। 'ਕੋਲਹਟਕਾਂਚਾ ਲੇਖ ਸੰਗ੍ਰਹਿ' ਨਾਂ ਦੀ ਪੁਸਤਕ ਵਿਚ ਉਹਨਾਂ ਦੇ ਜੋ ਭਿੰਨ ਭਿੰਨ ਸਮੀਖਿਆ ਲੇਖ ਸੰਗ੍ਰਹਿਤ ਹੋਏ ਹਨ, ਉਹਨਾਂ ਨੂੰ ਵੇਖਕੇ, ਉਹਨਾਂ ਦੀ ਸੂਖਮ ਵਿਵੇਚਨ-ਬੁੱਧੀ, ਵਿਸ਼ਾਲ ਰਸੀਆਪਣ ਅਤੇ ਸਪੱਸ਼ਟ ਸਮੀਖਿਆ ਦ੍ਰਿਸ਼ਟੀ ਦਾ ਪਤਾ ਲਗਦਾ ਹੈ। ਮਰਾਠੀ ਵਿਚ ਇੰਨੀ ਭਿੰਨਤਾ ਨਾਲ ਭਰਪੂਰ ਅਤੇ ਇੰਨੀ ਵੱਡੀ ਸੰਖਿਆ ਵਿਚ ਸ਼ਾਇਦ ਹੀ ਕਿਸੇ ਹੋਰ ਨੇ ਸਮੀਖਿਆਤਮਿਕ ਲੇਖ ਲਿਖੇ ਹੋਣ।

ਸੰਨ ੧੮੯੭ ਵਿਚ ਉਹਨਾਂ ਨੇ ਕਾਨੂੰਨ ਦੀ ਪਰੀਖਿਆ ਪਾਸ ਕੀਤੀ ਅਤੇ ੧੮੯੮ ਵਿਚ ਸਨਦ ਪ੍ਰਾਪਤ ਕਰਕੇ, ਵਿਦਰਭ ਵਿਚ ਅਕੋਲਾ ਵਿਖੇ ਵਕਾਲਤ ਕਰਨ ਲੱਗੇ। ਉਹ ਉਥੇ ਕੁਝ ਹੀ ਦਿਨ ਰਹਿ ਸਕੇ। ਉਹ ਉਸੇ ਵਰਸ਼ ਤੇਲਹਾਰਾ ਨਾਂ ਦੇ ਥਾਂ ਤੇ ਚਲੇ ਗਏ। ਉਹ ਉਥੇ ਛੇ ਵਰ੍ਹੇ ਰਹੇ। ਉਹਨਾਂ ਨੇ ਉਥੋਂ ਕਾਵਿ-ਰਚਨਾ ਦੇ ਨਾਲ ਨਾਲ ਮਨੋਰੰਜਕ ਲੇਖ-ਰਚਨਾ ਵੀ ਚਾਲੂ ਰਖੀ। ਉਹਨਾਂ ਨੇ ਆਪਣੇ ਅੱਤ ਲੋਕ-ਪਿਆਰੇ ਲੇਖ-ਸਾਕਸ਼ੀਕਾਰ, ਕੁਲੁਪ, ਸ਼ਿਮਗਾ, ਗਣੇਸ਼ਚਤੁਰਥੀ, ਸ੍ਰਾਵਣੀ, ਆਦਿ ਵੀ ਵਿਦਰਭ ਦੇ ਇਸ ਛੋਟੇ ਜਿਹੇ ਪਿੰਡ ਵਿਚ ਬੈਠਕੇ ਹੀ ਲਿਖੇ ਸਨ। ਉਹਨਾਂ ਦੀ ਪੁਸਤਕ-'ਸੁਦਾਮਯਾਂਚੇ ਪੋਹੇ'—ਜਿਹੜੇ ਦੋ ਅਪਰ-ਵਿਅਕਤੀ ਚਿਤ੍ਰ 'ਬੰਡੂਨਾਨਾ' ਅਤੇ 'ਪਾਂਡੂ-ਤਾਤਯਾ' ਅੰਕਿਤ ਕੀਤੇ ਗਏ ਹਨ, ਉਹ ਉਹਨਾਂ ਨੂੰ ਤੇਲਹਾਰਾ ਦੀ ਅਦਾਲਤ ਵਿਚ ਹੀ ਲੱਭੇ ਸਨ। ਉਹ ਆਪਣੇ ਆਤਮ-ਚਰਿਤ੍ਰ ਵਿਚ ਲਿਖਦੇ ਹਨ: "ਜਦੋਂ ਮੈਂ ਤੇਲਹਾਰਾ ਵਿਚ ਰਹਿੰਦਾ ਸਾਂ, ਓਹਨੀਂ ਦਿਨੀਂ ਉਥੋਂ ਦੀ ਅਦਾਲਤ ਵਿਚ ਇਕ ਬੰਡੂਨਾਨਾ ਨਾਂ ਦਾ ਇਕ ਸੁਣਵਾਈ ਕਰਮਚਾਰੀ ਅਤੇ ਤਾਤਿਆਬਾ ਚਾਂਦੇਕਰ ਨਾਂ ਦਾ ਇਕ ਜ਼ਬਤੀ ਕਰਮਚਾਰੀ ਕੰਮ ਕਰਦੇ ਸਨ। ਉਹਨਾਂ ਨੂੰ ਵੇਖਕੇ ਹੀ, ਮੈਨੂੰ ਇਸ ਜੋੜੀ ਦੀ ਗੱਲ ਸੁੱਝੀ।" ਅੱਗੇ ਚੱਲ ਕੇ, ੧੯੦੫ ਵਿਚ ਜਦੋਂ ਇਹ ਅਦਾਲਤ ਖਾਮ ਪਿੰਡ ਚਲੀ ਗਈ, ਉਦੋਂ ਤੱਕ ਸ੍ਰੀ ਕੋਲਹਟਕਰ ਵੀ ਖਾਸ ਪਿੰਡ ਚਲੇ ਗਏ ਸਨ।

ਉਹਨਾਂ ਦੀ ਵਕਾਲਤ ਖਾਮ ਪਿੰਡ ਵਿਚ ਚੰਗੀ ਚੱਲੀ। ਇਸ ਬਾਰੇ ਉਹ ਆਪਣੇ ਆਤਮ-ਚਰਿਤ੍ਰ ਵਿਚ ਲਿਖਦੇ ਹਨ, "ਮੇਰਾ ਵਕੀਲੀ ਦਾ ਧੰਧਾ ਚੰਗਾ ਚੱਲ ਰਿਹਾ ਸੀ।" ਪਰ ਉਹਨਾਂ ਦਾ ਧਿਆਨ ਪੈਸੇ ਨਾਲੋਂ ਜਸ਼ ਪ੍ਰਾਪਤ ਕਰਨ ਵਲ ਵਧੇਰੇ ਸੀ। ਉਹਨਾਂ ਦਾ ਨਾਟਕ, ਸਮੀਖਿਆ, ਮਨੋਰੰਜਕ ਨਿਬੰਧ ਆਦਿਕ ਦਾ ਲਿਖਣਾ ਕੰਵਾਰੀ-ਉਮਰ ਤੋਂ ਚਲ ਰਿਹਾ ਸੀ। ਖਾਮ ਪਿੰਡ ਵਿਚ ਉਹਨਾਂ ਨੇ ਕਹਾਣੀਆਂ ਵੀ ਲਿਖਣੀਆਂ ਸ਼ੁਰੂ ਕੀਤੀਆਂ। ੧੯੧੦ ਤੋਂ ੧੯੧੨ ਤੱਕ ਉਹਨਾਂ ਦੀਆਂ ਚਾਰ ਕਹਾਣੀਆਂ ਛਪੀਆਂ: ਗਾਣਾਰੇ ਯੰਤ੍ਰ ਪਤੀਹਾਰ, ਸਤ੍ਰੀਚਾ, ਅਲੰਕਾਰ, ਸੰਪਾਦਿਕਾ ਅਤੇ ਗਰੀਬ ਬਿਚਾਰੇ ਪਾਡਸ।

ਉਹਨਾਂ ਨੇ ਖਾਮ ਪਿੰਡ ਵਿਚ ਇਕ ਖੇਤ ਅਤੇ ਇਕ ਮਕਾਨ ਖਰੀਦਿਆ। ਵਿਦਰਭ ਦੇ ਇਕ ਛੋਟੇ ਜਿਹੇ ਪਿੰਡ ਵਿਚ, ਉਹਨਾਂ ਦਾ ਇਹ ਘਰ ਮਹਾਰਾਸ਼ਟਰੀ ਸਾਹਿੱਤਕ ਸਰਗਰਮੀਆਂ ਦਾ ਇਕ ਕੇਂਦਰ ਹੀ ਬਣ ਗਿਆ। ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਹੁਣ ਇਕ ਵਿਅਕਤੀ ਨਾ ਰਹਿ ਕੇ, ਇਕ ਸੰਸਥਾ ਬਣ ਗਏ ਸਨ। ਉਹਨਾਂ ਦੀ ਵਿਆਪਕ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ, ਮਹਾਰਾਸ਼ਟਰ ਦੇ ਅਨੇਕ ਪ੍ਰਤਿਭਾਸ਼ਾਲੀ ਜੁਆਨ ਉਹਨਾਂ ਦੇ ਨੇੜੇ ਆ ਗਏ। ਕੋਲਹਟਕਰ ਦੀ ਇਹ ਸਾਹਿਤਕ ਪ੍ਰੰਪਰਾ ਮਰਾਠੀ ਸਾਹਿੱਤ ਦੀ ਇਕ ਮਹੱਤਵਪੂਰਨ ਘਟਨਾ ਮੰਨੀ ਜਾਵੇਗੀ। ਗੋਬਿੰਦ ਬੱਲਾਠ ਦੇਵਲ, ਕ੍ਰਿਸ਼ਣਾ ਜੀ ਪ੍ਰਭਾਕਰ ਖਾਡਿਲਕਰ-ਵਰਗੇ ਮਹਾਂਪੁਰਸ਼ਾਂ ਨੇ ਉਹਨਾਂ ਤੋਂ ਪ੍ਰੇਰਨਾ ਲਈ। ਰਾਮ ਗਣੇਸ਼ ਗਡਕਰੀ, ਭਾ. ਵਿ. ਵਰੇਰਕਰ, ਵਿ. ਸ. ਖਾਂਡੇਕਰ ਮ. ਯੰ. ਮਡਖੋਲਕਰ ਆਦਿਕ ਨੇ ਤਾਂ ਉਹਨਾਂ ਨੂੰ ਗੁਰੂ ਹੀ ਮੰਨ ਲਿਆ। ਇਸ ਤੋਂ ਉਹਨਾਂ ਦੀ ਯੁਗ-ਪਲਟਾਊ ਸਾਹਿੱਤਿਕ ਪ੍ਰਤਿਭਾ ਅਤੇ ਆਧੁਨਿਕਤਾ ਦਾ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ। 'ਮਹਾਂਰਾਸ਼ਟਰ ਟਾਈਮਜ਼' ਦੇ ਜੂਨ ੨੭, ੧੯੭੧ ਦੇ ਅੰਕ ਵਿਚ ਪ੍ਰਸਿਧ ਮਰਾਠੀ ਸਾਹਿਤਕਾਰ ਸ੍ਰੀ ਵਿ. ਸ. ਖਾਂਡੇਕਰ ਲਿਖਦੇ ਹਨ, "ਸੰਸਕ੍ਰਿਤ ਅਤੇ ਅੰਗ੍ਰੇਜ਼ੀ ਸਾਹਿਤ ਦਾ ਅਧਿਅਨ ਕਰਦਿਆਂ ਮੈਨੂੰ ਪਤਾ ਲੱਗਿਆ ਕਿ ਅਸੀਂ ਜੋ ਕੁਝ ਉਹਨਾਂ ਭਾਸ਼ਾਵਾਂ ਵਿਚ ਪੜ੍ਹਦੇ ਹਾਂ, ਉਹੋ ਜਿਹਾ ਹੀ ਸਾਹਿਤ-ਸਿਰਜਨ ਸਾਡੀ ਮਰਾਠੀ ਵਿਚ ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਨੇ ਕੀਤਾ ਹੈ।" ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਉਸ ਸਮੇਂ ਦੀ ਪ੍ਰਗਤੀਸ਼ੀਲ-ਮਹਾਰਾਸ਼ਟਰ ਦੀ ਜੁਆਨ-ਪੀੜ੍ਹੀ ਉਹਨਾਂ ਦੇ ਸਾਹਿੱਤ ਪ੍ਰਤੀ ਏਨੀ ਜ਼ਿਆਦਾ ਕਿਉਂ ਵਿਰੋਧੀ ਸੀ। ਨਵੀਨਤ ਅਤੇ ਸੁੰਦਰਤਾ ਉਹਨਾਂ ਦੀ ਪ੍ਰਤਿਭਾ ਦੀ ਬਹੁਤ ਸਾਧਾਰਣ ਵਿਸ਼ੇਸ਼ਤਾ ਸੀ। ਉਹ ਆਪਣੇ ਆਤਮ-ਚਰਿਤ੍ਰ ਵਿਚ ਇਸ ਬਾਰੇ ਲਿਖਦੇ ਹਨ,—"ਸੁੰਦਰ ਅਤੇ ਆਕਰਸ਼ਿਕ ਵਸਤੂ ਤੇ ਆਪਣੀ ਬਿਰਤੀ ਇਕਾਗਰ ਕਰਨ ਨਾਲ ਮੇਰੇ ਮਨ ਨੂੰ ਇਕ ਖਾਸ ਅਨੰਦ ਮਹਿਸੂਸ ਹੁੰਦਾ ਹੈ। ਮੇਰੇ ਜਿੰਨੀ ਸੁੰਦਰਤਾ ਦੀ ਰੁਚੀ ਬਹੁਤ ਘਟ ਲੋਕਾਂ ਵਿਚ ਹੋਵੇਗੀ।" ਉਹਨਾਂ ਦੀ ਸਖਸ਼ੀਅਤ ਵਿਚ ਸੂਖਮ ਕਲਾ ਦੀ ਰੁਚੀ ਅਤੇ ਸੁੰਦਰਤਾ ਲਈ ਅਟੱਲ ਖਿਚ ਵਿਚਰ ਰਹੀ ਸੀ। ਤਾਂ ਭੀ ਉਸ ਵਿਚ ਸੰਜਮ ਬਹੁਤ ਰਹਿੰਦਾ ਸੀ। ਸ੍ਰੀ ਚਿੰਤਾਮਣੀ ਰਾਉ ਕੋਲਹਟਕਰ 'ਬਹੁਰੂਪੀ' ਵਿਚ ਲਿਖਦੇ ਹਨ— "ਜੀਵਨ ਦੀ ਨਵੀਨਤਾ ਲਈ ਚਾਹੇ ਉਹ ਸੁੰਦਰਤਾ ਦੀ ਕਲਪਣਾ ਦੀ ਆਵਾਜ਼ ਦੀ ਜਾਂ ਤਰਜ਼ ਦੀ ਹੋਵੇ, ਉਹਨਾਂ ਦੇ ਮਨ ਵਿਚ ਬਹੁਤ ਜ਼ਿਆਦਾ ਖਿੱਚ ਸੀ, ਪਰ ਨਾਲ ਹੀ ਸੰਜਮ ਵੀ ਸੀ।" ਉਹਨਾਂ ਦਾ ਸੁੰਦਰਤਾ ਪ੍ਰਤੀ ਲਗਾਉ ਅਤੇ ਸੰਜਮ ਤੇ ਚਾਨਣਾ ਪਾਉਣ ਵਾਲੀ ਇਕ ਬੌਧਿਕ ਘਟਨਾ ਉਹਨਾਂ ਦੇ ਜੀਵਨ ਵਿਚ ਆਉਂਦੀ ਹੈ। ਉਸ ਨਾਲ ਉਹਨਾਂ ਦੀ ਸ਼ਖਸੀਅਤ ਦੀਆਂ ਬਰੀਕੀਆਂ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਕ ਵਾਰੀ ਇਕ ਮੁਵੱਕਿਲ ਮੁਕੱਦਮੇ ਦਾ ਫੈਸਲਾ ਆਪਣੇ ਪੱਖ ਵਿਚ ਕਰਵਾਉਣ ਦੇ ਇਰਾਦੇ ਨਾਲ ਪੇਸ਼ ਕਰਨ ਲਈ ਇਕ ਸੁੰਦਰ ਕੁੜੀ ਨਾਲ ਲੈ ਕੇ ਆਇਆ। ਜਦੋਂ ਕੋਲਹਟਕਰ ਨੂੰ ਇਸ ਗੱਲ ਦਾ ਪਤਾ ਲੱਗਿਆ, ਤਾਂ ਉਹ ਇਕ ਦੱਮ ਅੱਗ ਭਬੂਕਾ ਹੋ ਗਏ। ਪਰ ਛੇਤੀ ਹੀ ਉਹਨਾਂ ਦਾ ਸੁੰਦਰਤਾ ਲਈ ਪਿਆਰ ਜਾਗਿਆ, ਅਤੇ ਉਹ ਹਾਸੇ ਵਿਚ

ਬੋਲੇ–ਓ ਭਾਈ, ਜੋ ਕੁਝ ਭੇਟ ਕਰਨਾ ਹੁੰਦਾ ਹੈ, ਉਹ ਵਕ ਲ ਦੇ ਹੱਥੀਂ ਕਰਨਾ ਹੁੰਦਾ ਹੈ, ਇਹ ਤੈਨੂੰ ਪਤਾ ਨਹੀਂ ?" ਉਹ ਮੁਵੱਕਿਲ ਰਾਤ ਨੂੰ ਜਦੋਂ ਉਸ ਸੁੰਦਰ ਕੁੜੀ ਨੂੰ ਲੈ ਕੇ ਵਕੀਲ ਕੋਲ ਆਇਆ ਤਾਂ ਉਸਦੇ ਗੱਠੇ ਸਰੀਰ ਨੂੰ ਵੇਖ ਕੇ ਉਹਨਾਂ ਨੂੰ ਉਹਦਾ ਮੂੰਹ ਵੇਖਣ ਦੀ ਇੱਛਾ ਹੋਈ। ਉਹ ਆਪਣੇ ਦੁਖ ਦੇ ਵੇਗ ਨੂੰ ਛੁਪਾ ਨਾ ਸਕੀ ਅਤੇ ਭੁੱਬਾਂ ਮਾਰ ਮਾਰ ਰੋਣ ਲੱਗੀ। ਉਸ ਵੇਲੇ ਦਿਆਲੂ ਹੋਕੇ ਕੋਲਹਟਕਰ ਨੇ ਪੁਛਿਆ :—"ਭੈਣ, ਤੂੰ ਬਿਲਕੁਲ ਨਾ ਡਰ। ਤੂੰ ਮੇਰੇ ਲਈ ਭੈਣ ਵਰਗੀ ਹੈਂ। ਅਜ ਸਵੇਰੇ ਜਦੋਂ ਇਹ ਵਿਅਕਤੀ ਇਸ ਬੁਰੇ ਕੰਮ ਲਈ ਤੈਨੂੰ ਲਿਆਉਣ ਦੀ ਗੱਲ ਕਰ ਰਿਹਾ ਸੀ, ਮੈਂ ਇਸਨੂੰ ਉਸੇ ਵੇਲੇ ਫਿਟਕਾਰਿਆ ਸੀ।" ਉਸ ਵੇਲੇ ਉਸ ਯੁਵਤੀ ਨੇ ਚਿਹਰੇ ਤੋਂ ਪਰਦਾ ਲਾਹ ਕੇ ਨਿਮਰਤਾ ਸਾਹਿਤ ਉਹਨਾਂ ਨੂੰ ਨਮਸਕਾਰ ਕੀਤੀ। ਕੋਲਹਟਕਰ ਨੇ ਭਰਾ ਵਲੋਂ ਦਿਤਾ ਜਾਣ ਵਾਲਾ ਤੋਹਫ਼ਾ ਦੇ ਕੇ, ਉਸਨੂੰ ਮੋੜ ਦਿਤਾ। ਪਰ ਇਸ ਘਟਨਾ ਨੇ ਉਹਨਾਂ ਦੇ ਮਨ ਨੂੰ ਬਹੁਤ ਅਸ਼ਾਂਤ ਕਰ ਦਿਤਾ। ਮਨ ਦੀ ਓਸ ਪਤਲੀ ਹਾਲਤ ਵਿਚ, ਉਸ ਮੂੰਹ-ਬੰਦ ਬਾਲਕਾ ਤੇ ਉਹਨਾਂ ਨੇ ਇਕ ਸੁੰਦਰ ਕਤਵਿਾ ਲਿਖੀ :-

ਸੁੰਦਰ ਬਦਨ ਨਸੇਲ ਕਸੇ
ਅਵਯਵ ਇਤਰ ਜਰੀ ਸੁਰੁ ਫਿਰਸੇ,
ਲਾਵਣਣਯੇ ਖਚਲੇਲੇ ॥ ਧ੍ਰੂ. ॥
ਐਸੀ ਅਵਯਵ ਪੰਕਤੀ ਸਮਸਿਆ,
ਇਧਲੀ ਜਰਿ ਰਸਿਕਾ ਉਕਲਾਇਆ,
ਪੁਰਵਿਲ ਕਲੁਪਨਿ ਮੋਹਿਕ ਆਸਥਾ
ਸ਼ੰਸ਼ਯ ਜਾਤ ਨਾ ਭਾਸੇ।

———

ਉਹਨਾਂ ਨੇ ਇਹ ਬੰਦ 'ਮਤਿਵਿਕਾਰ' ਨਾਂ ਦੇ ਨਾਟਕ ਵਿਚ ਵਰਤਿਆ। ਕੋਲਹਟਕਰ ਦੀ ਸ਼ਖਸੀਅਤ ਸਰਲ, ਖਿਚਵੀਂ ਅਤੇ ਸਭਿਅਕ ਸੀ। 'ਸੁੰਦਰ ਸਰੀਰ ਉੱਚਾ ਗੋਰਾ ਮੱਥਾ, ਤੇਜਸਵੀ, ਆਤਮਲੀਣ ਅੱਖਾਂ ਅਤੇ ਸੰਪੂਰਨ-ਪ੍ਰਸੰਨ-ਚਿਹਰਾ' ਉਹਨਾਂ ਦਾ ਇਹ ਵਰਣਨ ਸ੍ਰੀ ਮਾਡਖੋਲਕਰ ਨੇ ਕੀਤਾ ਹੈ। ਵਿਰਤੀ ਤੋਂ ਉਹ ਜਿੰਨੇ ਆਧੁਨਿਕ ਸਨ ਪੁਸ਼ਾਕ ਵਿਚ ਉਹ ਉੱਨੇ ਹੀ ਪੁਰਾਤਨ। ਉਹਨਾਂ ਨੂੰ ਸੰਗੀਤ ਨਾਲ ਬਹੁਤ ਦਿਲਚਸਪੀ ਸੀ। ਉਹ ਆਪ ਭੀ ਗਾ ਸਕਦੇ ਸਨ। ਭਾਉਰਾਓ ਕੋਲਹਟਕਰ ਵਰਗੇ ਅਗਰਗਾਮੀ ਸੰਗੀਤਕਾਰ ਨੇ ਉਹਨਾਂ ਤੋਂ ਸੰਗੀਤ ਦੀ ਅਗਵਾਈ ਪ੍ਰਾਪਤ ਕੀਤੀ ਸੀ। ਇਸ ਹਵਾਲੇ ਵਿਚ, ਚਿੰਤਾਮਣਰਾਓ ਕੋਲਹਟਕਰ ਲਿਖਦੇ ਹਨ "ਮਧੁਰ ਸੰਗੀਤਮਈ ਕੰਠ, ਅਤੇ ਸੁੰਦਰਤਾ ਪ੍ਰਤੀ ਉਹਨਾਂ ਦੇ ਮਨ ਵਿਚ ਬਹੁਤ ਜ਼ਿਆਦਾ ਖਿੱਚ ਸੀ। ਉਹਨਾਂ ਦਾ ਆਪਣਾ ਗਲਾ ਬੜਾ ਰਸੀਲਾ ਸੀ। ਉਹਨਾਂ ਦੀ ਲਿਖਤ ਵਿਚ ਜਿੰਨੀ ਸੰਪੂਰਨਤਾ ਸੀ, ਓਨੀ ਹੀ ਉਹਨਾਂ ਦੇ ਗਲੇ ਵਿਚ ਭੀ ਸੀ। ਉਹ ਮੰਦ ਮੱਧਮ ਸੁਰ ਵਿਚ ਗਾਉਂਦੇ ਹੁੰਦੇ ਸਨ ਪਰ ਇਕ ਅੱਛੇ ਸੰਗੀਤਕਾਰ ਲਈ ਭੀ ਉਹਨਾਂ ਦੇ ਨਿਰਦੇਸ਼ਨ ਅਨੁਸਾਰ ਨਾਟਕੀ ਗੀਤਾਂ ਦਾ ਨਿਭਾਉਣਾ ਮੁਸ਼ਕਿਲ ਹੋ ਜਾਂਦਾ ਸੀ।"

ਉਹ ਕੇਵਲ ਸੂਖਮ ਕਲਾਵਾਂ ਵਿਚ ਹੀ ਨਹੀਂ ਸਗੋਂ ਤਾਰਾ-ਵਿਗਿਆਨ ਵਰਗੇ ਗੂੜ੍ਹ ਵਿਗਿਆਨਿਕ ਵਿਸ਼ਿਆਂ ਵਿਚ ਵੀ ਨਿਪੁੰਨ ਸਨ। ੧੯੧੩ ਵਿਚ 'ਭਾਰਤੀਯ ਜਯੋਤਿਰਗਣਿਤ' ਨਾਮ ਦੀ ਉਹਨਾਂ ਦੀ ਇਕ ਪੁਸਤਕ ਛਪੀ। 'ਗ੍ਰਹਿਗਣਿਤ' ਅਤੇ 'ਨਕਸ਼ੱਤਰ-ਵਿਗਿਆਨ' ਨਾਂ ਦੀਆਂ ਪੁਸਤਕਾਂ ਦੀ ਆਪ ਨੇ ਮਾਣ ਨਾਲ ਸਮੀਖਿਆ ਭੀ ਕੀਤੀ। ੧੯੨੦ ਵਿਚ ਸਾਂਗਲੀ ਵਿਚ ਇਕ ਜੋਤਿਸ਼ ਸੰਮੇਲਨ ਹੋਇਆ ਸੀ, ਜਿਸ ਦੀ ਪ੍ਰਧਾਨਗੀ ਆਪ ਨੇ ਹੀ ਕੀਤੀ ਸੀ। ਇਸ ਤੋਂ ਸਪੱਸ਼ਟ ਹੈ, ਕਿ ਉਹਨਾਂ ਨੇ ਇਸ ਖੇਤਰ ਵਿਚ ਭੀ ਕਿੰਨੀ ਸਾਧਨਾ ਕੀਤੀ ਹੋਵੇਗੀ। ਉਹਨਾਂ ਨੇ ਆਪਣੇ ਆਤਮ ਚਰਿੱਤਰ ਵਿਚ ਲਿਖਿਆ ਹੈ—" ਪਹਿਲਾਂ ਮੇਰੀ ਗਣਿਤ ਵਿਚ ਵਧੇਰੇ ਰੁਚੀ ਨਹੀਂ ਸੀ, ਅਤੇ ਉਸ ਲਈ ਮੇਰਾ ਕੋਈ ਵਧੇਰੇ ਸਹਾਇਕ ਵੀ ਨਹੀਂ ਸੀ, ਸੋ ਇਸ ਵਿਸ਼ੇ ਦੇ ਮੁਖ ਸਿਧਾਂਤਾਂ ਨੂੰ ਸਮਝਣ ਲਈ ਮੈਨੂੰ ਬਹੁਤ ਸਮਾਂ ਲਾਉਣਾ ਪਿਆ। ਦਿਮਾਗ਼ ਵਿਚ ਜੋ ਸ਼ੱਕ ਪੈਦਾ ਹੁੰਦੇ ਸਨ, ਉਹਨਾਂ ਦੇ ਹੱਲ ਦੀ ਚਿੰਤਾ ਵਿਚ ਮਹੀਨਿਆਂ ਤੱਕ ਮੈਨੂੰ ਜਗਰਾਤੇ ਕੱਟਣੇ ਪੈ ਜਾਂਦੇ ਸਨ।"

ਸੰਨ ੧੯੧੮ ਵਿਚ ਕੋਲਹਟਕਰ ਨੇ ਆਪਣਾ ਨਿਵਾਸ-ਸਥਾਨ ਫੇਰ ਬਦਲਿਆ। ਕੰਮ ਦੀ ਬਹੁਤਾਤ ਉਹ ਝੱਲ ਨਾ ਸਕੇ। ਉਹ ਖਾਮ ਪਿੰਡ ਛਡ ਕੇ ਜਲਗਾਉਂ ਜਾਮੋਦ ਵਰਗੇ ਸ਼ਾਂਤ ਸਥਾਨ ਤੇ ਚਲੇ ਗਏ। ਉਹਨਾਂ ਦੀ ਸਥਾਨ ਬਦਲੀ ਦਾ ਜ਼ਿਕਰ ਕਰਦਿਆਂ ਇਕ ਸਮੀਖਿਆਕਾਰ ਨੇ ਲਿਖਿਆ ਹੈ, ਕਿ ਸਾਹਿੱਤ ਦਾ ਨੇਪੋਲੀਅਨ ਜਲਗਾਉਂ ਦੇ ਸੇਂਟ ਹੈਲੇਨਾ ਵਿਚ ਜਾ ਪਹੁੰਚਿਆ।' ਜਲਗਾਉਂ ਵਰਗੇ ਥਾਂ ਤੇ ਰਹਿ ਕੇ ਵੀ ਉਹਨਾਂ ਦੇ ਸਾਹਿਤ ਸਿਰਜਣ ਵਿਚ ਕੋਈ ਅੜਚਣ ਨਹੀਂ ਪਈ। ਨਾਟਕ ਲਿਖਣੇ ਚਾਲੂ ਰਹੇ, ਤਾਂ ਭੀ ਉਹਨਾਂ ਦੀ ਨਾਟ-ਸੂਝ ਕੁਝ ਨਿਸ਼ਤੇਜ਼ ਹੋ ਚਲੀ ਸੀ। ਉਹਨਾਂ ਨੇ ਓਥੇ 'ਸ਼ਿਆਮ ਸੁੰਦਰ' ਅਤੇ 'ਦੁਟੱਪੀ ਕੀ ਦੁਹੇਰੀ' ਨਾਂ ਦੇ ਨਾਵਲ, 'ਸ਼੍ਰਮਸਾਫਲਯ, 'ਸ਼ਿਵਪਾਵਿਤਰਯ, ਅਤੇ 'ਮਾਇਆ ਵਿਵਾਹ' ਨਾਂ ਦੇ ਨਾਟਕ, ਆਪਣਾ ਆਤਮ ਚਰਿਤਰ, ਕੁਝ ਨਿਬੰਧ ਅਤੇ ਸਮੀਖਿਆਵਾਂ ਲਿਖੀਆਂ। ਉਹਨਾਂ ਨੇ ਆਪਣਾ ਪ੍ਰਸਿਧ 'ਮਹਾ-ਰਾਸ਼ਟਰ ਗੀਤ' ਇਥੇ ਹੀ ਲਿਖਿਆ। ਜੀਵਨ ਦੀ ਇਸ ਢਲਦੀ ਸੰਧਿਆਵਸਥਾ ਵਿਚ ਉਹਨਾਂ ਨੂੰ ਭਿੰਨ ਭਿੰਨ ਸਾਹਿਤਿਕ ਸਨਮਾਨ ਭੀ ਮਿਲੇ। ੧੯੧੭ ਵਿਚ ਬੰਬਈ ਮਰਾਠੀ ਗਰੰਥ ਸੰਗ੍ਰਹਿਆਲੇ ਦੀ ਵਾਰਸ਼ਿਕ ਸਭਾ ਦੀ ਅਤੇ ੧੯੧੮ ਵਿਚ ਠਾਣਾ ਦੇ ਮਰਾਠੀ ਗਰੰਥ ਸੰਗ੍ਰਹਿਆਲੇ ਦੀ ਵਾਰਸ਼ਿਕ ਸਭਾ ਦੀ ਪ੍ਰਧਾਨਗੀ ਉਹਨਾਂ ਨੂੰ ਦਿਤੀ ਗਈ। ੧੯੨੨ ਵਿਚ ਉਹ ਦੂਜੇ ਮਹਾਰਾਸ਼ਟਰ ਕਵੀ ਸੰਮੇਲਨ ਦੇ ਪ੍ਰਧਾਨ ਬਣੇ ਅਤੇ ੧੯੨੭ ਵਿਚ ਪੂਨਾ ਵਿਚ ਹੋਏ ਬਾਹਰਵੇਂ ਮਹਾਰਾਸ਼ਟਰ ਸਾਹਿੱਤ ਸੰਮੇਲਨ ਦੀ ਪ੍ਰਧਾਨਗੀ ਦਾ ਸਨਮਾਨ ਉਹਨਾਂ ਨੂੰ ਹੀ ਪ੍ਰਾਪਤ ਹੋਇਆ। ਇਹਨਾਂ ਅਵਸਰਾਂ ਤੇ, ਉਹਨਾਂ ਨੇ ਜਿਹੜੇ ਭਾਸ਼ਣ ਦਿਤੇ, ਉਹਨਾਂ ਤੋਂ ਉਹਨਾਂ ਦੇ ਸਾਹਿੱਤ ਅਤੇ ਕਲਾ ਬਾਰੇ ਗੰਭੀਰ ਚਿੰਤਨ ਦਾ ਪਤਾ ਲਗਦਾ ਹੈ।

ਕੋਲਹਟਕਰ ਦਾ ਯੁਗ ਮਹਾਰਾਸ਼ਟਰ ਦੇ ਨਿਆਂ-ਸੰਘਰਸ਼ ਦਾ ਯੁਗ ਸੀ। ਨਵੇਂ ਅਤੇ ਪੁਰਾਣੇ ਦੀ ਬਹਿਸ ਚੱਲ ਰਹੀ ਸੀ। ਸਾਹਿਤਿਕ ਸ਼ੈਲੀ ਦੀ ਦ੍ਰਿਸ਼ਟੀ ਤੋਂ ਕ੍ਰਿਸ਼ਣ ਸ਼ਾਸਤਰੀ ਚਿਪਲੂਣਕਰ ਅਤੇ ਨਿਆਂ ਦੀ ਦ੍ਰਿਸ਼ਟੀ ਤੋਂ ਨਿਆਂ ਦੀ ਪੂਰਤੀ ਮਹਾਂ ਦੇਵ ਗੋਵਿੰਦ ਰਾਨਾਡੇ ਉਹਨਾਂ ਦੇ ਆਦਰਸ਼ ਸਨ। ਆਪ ਨੇ ਮਰਾਠੀ ਵਿਚ ਛੂਤ ਛਾਤ ਦੇ



116261
23/11/04

ਵਿਸ਼ੇ ਤੇ ਇਕ ਨਾਵਲ ਲਿਖਿਆ ਸੀ। ਇਹ ਕੇਵਲ ਸੰਜੋਗ ਹੀ ਨਹੀਂ ਸੀ, ਇਹ ਉਹਨਾਂ ਦੇ ਸਮਾਜਿਕ ਚਿੰਤਨ ਦੀ ਸੁਭਾਵਿਕ ਦੇਣ ਸੀ ਉਹਨਾਂ ਦੀ ਵਿਰਤੀ ਵਿਚ ਜਿਹੜੀ ਇਹ ਆਧੁਨਿਕਤਾ ਸੀ, ਉਸ ਤੇ ਉਹਨਾਂ ਨੇ ਅਮਲ ਭੀ ਕੀਤਾ। ਪਿਤਾ ਦੀ ਮੌਤ ਮਗਰੋਂ, ਉਹਨਾਂ ਨੇ ਆਪਣੀ ਮਤਰੇਈ ਮਾਂ ਦਾ ਵਾਲ ਵਿੰਗਾ ਨਹੀਂ ਹੋਣ ਦਿਤਾ; ਭਾਵੇਂ ਇਹ ਉਸ ਵੇਲੇ ਦੀ ਪ੍ਰੰਪਰਾ ਸੀ, ਉਹਨਾਂ ਨੇ ਆਪਣੀਆਂ ਦੋਹਾਂ ਭੈਣਾਂ ਦੀ ਸ਼ਾਦੀ ਉਦੋਂ ਤਕ ਨਹੀਂ ਹੋਣ ਦਿਤੀ, ਜਦੋਂ ਤਕ ਉਹ ੧੪-੧੫ ਵਰ੍ਹਿਆਂ ਦੀਆਂ ਨਹੀਂ ਹੋ ਗਈਆਂ। ਜਾਤੀ-ਭੇਦ ਤਾਂ ਉਹਨਾਂ ਨੇ ਕਦੇ ਮੰਨਿਆ ਹੀ ਨਹੀਂ। ਉਹਨਾਂ ਦੇ ਸਮਾਜਿਕ ਸੁਧਾਰ ਦਾ ਇਕ ਉਦੇਸ਼ ਸਮਾਨਤਾ ਸੀ। ਉਹਨਾਂ ਨੇ, 'ਚਿਤਰ-ਗੁਪਤਾਂਚਾ ਜਮਾਖਰਚ' ਨਾਂ ਦੇ ਇਕ ਮਨੋਰੰਜਕ ਲੇਖ ਵਿਚ ਸੁਰਗ ਦੀ ਜਿਹੜੀ ਕਲਪਨਾ ਕੀਤੀ ਹੈ, ਉਸ ਵਿਚ, ਉਸਨੂੰ ਉਹ 'ਜਾਤੀ-ਭੇਦ' ਤੋਂ ਮੁਕਤ ਮੰਨਦੇ ਹਨ। ਉਹਨਾਂ ਦੀਆਂ ਸਮੀਖਿਆਵਾਂ ਨਾਟਕ ਨਾਵਲ, ਕਹਾਣੀਆਂ ਅਤੇ ਮਨੋਰੰਜਕ ਸਾਹਿੱਤ ਨੂੰ ਪੜ੍ਹਨ ਨਾਲ ਪਤਾ ਲਗਦਾ ਹੈ, ਕਿ ਉਹ ਸਦਾ ਸਮਾਜ ਮੁਖੀ ਰਹੇ ਅਤੇ ਉਹਨਾਂ ਦੀ ਤਿੱਖੀ ਇੱਛਾ ਰਹੀ, ਕਿ ਸਮਾਜ ਵਿਚ ਸੁਧਾਰ ਹੋਵੇ। ਜਿਹੜਾ ਵਿਅਕਤੀ ਸੁੰਦਰਤਾ ਲਈ ਆਕਰਸ਼ਿਤ ਅਤੇ ਸ਼ੁਧ ਕਲਾਵਾਦੀ ਰਿਹਾ ਹੋਵੇ, ਉਸਦੇ ਸਾਹਿੱਤ ਵਿਚ ਉਦੇਸ਼, ਸਮਾਜਮੁਖਤਾ ਕੁਝ ਵਿਰੋਧਾਭਾਸੀ ਜਿਹਾ ਜਾਪੇਗਾ, ਪਰ ਇਸਦਾ ਤਿਆਗ ਉਦੋਂ ਹੁੰਦਾ ਹੈ, ਜਦੋਂ ਅਸੀਂ ਵੇਖਦੇ ਹਾਂ, ਕਿ ਉਹਨਾਂ ਨੇ ਸੂਖਮ ਸਾਹਿਤ ਵਿਚ ਕੇਵਲ ਭਾਵਨਾ ਨੂੰ ਹੀ ਪ੍ਰਧਾਨਤਾ ਨਹੀਂ ਦਿਤੀ, ਸਗੋਂ ਬੁਧੀ ਅਤੇ ਭਾਵਨਾ ਦੋਹਾ ਨੂੰ ਉਸਦਾ ਸਾਧਨ ਮੰਨਿਆ। ਉਹ ਜਿੰਨੇ ਕਲਾ-ਪ੍ਰੇਮੀ ਸਨ, ਉਨੇ ਹੀ ਸਮਾਜਿਕ ਵਿਸ਼ਿਆਂ ਵਿਚ ਰੁਚੀ ਰਖਣ ਵਾਲੇ ਵੀ।

੧ ਜੂਨ ੧੯੩੪ ਦੇ ਦਿਨ, ਪੂਨਾ ਵਿਖੇ ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਦੇ ਜੀਵਨ ਦੀਪ ਦਾ ਨਿਰਵਾਣ ਹੋਇਆ ਅਤੇ ਉਹਨਾਂ ਦੇ ਨਾਲ ਹੀ, ਇਕ ਸਾਹਿਤਕ ਪੁਰਬ ਭੀ ਖਤਮ ਹੋਇਆ। ਪ੍ਰਮਾਤਮਾ ਨੇ ਸਾਨੂੰ ਜਿਹੜੀ ਸ਼ਕਤੀ-ਸਮਰਥਾ ਦਿਤੀ ਹੈ, ਉਸਦਾ ਅਤੇ ਸਮੇਂ ਦੀ ਸੁਯੋਗ ਵਰਤੋਂ ਕਰਨਾ ਹੀ ਸਾਡਾ ਧਰਮ ਹੈ, ਇਹ ਉਨ੍ਹਾਂ ਦੀ ਸ਼ਰਧਾ ਸੀ। ਇਸ ਕਰਕੇ, ਉਹਨਾਂ ਨੇ, ਆਪਣੇ ਜੀਵਨ ਦੇ ਹਰ ਪਲ ਦੀ ਚੰਗੀ ਵਰਤੋਂ ਕੀਤੀ। ਕੋਲਹਟਕਰ ਦਾ ਜੀਵਨ ਅਤੇ ਸਾਹਿੱਤ ਜਿੰਨਾ ਵਾਦ-ਵਿਵਾਦੀ ਅਤੇ ਤੂਫਾਨੀ ਰਿਹਾ, ਉਨਾ ਹੀ ਸਫਲਤਾ ਪੂਰਨ ਭੀ ਰਿਹਾ। ਸ੍ਰੀ ਗਡਕਰੀ ਨੇ ਉਹਨਾਂ ਬਾਰੇ ਜਿਹੜੇ ਵਿਚਾਰ ਪ੍ਰਗਟ ਕੀਤੇ ਹਨ, ਕਿ (ਤਾਤਿਆ ਤੀ ਤਲਵਾਰ ਏਕ ਤੁਮਚੀ ਬਾਕੀ ਬਿਲੇ ਕੋਇਤੇ) 'ਹੇ ਮਾਨਯੋਗ' ਤਲਵਾਰ ਕਹਿਲਾਉਣ ਯੋਗ ਤਾਂ ਤੇਰੀ ਹੀ ਲੇਖਣੀ ਹੈ, ਹੋਰਨਾਂ ਦੀ ਲੇਖਣੀ ਤਾਂ ਕੇਵਲ ਸਾਗ-ਸਬਜ਼ੀ ਕੱਟਣ ਵਾਲੀ ਛੁਰੀ ਜਾਂ ਦਾਤੀ ਹੀ ਹੈ।' ਉਸ ਵਿਚ, ਉਹਨਾਂ ਦੀ ਸਾਹਿੱਤਕ ਮਹੱਤਤਾ ਦਾ ਭੇਦ ਛੁਪਿਆ ਹੋਇਆ ਹੈ। ਬੁੱਧੀ ਅਤੇ ਸੁੰਦਰਤਾ ਦੇ ਇਸ ਪ੍ਰਤਿਭਾਸ਼ਾਲੀ ਉਪਾਸ਼ਕ ਨੇ ਮਹਾਂਰਾਸ਼ਟਰ ਸ਼ਾਰਦਾ ਦੇ ਹਰ ਅੰਗ ਨੂੰ ਜਿੰਨਾ ਭਿੰਨ ਅਰਥ ਭਰਪੂਰ ਤੇਜਸਵੀ ਅਲੰਕਾਰਾਂ ਨਾਲ ਸ਼ਿੰਗਾਰਿਆ ਹੈ,ਉਸਦਾ ਤੇਜ, ਅਨੰਤ ਕਾਲ ਤੱਕ ਪ੍ਰੇਰਨਾ ਦਿੰਦਾ ਰਹੇਗਾ, ਇਸ ਵਿਚ ਕੋਈ ਸ਼ੱਕ ਨਹੀਂ ਹੈ।

# ਮਨੋਰੰਜਨ ਸੰਸਥਾ ਦੇ ਅਚਾਰੀਆ

ਸੰਨ ੧੯੦੨ ਵਿਚ ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਦਾ 'ਸਾਕਸ਼ੀਕਾਰ' ਨਾਂ ਦਾ ਇਕ ਮਨੋਰੰਜਕ ਨਿਬੰਧ' 'ਵਿਵਿਧ ਗਿਆਨ ਵਿਸਤਾਰ' ਵਿਚ ਛਪਿਆ ਅਤੇ ਉਸਦੀ ਅਨੰਦਮਈ ਸੁਗੰਧ ਨਾਲ ਮਰਾਠੀ ਸਾਹਿੱਤ ਖੇਤਰ ਵਿਚ ਇਕ ਵਿਲੱਖਣ ਹਾਸ-ਯੁਗ ਦਾ ਆਰੰਭ ਹੋਇਆ।

ਕੋਲਹਟਕਰ ਤੋਂ ਪਹਿਲੇ ਮਰਾਠੀ ਸਾਹਿੱਤ ਵਿਚ ਮਨੋਰੰਜਨ ਦੀ ਹੋਂਦ ਦਾ ਗਿਆਨ ਤੁਛ ਰੂਪ ਵਿਚ ਹੀ ਮਹਿਸੂਸ ਕੀਤਾ ਜਾਂਦਾ ਸੀ। ਭਗਤੀ ਅਤੇ ਵੇਦਾਂਤ ਪ੍ਰਾਚੀਨ ਮਰਾਠੀ ਸੰਤਕਾਵਿ ਦੀਆਂ ਦੋ ਪਰਮੁਖ ਪ੍ਰੇਰਨਾਵਾਂ ਸਨ। ਇਸ ਕਰਕੇ, ਉਸਦਾ ਮਨੋਰੰਜਨ ਵਿਮੁਖੀ ਰਹਿ ਜਾਣਾ ਸੁਭਾਵਿਕ ਸੀ। ਤਾਂ ਭੀ ਸੰਤਵਾਣੀ ਗੰਭੀਰ ਹੁੰਦੀ ਹੋਈ ਵੀ ਰੁੱਖੀ ਨਹੀਂ ਹੈ, ਰਸਦਾਇਕ ਹੈ। ਪਰ ਵੀਰ-ਸ਼ਿੰਗਾਰ ਆਦਿ ਲੌਕਿਕ ਰਸਾਂ ਦੀ ਥਾਂ ਤੇ ਉਸਨੇ ਅਲੌਕਿਕ ਸ਼ਾਂਤ ਰੱਸ ਨੂੰ ਹੀ ਪ੍ਰਧਾਨਤਾ ਦਿਤੀ। ਸੋ ਪ੍ਰਾਚੀਨ ਮਰਾਠੀ ਸੰਤਕਾਵਿ ਵਿਚ, ਸੰਪੂਰਨ ਤਿਆਗੀ ਸਾਧੂ ਦੇ ਮਗਨ ਤੇ ਅਦਭੁਤ ਹੋਣ ਵਾਲੀ ਅਸਪਸ਼ਟ ਬਾਰੀਕ ਰੇਖਾ ਵਾਂਗ ਹੀ ਮਨੋਰੰਜਨ ਦੀ ਹਾਲਤ ਸੀ, ਇਹ ਗੱਲ ਨਹੀਂ ਕਿ ਗਿਆਨੇਸ਼ਵਰ, ਤੁਕਾਰਾਮ ਰਾਮਦਾਸ ਵਰਗੇ ਸੰਤ ਕਵੀਆਂ ਦੀਆਂ ਅਤੇ ਮੋਰੋਪੰਤ, ਮੁਕਤੇਸ਼ਵਰ, ਵਾਮਨ ਵਰਗੇ ਪੰਡਿਤ ਕਵੀਆਂ ਦੀਆਂ ਕਵਿਤਾਵਾਂ ਵਿਚ ਮਨੋਰੰਜਨ ਦੀ ਪੂਰਨ ਕਮੀ ਹੈ, ਪਰ ਉਹ ਵਿਚਾਰ ਵਟਾਂਦਰੇ ਦਾ ਵਿਸ਼ਾ ਹੈ। ਏਕਨਾਥ ਦੀ ਰਚਨਾ-'ਭਾਰਤ' ਹੀ ਅਜਿਹੀ ਕਵਿਤਾ ਹੈ, ਜਿਸਨੂੰ ਹਾਸਰਸੀ ਕਿਹਾ ਜਾ ਸਕਦਾ ਹੈ। ਪਰ ਉਸ ਦਾ ਭੀ ਆਧਾਰ ਅਧਿਆਤਮ ਹੀ ਹੈ। 'ਸ਼ਾਹੀਰੋਂ' ਸਾਹਿੱਤ ਵਿਚ ਭੀ ਮਨੋਰੰਜਨ ਨੂੰ—ਜਿਹੜਾ ਕਿ ਸ਼ਿੰਗਾਰ ਰਸ ਦਾ ਸਾਥੀ ਮੰਨਿਆ ਜਾਂਦਾ ਹੈ, ਵਧੇਰੇ ਸਥਾਨ ਨਹੀਂ ਦਿਤਾ ਗਿਆ।

ਮਨੋਰੰਜਨ ਨੂੰ ਮਰਾਠੀ ਸਾਹਿੱਤ ਵਿਚ ਓਦੋਂ ਥਾਂ ਮਿਲਿਆ, ਜਦੋਂ ਲੋਕਾਂ ਨੂੰ ਅੰਗਰੇਜ਼ੀ ਸਾਹਿਤ ਦਾ ਗਿਆਨ ਹੋਣ ਲਗਿਆ। ਸਭ ਤੋਂ ਪਹਿਲਾਂ ਜਿਹੜੇ ਲੋਕਾਂ ਨੇ ਅੰਗਰੇਜ਼ੀ ਵਿਚ ਲਿਖਣਾ ਸ਼ੁਰੂ ਕੀਤਾ ਉਹਨਾਂ ਨੇ ਸਮਾਜਿਕ ਬੁਰਾਈਆਂ ਦੀ ਆਲੋਚਨਾ ਕਰਨ ਲਈ ਹਾਸਰਸੀ ਮਨੋਰੰਜਨ ਦਾ ਸਹਾਰਾ ਲਿਆ। ਮਰਾਠੀ ਸਾਹਿੱਤ ਵਿਚ ਸਭ ਤੋਂ ਪਹਿਲਾਂ ਪ੍ਰਭਾਵਸ਼ਾਲੀ ਢੰਗ ਨਾਲ ਸਾਹਿੱਤ ਦੀ ਪੱਧਰ ਤੇ ਰਹੱਸਮਈ ਕਾਵਿ ਅਤੇ ਹਾਸਰਸ ਦੀ ਵਰਤੋਂ ਵਿਸ਼ਣੂਸ਼ਾਸਤਰੀ ਚਿਪਲੂਣਕਰ ਨੇ ਕੀਤੀ ਹੈ। ਮਨੋਰੰਜਕ ਸਾਹਿੱਤ ਦੀ ਦੁਨੀਆਂ ਲਈ, ਭਾਸ਼ਾ ਦੇ ਪ੍ਰਭਾਵਸ਼ਾਲੀ ਹੋਣ ਦੀ ਲੋੜ ਹੈ। ਵਿਸ਼ਣੂਸਾਸ਼ਤਰੀ ਨੇ ਇਹ ਕੰਮ ਕੀਤਾ। ਉਹਨਾਂ ਦੀ ਸ਼ਖਸੀਅਤ ਵਿਚ ਤੀਖਣ ਬੁਧੀ ਅਤੇ ਸੁਹਿਰਦ ਰਸਿਕਤਾ ਦਾ ਮਨੋਹਰ ਸੰਗਮ ਸੀ। ਸੰਨ ੧੮੪੭ ਤੋਂ ਸ਼ੁਰੂ ਹੋਈ 'ਨਿਬੰਧਮਾਲਾ' ਵਿਚ ਉਸਦਾ ਸੁੰਦਰ ਪ੍ਰਤਿਬਿੰਬ ਦਿਸਦਾ ਹੈ। ਪਰ ਉਹਨਾਂ ਨੇ ਭੀ ਸੁਤੰਤਰਤਾ ਨਾਲ ਮਨੋਰੰਜਨ ਦੀ ਰਚਨਾ ਨਹੀਂ ਕੀਤੀ। ਮਨੋਰੰਜਨ ਦੀ ਦ੍ਰਿਸ਼ਟੀ ਤੋਂ ਕ੍ਰਿਸ਼ਣ ਮਰਾਠੀ ਸਾਹਿੱਤ ਵਿਚ ਵਿਨੋਦੀ ਵਚਨਾਂ ਦਾ ਸਿਰਜਣ ਕਰਕੇ, ਉਸ ਨੂੰ ਸੁਤੰਤਰ ਅਤੇ ਸਨਮਾਨਿਤ ਸਥਾਨ ਪ੍ਰਦਾਨ ਕਰਨ ਦਾ ਜੇ ਕਿਸੇ ਨੇ ਸਭ ਤੋਂ ਪਹਿਲਾ ਯਤਨ ਕੀਤਾ ਹੈ, ਤਾਂ ਉਹ ਸ੍ਰੀਪਾਦ ਕ੍ਰਿਸ਼ਣ ਹੀ ਹਨ।" ਉਹਨਾਂ ਦੇ ਮਨੋਰੰਜਕ ਸ਼ਬਦਾਂ ਦਾ ਘੇਰਾ ਇੰਨਾ ਵੱਡਾ ਹੈ, ਕਿ

ਉਹ ਮਰਾਠੀ ਸਾਹਿੱਤ ਦੀ ਮਨੋਰੰਜਨ ਸੰਸਥਾ ਦੇ ਸ਼ੰਕਰਾਚਾਰੀਆ ਤਾਂ ਸੀ ਹੀ, ਉਹਨਾਂ ਨੂੰ ਆਧੁਨਿਕ ਸਮੇਂ ਦੇ ਸਰਬ-ਭਾਰਤੀ ਸਾਹਿੱਤ ਵਿਚ ਭੀ ਪਹਿਲੇ ਮਨੋਰੰਜਕ ਲੇਖਕ ਕਿਹਾ ਜਾ ਸਕਦਾ ਹੈ।" ਇਹ ਗੌਰਵਮਈ ਭਾਵਨਾਵਾਂ ਹਨ, ਜਿਹੜੀਆਂ ਪ੍ਰਹਿਲਾਦ ਕੇਸ਼ਵ ਅਤਰੇ ਨੇ ਉਹਨਾਂ ਬਾਰੇ ਪ੍ਰਗਟ ਕੀਤੀਆਂ ਹਨ।

ਉਹਨਾਂ ਦੇ ਸਮੀਖਿਆਤਮਿਕ ਲੇਖ ੧੮੯੩ ਵਿਚ ਹੀ ਛਪਣੇ ਸ਼ੁਰੂ ਹੋ ਗਏ। ੧੯੦੨ ਵਿਚ ਉਹਨਾਂ ਨੇ 'ਸਾਕਸ਼ੀਕਾਰ' ਲਿਖਿਆ। ਉਸ ਤੋਂ ਪਹਿਲਾਂ ਉਹਨਾਂ ਨੇ 'ਵੀਰਤਨਯ' 'ਮੂਕਨਾਇਕ' ਆਦਿਕ ਨਾਟਕ ਲਿਖੇ। ਉਹਨਾਂ ਵਿਚ ਭੀ ਉਹਨਾਂ ਦੀ ਮਨੋਰੰਜਕ ਪ੍ਰਤਿਭਾ ਵਿਚ ਆਉਣ ਵਾਲੇ ਪੇਂਡੂ ਅਤੇ ਕੁਝ ਕੁਝ ਅਸ਼ਲੀਲ (ਨੰਗੇਜ਼-ਵਾਦੀ) ਰੂਪ ਦੇ ਮਨੋਰੰਜਨ ਤੋਂ ਤੰਗ ਆਏ ਹੋਏ ਮਰਾਠੀ ਦਰਸ਼ਕਾਂ ਨੂੰ ਉਹਨਾਂ ਨੇ ਪੂਰੀ ਤਰ੍ਹਾਂ ਨਵੀਂ ਸ਼ੈਲੀ ਦਾ ਮਨੋਰੰਜਨ ਪ੍ਰਦਾਨ ਕੀਤਾ। ਮ: ਤ੍ਰੰ: ਮਡਖੋਲਕਰ, ਕਹਿੰਦੇ ਹਨ— ਪੁਰਾਣੇ ਧਰਾਣੇ, ਘਸੇ-ਪਿਟੇ ਦਿਹਾਤੀ ਮਨੋਰੰਜਨ ਦੇ ਪੰਜੇ ਤੋਂ ਮਰਾਠੀ ਰੰਗ ਮੰਚ ਨੂੰ ਸਦਾ ਲਈ ਮੁਕਤ ਕਰਕੇ, ਪਛਮੀ ਸ਼ੈਲੀ ਦੇ ਗਿਆਨ ਅਨੁਸਾਰ ਉਚੇ ਪੱਧਰ ਦੇ ਮਨੋਰੰਜਨ ਦਾ ਆਨੰਦ ਪ੍ਰਾਪਤ ਕਰਨ ਦਾ ਸਭ ਤੋਂ ਪਹਿਲਾ ਅਵਸਰ ਜੇ ਕਿਸੇ ਨੇ ਦਰਸ਼ਕਾਂ ਨੂੰ ਪ੍ਰਦਾਨ ਕੀਤਾ ਅਤੇ ਸੰਕੋਚ ਮੁਕਤ ਨਿਰਮਲ ਹਾਸ ਦੇ ਕਲੋਲਾਂ ਨਾਲ ਮਰਾਠੀ ਰੰਗ ਮੰਚ ਨੂੰ ਪੂਰੀ ਸ਼ਕਤੀ ਨਾਲ ਅੰਦੋਲਿਤ ਕੀਤਾ ਹੈ, ਤਾਂ ਉਹ ਕੋਲਹਟਕਰ ਹੀ ਹਨ। 'ਮੂਕਨਾਇਕ' ਦੀ 'ਪ੍ਰਤੋਦਵੇਤ੍ਰਿਕਾ, ਨੇ ਅਤੇ 'ਗੁਪਤਮੰਜੂਸ਼ਾ' ਦੀ 'ਸ਼੍ਰਿੰਗੀ ਪ੍ਰਿੰਗੀ' ਨੇ ਮਰਾਠੀ ਰੰਗਮੰਚ ਤੇ ਮਨੋਰੰਜਨ ਦੀ ਇਕ ਨਵੀਨ ਪ੍ਰੰਪਰਾ ਦਾ ਆਰੰਭ ਕੀਤਾ ਹੈ। ਇਹੀ ਨਹੀਂ, ਉਹਨਾਂ ਦੇ ਸਮੀਖਿਆਤਮਿਕ ਲੇਖਾਂ ਵਿਚ ਭੀ ਮਨੋਰੰਜਨ ਸੂਖਮ ਰੂਪ ਵਿਚ ਕਾਇਮ ਰਹਿੰਦਾ ਹੈ। ਆਪਣੀ ਇਕ ਮਨੋਰੰਜਨ-ਯੁਕਤ ਪ੍ਰਤਿਭਾ ਨੂੰ ਪੂਰਾ ਅਵਸਰ ਪ੍ਰਦਾਨ ਕਰਨ ਦੀ ਇੱਛਾ ਨਾਲ ਹੀ, ਉਹਨਾਂ ਨੇ ਸੁਤੰਤਰ ਤੌਰ ਤੇ, ਮਨੋਰੰਜਨ ਲੇਖ ਲਿਖਣੇ ਸ਼ੁਰੂ ਕੀਤੇ। ਇਸ ਬਾਰੇ ਉਹ ਆਪਣੇ ਆਤਮ-ਚਰਿਤਰ ਵਿਚ ਲਿਖਦੇ ਹਨ "ਮੇਰੇ ਅਨੇਕ ਸਮੀਖਿਆਤਮਿਕ ਲੇਖਾਂ ਵਿਚ ਮਨੋਰੰਜਨ ਦੀ ਝਲਕ ਪ੍ਰਕਾਸ਼ਮਾਨ ਹੈ। ਮੈਂ ਬੜੇ ਦਿਨਾਂ ਤੋਂ ਸੋਚਦਾ ਸੀ, ਕਿ ਇਸ ਮਨੋਰੰਜਨ ਨੂੰ ਸੁਤੰਤਰ ਤੌਰ ਤੇ ਲਿਖਿਆ ਜਾਵੇ। ਮੈਨੂੰ ਇਸ ਵਿਚਾਰ ਨੂੰ ਅਮਲੀ ਰੂਪ ਦੇਣ ਦਾ ਮੌਕਾ ੧੯੦੨ ਵਿਚ ਮਿਲਿਆ। ਇਸ ਤੋਂ ਪਹਿਲਾਂ ਮੈਂ ਜੇ ਰੋਮ ਅਤੇ ਮਾਰਕ ਟ੍ਵੇਨ ਆਦਿਕ ਮਨੋਰੰਜਕ ਲੇਖਕਾਂ ਨੂੰ ਪੜ੍ਹ ਚੁਕਿਆ ਸਾਂ। ਉਹਨਾਂ ਦੇ ਲੇਖਾਂ ਦੇ ਆਧਾਰ ਤੇ ਮੈਂ ੧੯੦੨ ਵਿਚ 'ਸਾਕਸ਼ੀਕਾਰ' ਲੇਖ ਛਪਵਾਇਆ।" ਉਸ ਤੋਂ ਮਗਰੋਂ ੧੯੨੨ ਤਕ ਉਹ ਨਿਰੰਤਰ ਬਹੁਤ ਸਾਰੇ ਮਨੋਰੰਜਕ ਲੇਖ ਲਿਖਦੇ ਰਹੇ ਅਤੇ ਮਹਾਰਾਸ਼ਟਰ ਨੂੰ ਖੂਬ ਹਸਾਉਂਦੇ ਰਹੇ।

ਕੋਲਹਟਕਰ ਦਾ ਮਨੋਰੰਜਨ-ਸਾਹਿੱਤ ਕਲਾਪੂਰਣ ਹੈ। ਉਹਨਾਂ ਵਿਚ 'ਹਾਸੇ ਲਈ ਹਾਸੇ' ਦੀ ਭਾਵਨਾ ਨਹੀਂ ਸੀ। "ਮਨੋਰੰਜਕ ਲੇਖਾਂ ਦੀ ਲੋੜ ਸਦਾ ਸਮਾਜ-ਸੁਧਾਰ ਦੇ ਸਮੇਂ ਵਿਚ ਹੀ ਰਹਿੰਦੀ ਹੈ।" ਉਹਨਾਂ ਦਾ ਇਹ ਕਹਿਣਾ ਚੋਖੇ ਅਰਥ ਰਖਦਾ ਹੈ। ਉਹਨਾਂ ਦੇ ਸਾਹਿੱਤ ਦਾ ਆਧਾਰ ਪ੍ਰਗਤੀਸ਼ੀਲ ਅਤੇ ਅਗਾਊਂ ਬੁਧੀਵਾਦੀ ਸਮਾਜਕ ਤੱਤ ਗਿਆਨ ਰਿਹਾ ਹੈ। ਅਸਲ ਵਿਚ, ਕੋਲਹਟਕਰ ਦਾ ਯੁਗ ਹੀ ਸਮਾਜਕ ਉਥਲ ਪੁਥਲ ਦਾ ਯੁਗ ਰਿਹਾ ਹੈ। ਨਵੇਂ ਅਤੇ ਪੁਰਾਣੇ ਵਿਸ਼ਵਾਸ਼ ਦੀ ਟੱਕਰ ਨਾਲ

ਸਾਰਾ ਵਾਤਾਵਰਣ ਬਦਲ ਗਿਆ ਸੀ। ਮਹਾਰਾਸ਼ਟਰ ਵਿਚ ਭੀ ਪ੍ਰਕਾਰ ਦਾ ਵਿਚਾਰ ਵਟਾਂਦਰਾ ਸ਼ੁਰੂ ਹੋ ਚੁਕਿਆ ਸੀ। ਆਧੁਨਿਕ ਸਿਖਿਆ ਦੇ ਸੰਸਕਾਰਾਂ ਸਾਹਿੱਤ, ਕੋਲਹਟਕਰ ਦਾ ਸਪਸ਼ਟ ਸੰਵੇਦਨਸ਼ੀਲ ਲੇਖਕ ਦੇ ਸਾਹਿੱਤ ਵਿਚ ਦਿਖਾਈ ਦੇਣਾ ਸੁਭਾਵਿਕ ਹੀ ਸੀ। ਸਮੇਂ ਵਿਰੋਧੀ ਸਮਾਜਿਕ ਪ੍ਰੰਪਰਾਵਾਂ ਦਾ ਪਰਦਾ ਫਾਸ਼ ਕਰਨ ਲਈ ਕੋਲਹਟਕਰ ਨੇ ਵਿਅੰਗ ਅਤੇ ਮਨੋਰੰਜਨ ਦਾ ਇੰਨਾ ਪ੍ਰਭਾਵਸ਼ਾਲੀ ਆਸਰਾ ਲਿਆ ਕਿ ਕਦੇ ਉਹਨਾਂ ਦੇ ਸਾਹਿੱਤ-ਸਮੀਖਿਆਕਾਰਾਂ ਨੂੰ ਇਹ ਕਹਿਣਾ ਪਿਆ, ਕਿ "ਆਗਰਕਰ ਦੇ ਸਿਧੇ ਹਮਲਿਆਂ ਨਾਲੋਂ ਕੋਲਹਟਕਰ ਦੇ ਜਾਨਲੇਵਾ ਵਿਅੰਗ ਹੀ ਵਧੇਰੇ ਮਾਰੂ ਪਰਤੀਤ ਹੁੰਦੇ ਹਨ।"

"ਜੀਵਨ ਸੰਬੰਧੀ ਵਿਹਾਰਾਂ ਵਿਚ ਭਿੰਨ ਭਿੰਨ ਪ੍ਰਕਾਰ ਦੀਆਂ ਊਣਤਾਈਆਂ ਦਾ ਪਤਾ ਕਰਕੇ ਉਸਨੂੰ ਜ਼ਬਾਨ ਪ੍ਰਦਾਨ ਕਰਨ ਵਾਲੀ ਸਮਰੱਥਾ" ਸ੍ਰੀ ਵਾ. ਲ. ਕੁਲਕਰਣੀ ਦੇ ਸ਼ਬਦਾਂ ਵਿਚ, ਕੋਹਲਟਕਰ ਦੀ ਮਨੋਰੰਜਕ ਪ੍ਰਤਿਭਾ ਦਾ ਹੀ ਇਕ ਲੱਛਣ ਹੈ। ਸਮਾਜਿਕ ਪ੍ਰੰਪਰਾਵਾਂ ਵਿਚ ਜਿਹੜੀਆਂ ਹਾਸੋਹੀਣੀਆਂ ਕਮੀਆਂ ਹਨ ਉਹਨਾਂ ਨੂੰ ਚੁਣ ਕੇ, ਸੁਧਾਰਵਾਦੀ ਕੋਲਹਟਕਰ ਨੇ ਬੜੇ ਸ਼ਾਨਦਾਰ ਢੰਗ ਨਾਲ ਲੋਕਾਂ ਅੱਗੇ ਪੇਸ਼ ਕੀਤਾ ਹੈ। ਉਹਨਾਂ ਨੂੰ ਇਸੇ ਗੱਲ ਦਾ ਦੁਖ ਸੀ ਕਿ "ਪ੍ਰਥਾ ਦੀ ਆਚਾਰ-ਵਿਹਾਰ ਦੀ ਨਿਯਮਕ ਬਣ ਬੈਠੀ ਹੈ।" ਉਹ ਲਿਖਦੇ ਹਨ — "ਅਸਲ ਵਿਚ, ਸਾਨੂੰ ਇਕ ਕਾਰਜ ਦਾ ਸਬੰਧ ਗਿਆਨ, ਸਾਧਨਾ, ਅਤੇ ਪ੍ਰਯਤਨ ਨਾਲ ਜੋੜਨਾ ਚਾਹੀਦਾ ਹੈ। ਪਰ ਇਹਦੀ ਥਾਂ ਅਸੀਂ ਇਸਦਾ ਸਬੰਧ ਭਾਗਾਂ, ਪੂਰਬਲੇ ਕਰਮਾਂ, ਅਸਮਾਨ ਦੇ ਗ੍ਰੈਹਾਂ, ਜੀਵਾਂ ਦੀ ਜੂਨ ਵਿਚ ਉੱਲੂ, ਬਿੱਲੀ, ਅਤੇ ਕੋੜ੍ਹ ਕਿਰਲੀ ਨਾਲ ਜੋੜਦੇ ਹਾਂ। ਮਨੁਖ ਦੇ ਕੰਮਾਂ ਨਾਲ ਜੋੜਨਾ ਹੋਵੇ, ਤਾਂ ਅਸੀਂ ਨਿੱਛ, ਹਿਚਕੀ ਅਤੇ ਨੱਕ ਦੇ-ਸੁਰ ਨਾਲ ਜੋੜਦੇ ਹਾਂ। ਜਿਹੜੇ ਲੋਕ ਆਪਣੀ ਕਮਜ਼ੋਰੀ ਨੂੰ ਪ੍ਰਵਾਨ ਕਰਨ ਦੀ ਸ਼ਕਤੀ ਨਹੀਂ ਰਖਦੇ, ਆਪਣੀਆਂ ਬੁਰੀਆਂ ਪਰਵਿਰਤੀਆਂ ਬਾਰੇ ਦੂਜਿਆਂ ਦੇ ਮਨ ਵਿਚ ਝੂਠ ਮੂਠ ਦੀ ਧਾਰਨਾ ਪੈਦਾ ਕਰਦੇ ਹਨ, ਅਤੇ ਦੇਸ਼ ਦੀ ਚੰਗੀ ਅਵਸਥਾ ਨੂੰ ਭਾਗ ਉਤੇ ਛਡ ਦਿੰਦੇ ਹਨ, ਅਜਿਹੇ ਲੋਕਾਂ ਦੀ, ਆਪਣੇ ਹੱਥੀਂ ਸ਼ਕਤੀ ਅਨੁਸਾਰ 'ਮੁਰੰਮਤ' ਕਰਨ ਅਤੇ ਨਿਰਾਰਥਕ ਪ੍ਰਥਾਵਾਂ ਦਾ ਭਾਂਡਾ ਭੰਨਣ ਦੇ ਵਿਚਾਰ ਨਾਲ ਹੀ ਉਹਨਾਂ ਨੇ ਅਪਣੇ ਹੱਥ ਵਿਚ ਲੇਖਣੀ ਲਈ ਸੀ। ਅਮੀਰੀ ਅਤੇ ਗਰੀਬੀ ਵਿਚਕਾਰ ਵਿਰੋਧ ਨੂੰ ਉਸਨੇ ਆਪਣੇ ਮਨੋਰੰਜਨ ਦਾ ਆਧਾਰ ਬਣਾਇਆ। ਉਹਨਾਂ ਨੇ ਬਿਲਕੁਲ ਪਛਾਣਿਆ, ਕਿ "ਜਿਹੜੇ ਲੋਕ ਜਿਵੇਂ ਤਿਵੇਂ ਗਲਤ ਗੱਲਾਂ ਨੂੰ ਠੀਕ ਸਿੱਧ ਕਰਨ ਦਾ ਜਤਨ ਕਰਦੇ ਹਨ, ਉਹਨਾਂ ਦੀ ਢੀਠਤਾ ਅਤੇ ਆਪਣੀ ਰੁਚੀ ਦੇ ਅਨੁਕੂਲ ਪ੍ਰਥਾਂਵਾਂ ਦਾ ਸਮਰਥਨ ਕਰਨ ਲਈ, ਪ੍ਰਾਪਤ ਪ੍ਰਮਾਣਾਂ ਦੀ ਕਮੀ ਵਿਚ ਇੰਨਾ ਅੰਤਰ ਹੁੰਦਾ ਹੈ, ਕਿ ਉਹਨਾਂ ਦੀ ਹਾਸੋਹੀਣਤਾ ਦਾ ਚਿਤਰ ਖਿਚਣ ਲਈ ਵਧੇਰੇ ਮਿਹਨਤ ਕਰਨ ਦੀ ਲੋੜ ਨਹੀਂ ਰਹਿ ਜਾਂਦੀ।" ਉਹਨਾਂ ਨੇ ਆਪਣੇ ਸਾਹਿੱਤ ਵਿਚ ਇਸ ਵਿਰੋਧਾਭਾਸ ਉਤੇ ਕਾਫੀ ਚਾਨਣਾ ਪਾਇਆ।

ਉਹਨਾਂ ਨੇ ਇਸ ਵਿਰੋਧਾਭਾਸੀ ਰਚਨਾ ਦਾ ਮਨੋਰੰਜਕ ਪ੍ਰਯੋਗ ੧੯੦੬ ਵਿਚ ਲਿਖੇ ਆਪਣੇ ਲੇਖ 'ਸ਼ਿਮਗਾ' ਵਿਚ ਕੀਤਾ ਹੈ। ਉਹਨਾਂ ਦੇ ਕਾਲ ਵਿਚ, ਕੁਝ ਲੋਕਾਂ

ਅਜਿਹੇ ਪੱਕੇ ਪ੍ਰੰਪਰਾਵਾਦੀ ਸਨ ਜਿਹੜੇ ਸੁਧਾਰਕਾਂ ਨੂੰ ਵੇਖਕੇ ਨੱਕ-ਮੂੰਹ ਚਾੜ੍ਹਦੇ ਸਨ ਅਤੇ ਜਿਨ੍ਹਾਂ ਦੀ ਧਾਰਨਾ ਸੀ, ਕਿ ਵਿਮਾਨ ਵਿਦਿਆ ਤੋਂ ਲੈ ਕੇ ਨਵੀਨਤਮ ਵਿਗਿਆਨਕ ਕਾਢਾਂ ਤੱਕ ਸਭ ਕੁਝ ਵੇਦ-ਕਾਲ ਵਿਚ ਕਾਇਮ ਸੀ । ਵਾਸਤਵਿਕਤਾ ਵਿਚ ਅਤੇ ਉਹਨਾਂ ਲੋਕਾਂ ਦੀਆਂ ਉਦਾਹਰਣਾਂ ਵਿਚ ਹਾਸੋਹੀਣਾ ਫਰਕ ਹੈ । ਕੋਲਹਟਕਰ ਨੇ ਉਸ ਨੂੰ ਬੜੇ ਹੀ ਸ਼ਾਨਦਾਰ ਢੰਗ ਨਾਲ ਪ੍ਰਗਟ ਕੀਤਾ । ਉਹਨਾਂ ਦੇ ਸਾਹਿਤਕ ਮਾਣਕ--ਪੁੱਤਰ 'ਸੁਦਾਮਾ' ਦੇ ਪਿੰਡ ਵਿਚ ਇਕ ਮਸ਼ਹੂਰ ਪ੍ਰੋਫੈਸਰ ਸਾਹਿਬ ਦੀ ਇਕ ਲੈਕਚਰ ਲੜੀ ਪ੍ਰਾਚੀਨ ਪ੍ਰੰਪਰਾ ਦੇ ਸਮਰਥਨ ਲਈ ਚੱਲ ਰਹੀ ਸੀ, ਉਸਦਾ ਹਵਾਲਾ ਦਿੰਦੇ ਹੋਏ ਉਹ ਕਹਿੰਦੇ ਹਨ:-

"ਪ੍ਰੋਫੈਸਰ ਸਾਹਿਬ ਨੇ ਸਾਡੇ ਪਿੰਡ ਵਿਚ ਵਿਖਿਆਨ ਦੇ ਕੇ ਸਾਡੀ ਇਹ ਧਾਰਨਾ ਪੱਕੀ ਕਰ ਦਿਤੀ, ਕਿ ਅੰਗ੍ਰੇਜ਼ੀ ਸੁਧਾਰਾਂ ਵਿਚ ਕੁਝ ਭੀ ਨਵੀਨਤਾ ਨਹੀਂ ਹੈ । ਉਹਨਾਂ ਨੇ ਪ੍ਰਮਾਣ ਸਹਿਤ, 'ਅਗਨੀਮੀਲੇ ਪਰੋਹਤੰ' ਨਾਂ ਦੇ ਵੇਦ ਮੰਤ੍ਰ ਨਾਲ ਸਿੱਧ ਕਰ ਦਿਤਾ, ਕਿ ਸਾਡੇ ਪੂਰਵਜਾਂ ਦੇ ਸਮੇਂ ਵਿਚ, ਰੇਲਗੱਡੀ ਕਾਇਮ ਸੀ । ਇਸੇ ਤਰ੍ਹਾਂ ਉਹਨਾਂ ਨੇ ਇਹ ਭੀ ਦੱਸਿਆ, ਕਿ ਡਾਕ ਅਤੇ ਤਾਰ ਦੀ ਪ੍ਰਨਾਲੀ ਵੀ ਉਹਨੀਂ ਦਿਨੀਂ ਕਾਇਮ ਸੀ, ਵਿਚ ਵਿਚ ਆਪਣੀ ਆਵਾਜ਼ ਨੂੰ ਉੱਚੀ ਕਰਦਿਆਂ ਉਹਨਾਂ ਨੇ ਇਹ ਵੀ ਦਸਿਆ, ਕਿ ਵੇਦ ਵਿਚ ਬੂਟ ਪਤਲੂਣ ਦਾ ਅਤੇ ਸਿਮਰਤੀਆਂ ਵਿਚ ਐਨਕ ਦਾ ਭੀ ਵਰਣਨ ਹੈ ਅਤੇ ਅਗਸਤੇ ਰਿਸ਼ੀ ਨੇ ਸੋਡੇ ਵਾਟਰ ਦਾ ਵੀ ਇਕ ਕਾਰਖ਼ਾਨਾ ਲਾਇਆ ਹੋਇਆ ਸੀ । ਉਹਨਾਂ ਇਹ ਭੀ ਸਿੱਧ ਕੀਤਾ ਕਿ ਪੂਰਬ-ਕਾਲੀਨ ਰਿਸ਼ੀ ਲੋਕ ਸ਼ਰਾਬ-ਮਾਸ ਦੀ ਵਰਤੋਂ ਵੀ ਕਰਿਆ ਕਰਦੇ ਸਨ । ਇਹ ਸੁਣ ਕੇ ਤਾਂ ਸਾਡੇ ਆਨੰਦ ਦੀ ਕੋਈ ਹੱਦ ਨਾ ਰਹੀ । ਅਸੀਂ ਸੁਧਾਰਵਾਦੀ ਸਭਾਈਆ ਵਲ ਹੀਣਭਾਵ ਨਾਲ ਵੇਖਣ ਲੱਗੇ । ਇਹਨਾਂ ਉਣਮਤ ਸੁਧਾਰਵਾਦੀਆਂ ਨੂੰ ਲਗਦਾ ਹੈ, ਕਿ ਸ਼ਰਾਬ ਅਤੇ ਮਾਸ ਦੀ ਵਰਤੋਂ ਬਿਲਕੁਲ ਨਵੀਂ ਹੈ । ਪਰ ਇਹਨਾਂ ਨੂੰ ਇੰਨਾ ਭੀ ਗਿਆਨ ਨਹੀਂ, ਕਿ ਵਿਸਿਸ਼ਟ ਰਿਖੀ ਜਦੋਂ ਖਾਣ ਲਈ ਬੈਠਦੇ ਸਨ, ਕਿ ਪੂਰੇ ਦਾ ਪੂਰਾ ਬੈਲ ਡਕਾਰ ਜਾਂਦੇ ਸਨ ਅਤੇ ਇੰਦਰ ਤਾਂ ਸ਼ਰਾਬ ਦੇ ਨਸ਼ੇ ਵਿਚ ਗੁੱਟ ਹੋ ਕੇ, ਗੰਦੀ ਨਾਲੀ ਵਿਚ ਜਾ ਡਿਗਿਆ ਸੀ । ਅਜੋਕੇ ਲੋਕ ਜਿਹੜੀਆਂ ਗੱਲਾਂ ਨੂੰ ਨਵੀਆਂ ਸਮਝਦੇ ਹਨ, ਉਹ ਸਾਡੇ ਬਜ਼ੁਰਗਾਂ ਦੀ ਜੂਠ ਹੀ ਹਨ, ਜਿਧਰ ਦੇਖੋ ਇਹੀ ਕਹਿੰਦੇ ਸੁਣਾਈ ਦਿੰਦੇ ਸਨ। ਅੰਤ ਵਿਚ ਜ਼ੋਰਦਾਰ ਤਾਲੀਆਂ ਵਜੀਆਂ ਅਤੇ ਸਭਾ ਬਰਖਾਸਤ ਹੋਈ ।"

ਇਹ ਸਾਰਾ ਵਰਣਨ ਕੋਲਹਟਕਰ ਦੀ ਸ਼ੈਲੀ ਦੀ ਸੁੰਦਰ ਉਦਾਹਰਣ ਹੈ । "ਵਿਆਜਸਤੁਤੀ" ਰਾਹੀਂ ਪ੍ਰੰਪਰਾਵਾਦੀਆਂ ਦਾ ਜਿਹੜਾ ਮਖੌਲ ਇਥੇ ਉਡਾਇਆ ਗਿਆ ਹੈ, ਉਸ ਨਾਲ ਉਹਨਾਂ ਲੋਕਾਂ ਦੀਆਂ ਧਾਰਨਾਵਾਂ ਆਪਣੇ ਆਪ ਹੀ ਵਿਅਰਥ ਸਿੱਧ ਹੋ ਜਾਂਦੀਆਂ ਹਨ ।

ਇਸੇ ਤਰ੍ਹਾਂ ਉਹਨੀਂ ਦਿਨੀਂ ਸਮਾਜ ਵਿਚ 'ਦਿਹੇਜ' ਦੀ ਜਿਹੜੀ ਪ੍ਰਥਾ ਕਾਇਮ ਸੀ, ਉਸਦਾ ਭੀ ਉਹਨਾਂ ਨੇ 'ਲਗਨਸਮਾਰਭ' ਨਾਂ ਦੇ ਆਪਣੇ ਲੇਖ ਵਿਚ 'ਵਿਆਜਸਮਰਥਨ' ਕੀਤਾ ਹੈ । ਸੁਦਾਮਾ ਕਹਿੰਦਾ ਹੈ—"ਦਾਜ ਵਲ ਸਾਡੇ ਮਨ ਖਿਚੇ

ਜਾਣ ਦਾ ਇਕ ਹੋਰ ਕਾਰਨ ਸੀ। ਪਿਛਲੇ ਦਿਨੀਂ ਮੈਂ ਮਹਾਰਾਣੀ ਵਿਕਟੋਰੀਆ ਦੀ ਜੀਵਨੀ ਪੜ੍ਹੀ ਸੀ। ਉਸ ਵਿਚ, ਉਹਨਾਂ ਦੇ ਅਲੌਕਿਕ ਗੁਣਾਂ ਨੂੰ ਪੜ੍ਹ ਕੇ ਮੇਰੇ ਮਨ 'ਤੇ ਇੰਨਾ ਪ੍ਰਭਾਵ ਪਿਆ ਹੈ, ਕਿ ਉਦੋਂ ਤੋਂ ਮੈਨੂੰ ਉਹਨਾਂ ਦੀਆਂ ਯਾਦਗਾਰਾਂ ਨੂੰ ਇਕੱਠਿਆਂ ਕਰਨ ਦਾ ਸ਼ੌਕ ਹੋ ਗਿਆ ਹੈ। ਕ੍ਰਿਸਾਨ ਤੋਂ ਪੈਸੇ ਮਿਲਣ ਮਗਰੋਂ ਕਈ ਵਾਰ ਰਾਣੀ ਸਾਹਿਬਾ ਦੇ ਮੂੰਹ ਵਲ ਮੈਂ ਰਾਜ ਭਗਤੀ ਵਿਚ ਖੁਭ ਕੇ ਵੇਖਦਾ ਰਹਿੰਦਾ ਹਾਂ। ਰਾਣੀ ਸਾਹਿਬਾ ਤਾਂ ਸਾਨੂੰ ਛਡ ਕੇ ਚਲੇ ਗਏ, ਪਰ ਉਹਨਾਂ ਦੀਆਂ ਸੁੰਦਰ ਮੂਰਤੀਆਂ ਦਾ ਤਾਂ ਘੱਟੋ ਘੱਟ ਵਿਯੋਗ ਨਾ ਹੋਵੇ।" ਆਪਣੇ ਪਦਾਰਥ-ਲੋਭ ਉਤੇ ਸੁਦਾਮਾ ਰਾਜ ਭਗਤੀ ਦਾ ਪਰਦਾ ਪਾ ਦਿੰਦਾ ਹੈ ਪਰ ਮਜ਼ੇਦਾਰ ਗੱਲ ਇਹ ਹੈ, ਕਿ ਮਨੋਰੰਜਨ ਦੇ ਪਾਰਦਰਸ਼ੀ ਫਾਰਮੂਲੇ (ਸੂਤਰ) ਕਾਰਣ ਉਸਦਾ ਹੋਰ ਵੀ ਵਧੇਰੇ ਰਹੱਸ ਖੁਲ੍ਹ ਜਾਂਦਾ ਹੈ।

ਕੋਲਹਟਕਰ ਦੀ ਮਨੋਰੰਜਨ ਸ਼ੈਲੀ ਦਾ ਵਰਣਨ ਕਰਦਿਆਂ ਆਚਾਰੀਆਂ ਅਤਰੇ ਨੇ ਜਿਹੜੀ ਇਹ ਗੱਲ ਕਹੀ ਹੈ ਕਿ "ਨਿਰਾਰਥਕ ਪਰੰਪਰਾਵਾਂ ਅਤੇ ਗੰਭੀਰਤਾ ਨਾਲ ਉਹਨਾਂ ਦਾ ਸਮਰਥਣ ਕਰਨ ਵਾਲੇ ਮੂਰਖ ਵਿਅਤਕੀਆਂ ਦਾ ਖੋਖਲਾਪਣ ਕਿਵੇਂ ਪ੍ਰਗਟ ਕੀਤਾ ਜਾਵੇ, ਇਸਦਾ ਇਕ ਜ਼ੋਰਦਾਰ ਢੰਗ (ਤਕਨੀਕ) ਕੋਲਹਟਕਰ ਨੇ ਕਢਿਆ ਹੈ" ਉਹ ਇਕ ਦਮ ਸਹੀ ਹੈ। ਇਸ ਭੇਦਮਈ ਵਿਰੋਧਾਭਾਸੀ ਢੰਗ ਦਾ ਉਦੇਸ਼ ਕੇਵਲ ਸਮਾਜ ਨੂੰ ਮਨੋਰੰਜਨ ਦੇਣਾ ਹੀ ਨਹੀਂ ਸੀ, ਸਗੋਂ ਉਸਨੂੰ ਵਿਚਾਰ ਕਰਨ ਲਈ ਪ੍ਰੇਰਨਾ ਦੇਣਾ ਭੀ ਸੀ। ਉਹਨਾਂ ਦੇ ਮਨੋਰੰਜਨ ਦਾ ਮੁਖ ਉੱਦੇਸ਼ ਭੀ ਇਹੀ ਸੀ। ਇਸ ਸਮਾਜ ਮੂਰਤੀ-ਭੰਗ ਦੇ ਪਿੱਛੇ ਉਹਨਾਂ ਦਾ ਇਕ ਹੋਰ ਸੂਖਮ ਉਦੇਸ਼ ਸੀ-ਨਿਰ-ਵਿਆਜ ਸੁੰਦਰਤਾ ਨੂੰ ਪ੍ਰਗਟ ਕਰਨਾ। ਕਿਉਂਕਿ ਇਹ ਉਹਨਾਂ ਦੇ ਸੁਭਾਅ ਦਾ ਅੰਗ ਸੀ, ਇਸ ਕਰਕੇ ਸਮਾਜਿਕ ਜੀਵਨ ਦੀ ਸੁੰਦਰਤਾ ਰਹਿਤ ਗੱਲ ਦਾ ਚੁਭਣਾ ਉਹਨਾਂ ਲਈ ਸੁਭਾਵਿਕ ਹੀ ਸੀ। ਇਸ ਮੂਰਤੀ-ਭੰਗ ਰਾਹੀਂ ਉਹਨਾਂ ਦੀ ਸੁੰਦਰਤਾ-ਦ੍ਰਿਸ਼ਟੀ ਨੇ ਇਕ ਸੁੰਦਰ, ਸੁਸੰਗਤ ਆਦਰਸ਼ ਸਮਾਜ ਦੀ ਉਸਾਰੀ ਦੇ ਸੁਪਨੇ ਵੇਖੇ ਸਨ। ਇਸ ਕਰਕੇ ਉਹਨਾਂ ਨੇ ਤਥਾ-ਸੁੰਦਰਤਾ ਸੰਗਤ ਅਤੇ ਅਸੰਗਤ ਵਿਚਕਾਰ ਜਿਹੜਾ ਹੱਦ ਟੱਪਣ ਦਾ ਵਿਰੋਧ ਰਹਿੰਦਾ ਹੈ, ਉਸਨੂੰ ਮਨੋਰੰਜਨ ਅਤੇ ਮਜ਼ਾਕ ਰਾਹੀਂ ਪ੍ਰਗਟ ਕਰਨ ਦਾ ਯਤਨ ਕੀਤਾ। ਸ਼੍ਰੀ. ਬਾ. ਲ. ਕੁਲਕਰਨੀ ਨੇ ਜਿਹੜੀ ਇਹ ਗੱਲ ਲਿਖੀ ਹੈ, ਕਿ "ਕੋਲਹਟਕਰ ਜਦੋਂ ਅਪਣੀ ਕਲਮ ਚੁਕਦੇ ਹਨ ਤਾਂ ਅਰਥ ਭਰਪੂਰ ਵਿਰੁਧ-ਕਲਪਣਾ ਮਈ—— ਵਾਕਾਂ ਦੀ ਝੜੀ ਲੱਗ ਜਾਂਦੀ ਹੈ" ਉਸਦਾ ਰਹੱਸ ਉਹਨਾਂ ਦੇ ਸੁਭਾਅ ਵਿਚ ਹੀ ਪਿਆ ਹੈ।

ਧਾਰਮਿਕ ਅਤੇ ਸਮਾਜਿਕ ਦੰਭ ਅਤੇ ਮੰਦੀਆਂ ਪ੍ਰਥਾਂਵਾਂ ਤੇ ਉਹਨਾਂ ਨੇ ਜਿਹੜੇ ਸਖਤ ਹਮਲੇ ਕੀਤੇ ਉਹਨਾਂ ਦੇ ਅਨੇਕ ਧਾਰਮਿਕ ਉਦਾਹਰਣ ਉਹਨਾਂ ਦੇ ਸਾਹਿੱਤ ਵਿਚ ਭਰੇ ਪਏ ਹਨ। "ਕੁਲੁਪ" (ਤਾਲਾ) ਨਾਂ ਦੇ ਹਾਸਰਸੀ ਲੇਖ ਵਿਚ ਬਾਲ ਵਿਆਹ, ਚੁਪ, ਬਹੁ-ਪਤਨੀਤਵ ਆਦਿਕ ਪ੍ਰਥਾਂਵਾਂ ਦਾ ਉਹਨਾਂ ਨੇ ਜਿਹੜਾ ਮਜ਼ਾਕ ਉਡਾਇਆ ਹੈ, ਉਹ ਵੇਖਣ ਯੋਗ ਹੈ। ਚਾਬੀ ਨੂੰ ਤਾਲੇ ਦੀ ਅਰਧੰਗਨੀ ਦਸ ਕੇ ਉਹ ਲਿਖਦੇ ਹਨ :—

"ਬਹੁਤ ਸਾਰੇ ਤਾਲੇ ਅੰਤ ਤੱਕ ਅਣ-ਵਿਆਹੇ ਹੀ ਰਹਿੰਦੇ ਹਨ। ਇਹ ਗੱਲ

ਸੁਣਕੇ ਸਾਡੇ ਧਰਮ-ਅਭਿਮਾਨੀ ਆਰੀਆ ਪੁੱਤਰ ਹੈਰਾਨ ਹੋ ਕੇ ਕਹਿਣਗੇ —ਬਚਪਨ ਵਿਚ ਵਿਆਹੇ ਨਾ ਹੋ ਕੇ ਉਮਰ ਭਰ ਬ੍ਰਹਿਮਚਾਰਤਾ ਦਾ ਪਾਲਣ ਕਰਨਾ ਕਿੰਨੀ ਬੇਵਕੂਫੀ ਦੀ ਗੱਲ ਹੈ। ਸੋਹਲਵੇਂ ਵਰ੍ਹੇ ਵਿਚ ਵਿਆਹੁਤਾ ਜੀਵਨ ਆਰੰਭ ਕਰਕੇ ਆਪਣੇ ਬਚਿਆਂ ਦੀ ਮਰਦਮਸ਼ੁਮਾਰੀ ਕਰਦਿਆਂ ਤੀਹਵੇਂ ਵਰ੍ਹੇ ਵਿਚ ਮਨੁਖ ਬਜ਼ੁਰਗੀ ਨੂੰ ਪ੍ਰਾਪਤ ਕਰ ਸਕਦਾ ਹੈ। ਇਕ ਅਕਾਲ ਪਕਿਆਈ ਨੂੰ ਤਿਆਗ ਕੇ ਆਪਣੀ ਸ਼ਕਤੀ ਅਤੇ ਸੁਤੰਤਰਤਾ ਨੂੰ ਸੁਰੱਖਿਅਤ ਰਖਣਾ ਕਿੰਨਾ ਵੱਡਾ ਹੌਸਲਾ ਹੈ ? ਤਾਲਿਆਂ ਵਿਚ ਜੇ ਇਸ ਤਰ੍ਹਾਂ ਦਾ ਭ੍ਰਿਸ਼ਟਾਚਾਰ ਜ਼ਰੂਰੀ ਵੀ ਹੋਵੇ ਤਾਂ ਉਹ ਵਿਦੇਸ਼ੀ ਤਾਲਿਆਂ ਵਿਚ ਹੋਣਾ ਚਾਹੀਦਾ ਹੈ। ਜੇ ਦੇਸ਼ੀ ਤਾਲਿਆਂ ਵਿਚ ਹੀ ਹੋਣਾ ਹੈ ਤਾਂ ਘੱਟੋ ਘੱਟ ਉਹ ਤਾਲੇ ਪੜ੍ਹੇ ਲਿਖੇ ਤਾਂ ਹੋਣ.ਅਸੀਂ ਆਪਣੇ ਧਰਮ-ਅਭਿਮਾਨੀਆਂ ਦੀ ਚਲਾਕੀ ਦੀ ਤਰੀਫ ਕਰਦੇ ਹਾਂ ਕਿਉਂਕਿ ਇਹ ਬ੍ਰਹਿਮਚਾਰੀ ਤਾਲੇ ਵਾਸਤਵ ਵਿਚ ਬੋਲਣ ਵਾਲੇ ਹੁੰਦੇ ਹਨ। ਉਹਨਾਂ ਨੂੰ ਅੱਖਰ ਜ਼ਬਾਨੀ ਯਾਦ ਹੁੰਦੇ ਹਨ ਅਤੇ ਉਹਨਾਂ ਨੂੰ "ਅਖ਼ਰੀ-ਤਾਲੇ" (ਲੇਟਰਡ ਲੌਕਸ) ਕਿਹਾ ਜਾਂਦਾ ਹੈ। ਅਸੀਂ ਆਪਣੇ ਸੁਧਾਰਵਿਰੋਧੀ ਸਾਥੀਆਂ ਦੇ ਸੰਤੋਖ ਲਈ ਨਿਸ਼ਚੇ ਨਾਲ ਇਹ ਕਹਿ ਸਕਦੇ ਹਾਂ, ਕਿ ਇਨ੍ਹਾਂ ਧਰਮ-ਪ੍ਰੀਵਰਤਨ ਕਾਰੀ ਤਾਲਿਆਂ ਦੀ ਅ-ਧਾਰਮਿਕਤਾ ਦੀ ਗੱਲ ਇਕ ਪਾਸੇ ਰੱਖ ਦਈਏ ਤਾਂ, ਹੋਰ ਸਾਰੇ ਤਾਲੇ ਵਿਆਹ ਦੇ ਮਾਮਲੇ ਵਿਚ ਵਧੇਰੇ ਕਰਕੇ, ਇਸ ਆਰੀਆ ਭੂਮੀ ਦੀ ਸ਼ਾਨ ਵਿਚ ਵਾਧਾ ਕਰਨ ਵਾਲੇ ਹਨ। ਭਾਵ ਹਰੇਕ ਤਾਲੇ ਲਈ ਇਕ ਹੀ ਸਮੇਂ ਵਿਚ, ਦੋ ਚਾਬੀਆਂ ਖਰੀਦ ਵਿਚ ਮਿਲਦੀਆਂ ਹਨ। ਅਤੇ ਜੇ ਦੋਨੋਂ ਖੋ ਜਾਣ ਤਾਂ ਤੀਜੀ ਪ੍ਰਾਪਤ ਕਰਨ ਦੀ ਵੀ ਧਾਰਮਿਕ ਆਗਿਆ ਹੈ।"

ਉਹਨਾਂ ਦੇ ਇਹਨਾਂ ਹਮਲਿਆਂ ਨਾਲ ਵੀ ਪ੍ਰੰਪਰਾਵਾਦੀਆਂ ਦਾ ਨਾ ਚਿੜ੍ਹਨਾ ਹੀ ਅਚੰਭੇ ਦੀ ਗੱਲ ਹੈ। ਆਪਣੇ ਆਤਮ ਚਰਿਤਰ ਵਿਚ ਉਹ ਲਿਖਦੇ ਹਨ—"ਇਹਨਾਂ ਲੇਖਾਂ ਵਿਚ ਹਿੰਦੂ ਧਰਮ ਉਤੇ ਤੇਜ਼ ਕਟਾਕਸ਼ ਹੋਣ ਕਰਕੇ ਧਰਮ-ਅਭਿਮਾਨੀਆਂ ਵਿਚ ਵਧੇਰੇ ਕਰਕੇ ਇਹਨਾਂ ਲੇਖਾਂ ਪ੍ਰਤੀ ਵਿਰੋਧ ਦਿਖਾਈ ਦੇਣ ਲੱਗਿਆ। ਮੋਰਮਕਰ ਕੋਲ ਕਈ ਸ਼ਿਕਾਇਤਾਂ ਆਈਆਂ।"

ਇਸ ਹਾਲਤ ਵਿਚ ਭੀ ਕੋਲਹਟਕਰ ਦਾ ਪ੍ਰੰਪਰਾ-ਭੰਗ ਕਰਨ ਦਾ ਕੰਮ ਨਿਰਭੈਤਾ ਸਹਿਤ ਚਲਦਾ ਰਿਹਾ। ਪਰ ਜਦੋਂ ਉਹਨਾਂ ਨੇ 'ਗਣੇਸ਼ਚਤੁਰਥੀ' ਨਾਂ ਦਾ ਲੇਖ ਲਿਖਿਆ ਤਾਂ ਵਿਰੋਧ ਦਾ ਇਕ ਭਾਰੀ ਤੂਫਾਨ ਆ ਗਿਆ। ਕਈ ਧਰਮ-ਅਭਿਮਾਨੀ ਕਪੜਿਆਂ ਤੋਂ ਬਾਹਰ ਹੋ ਗਏ। ਇਸ ਲੇਖ ਦੀ ਪਿੱਠ ਭੂਮੀ ਬਹੁਤ ਹੀ ਮਨੋਰੰਜਕ ਹੈ। ਮਈ ੧੯੦੩ ਵਿਚ ਉਹਨਾਂ ਦੀ ਚਚੇਰੀ ਭੈਣ ਦਾ ਪੂਨੇ ਵਿਚ ਵਿਆਹ ਹੋਇਆ। ਪੂਨੇ ਵਿਚ ਸੁਧਾਰਵਾਦੀ ਪ੍ਰਕਾਰ ਦਾ ਵਿਆਹ ਕਈ ਵਰ੍ਹਿਆਂ ਤੋਂ ਨਹੀਂ ਸੀ ਹੋਇਆ। ਇਸ ਲਈ ਧਰਮ-ਅਭਿਮਾਨੀਆਂ ਨੇ ਉਸ ਵਿਚ ਵਿਘਨ ਪਾਉਣ ਦਾ ਨਿਸ਼ਚਾ ਕੀਤਾ। ਵਿਆਹ ਸਬੰਧੀ ਰਸਮਾਂ ਲਈ ਲਾੜੇ-ਲਾੜੀ ਦੇ ਗਣਪਤੀ ਦੇ ਮੰਦਰ ਵਿਚ ਆਉਂਦਿਆਂ ਹੀ ਉਹਨਾਂ ਨੇ ਮੰਦਰ ਦਾ ਬਾਹਰਲਾ ਫਾਟਕ ਬੰਦ ਕਰ ਦਿਤਾ। ਇਸ ਤੋਂ ਕਰੋਧਿਤ ਹੋ ਕੇ ਕੋਲਹਟਕਰ ਨੇ ਖੁਦ ਵਿਘਨਹਰਤਾ (ਗਣਪਤੀ) ਨੂੰ ਹੀ ਆਪਣੇ ਮਜ਼ਾਕ ਦਾ ਨਿਸ਼ਾਨਾ ਬਣਾਇਆ। ਦੇਵਤਿਆਂ ਦੀ ਉਤਪਤੀ ਦੀਆਂ

ਪੂਰਾਇਣਕ ਕਥਾਵਾਂ ਨੂੰ ਹਾਸਰਸੀ ਬਣਾਉਂਦਿਆਂ ਲਿਖਿਆ ਹੈ—*"ਪਾਰਵਤੀ ਨੇ ਪੁਛਿਆ—" ਮਹਾਰਾਜ ਦੁਆਰ ਤੇ ਮੇਰੇ ਮੁਤਬੰਨੇ ਪੁਤਰ ਦੇ ਰਹਿੰਦਿਆਂ ਤੁਸੀਂ ਕਿਵੇਂ ਆ ਗਏ ?" ਸ਼ੰਕਰ ਦੇ ਸਾਰੀ ਕਹਾਣੀ ਸੁਣਾਉਣ ਤੇ ਪਾਰਬਤੀ ਸ਼ੋਕ ਕਰਨ ਲੱਗੀ। ਸ਼ੰਕਰ ਨੇ ਉਸਨੂੰ ਬਹੁਤ ਸਮਝਾਇਆ, ਕਿ 'ਦੇਖੋ, ਅੰਗੜਾਈ ਲੈਕੇ, ਜਟਾਂ ਫਟਕਾਰ ਕੇ ਅਤੇ ਕੰਨ ਝਟਕ ਕੇ ਜਿੰਨੇ ਚਾਹੋ ਉਨੇ ਪੁਤਰ ਮੈਂ ਤੇਰੇ ਲਈ ਪੈਦਾ ਕਰ ਸਕਦਾ ਹਾਂ,' ਪਰ ਪਾਰਵਤੀ ਜੀ ਨੂੰ ਉਕਾ ਹੀ ਸੰਤੋਖ ਨਹੀਂ ਆਇਆ"। ਦੇਵਤਿਆਂ ਦਾ ਮਜ਼ਾਕ ਉਡਾਉਦਿਆਂ ਜਦੋਂ ਉਹ ਇਹ ਕਹਿੰਦੇ ਹਨ ਕਿ ਤਮਾਸ਼ਿਆਂ ਦੀ ਪਵਿਤਰ ਕੰਨਿਆਂ ਨੂੰ ਜਦੋਂ ਵਿਸ਼ਨੂੰ ਦੇ ਮੋਹਕ ਰੂਪ ਦੀ ਯਾਦ ਆਉਂਦੀ ਹੈ, ਤਾਂ ਉਹਨਾਂ ਵਿਚ ਅੱਖਾਂ ਮਟਕਾਉਣ ਅਤੇ ਵਧੇਰੇ ਪੈਸੇ ਪੈਦਾ ਕਰਨ ਦੀ ਭਾਵਨਾ ਜਾਗ ਪੈਂਦੀ ਹੈ– – – –ਗਣਪਤੀ ਤੇ ਸਾਡੀ ਪ੍ਰੀਤੀ ਬਾਕੀ ਦੇ ਬੱਤੀ ਕਰੋੜ ਬੈਨਵੇਂ ਲੱਖ ਨੜ੍ਹੰਨਵੇਂ ਹਜ਼ਾਰ ਨੌ ਸੌ ਨੜ੍ਹੰਨਵੇਂ ਦੇਵਤਿਆਂ ਨਾਲੋਂ ਵਧੇਰੇ ਹੋਣ ਦਾ ਕਾਰਨ ਉਹਨਾਂ ਦੀ ਸ਼ਰੀਰਕ ਬੇਡੌਲਤਾ ਹੈ। ਫੇਰ ਇਹਨਾਂ ਵਾਕਾਂ ਵਿਚ ਸ੍ਰੀ ਤੰਦੁਲਕਰ ਨੂੰ 'ਵਿਨੋਦ ਨਾਲੋ ਹਿੰਸਾ ਵਿਰਤੀ ਅਤੇ ਚੋਟਾਂ ਵਧੇਰੇ ਪ੍ਰੀਤੀਤ ਹੁੰਦੀਆਂ ਹਨ। ਪਰ ਇਹ ਕਹਿਣਾ ਹੋਵੇਗਾ, ਕਿ ਕੋਲਹਟਕਰ ਜਿਹੜੀਆਂ ਪ੍ਰਥਾਵਾਂ ਤੇ ਇਹ ਚੋਟ ਕਰਦੇ ਸਨ ਉਨ੍ਹਾਂ ਪ੍ਰਥਾਵਾਂ ਦੀ ਹਿੰਸਾ ਦੇ ਮੁਕਾਬਲੇ ਤੇ ਇਹ ਹਿੰਸਾ ਕੁਝ ਵੀ ਨਹੀਂ ਹੈ। ਸਮਾਜਿਕ ਬੰਦ ਪ੍ਰਥਾਵਾਂ ਤੇ ਹਮਲਾ ਕਰਨ ਸਮੇਂ ਉਹਨਾਂ ਦੇ ਲੇਖਾਂ ਵਿਚ ਕਦੀ ਮਨੋਰੰਜਨ ਅਤੇ ਹਿੰਸਾ ਦਾ ਜਿਹੜਾ ਸੁਮੇਲ ਦਿਸਦਾ ਹੈ, ਉਸਨੂੰ ਮੁਖ ਰਖਦਿਆਂ ਸੁਪ੍ਰਸਿੱਧ ਤੱਤਗਿਆਨੀ ਨਿਤਸ਼ੇ ਦੇ ਸ਼ਬਦਾਂ ਦੀ ਵਰਤੋਂ ਕਰਕੇ, ਸ੍ਰੀ ਨ. ਚਿੰ. ਕੇਲਕਰ ਨੇ ਉਹਨਾਂ ਨੂੰ 'ਹੱਸਣ ਵਾਲਾ ਸ਼ੇਰ' ਕਿਹਾ ਹੈ।

ਕੋਲਹਟਕਰ ਕਿਹਾ ਕਰਦੇ ਸਨ ਕਿ "ਆਸਤਕ ਭਾਵਨਾ ਹਿੰਦੂ ਧਰਮ ਦਾ ਲੱਛਣ ਨਹੀਂ ਹੋ ਸਕਦਾ। ਬਾਹਰੀ ਜਾਂ ਅੰਦਰੂਨੀ ਚਮਤਕਾਰ ਜਦੋਂ ਚਰਮ-ਅੱਖਾਂ ਜਾਂ ਮਨ-ਅੱਖਾਂ ਸਾਮ੍ਹਣਿਓ ਲੰਘਦੇ ਹਨ ਤਾਂ ਸੁਤੇ ਸਿੱਧ ਹੀ ਈਸ਼ਵਰ ਸ਼ਕਤੀ ਦੀ ਯਾਦ ਆਉਂਦੀ ਹੈ, ਉਸਨੂੰ ਛਡਕੇ ਹੋਰ ਕਿਸੇ ਤਰ੍ਹਾਂ ਦੀ ਯਾਦ ਦੀ ਕਦੀ ਭੀ ਲੋੜ ਮਹਿਸੂਸ ਨਹੀਂ ਹੁੰਦੀ।" ਅਜਿਹੇ ਬੁੱਧੀਵਾਦੀ ਵਿਅਕਤੀ ਦਾ ਪੁਨਰ ਜਨਮ ਵਰਗੀਆਂ ਕਲਪਣਾ ਨੂੰ ਆਪਣੀ ਸੁਆਰਥ ਸਿੱਧੀ ਦੇ ਕੰਮ ਵਿਚ ਲਿਆਉਣ ਵਾਲੇ ਵਿਅਕਤੀਆਂ ਦਾ ਮਜ਼ਾਕ ਉਡਾਉਣਾ, ਕੁਦਰਤੀ ਹੀ ਸੀ। ਉਹਨਾਂ ਨੇ ਇਕ ਢੋਂਗੀ ਬਾਬੇ ਬਾਰੇ ਲਿਖਿਆ—" ਬਾਬਾ ਜੀ ਆਪਣੇ ਪਿਛਲੇ ਜਨਮਾਂ ਦੀਆਂ ਗੱਲਾਂ ਦੱਸਿਆ ਕਰਦੇ ਸਨ। ਉਹ ਬੜੀਆਂ ਹੀ ਅਜੀਬ ਹੁੰਦੀਆਂ ਸਨ, ਅਤੇ ਉਹਨਾਂ ਦੀ ਇਹ ਗੱਲ ਬੜੀ ਫੱਬਦੀ ਸੀ ਕਿ ਇਸ ਜਨਮ ਵਿਚ ਉਹਨਾਂ ਨੂੰ ਇਹ ਵੱਡੀ ਪਦਵੀ ਕਿਵੇਂ ਮਿਲੀ। ਰਾਮ ਅਵਤਾਰ ਦੇ ਯੁੱਗ ਵਿਚ, ਉਹ ਵਸ਼ਿਸ਼ਟ ਰਿਖੀ ਸੀ ਅਤੇ ਉਹਨਾਂ ਨੇ ਰਿਗਵੇਦ ਦੇ ਕਈ ਸੂਕਤ ਰਚੇ ਸਨ। ਬਹੁਤ ਵਰ੍ਹੇ ਬੀਤ ਜਾਣ ਕਰਕੇ ਉਹਨਾਂ ਨੂੰ ਇਸ ਜਨਮ ਵਿਚ ਉਹ ਸੂਕਤ ਜਾਂ ਉਹਨਾਂ ਦੇ ਅਰਥ ਯਾਦ ਨਹੀਂ ਰਹੇ, ਇਹ ਦੂਜੀ ਗੱਲ ਹੈ– – – ਇਉਂ ਬਾਬਾ ਜੀ ਪੂਰੇ ਵੈਰਾਗੀ ਸਨ, ਪਰ ਸੁਭਾਵਿਕ ਤੌਰ ਤੇ ਅੰਦਰੋਂ ਬਹੁਤ ਹੀ ਕਰੁਣਾਮਈ ਹੋਣ ਕਰਕੇ ਆਪਣੀ ਪੂਰਬ ਜਨਮ ਦੀ ਪਤਨੀ ਨੂੰ ਭੁਲ ਨਹੀਂ ਸਨ

ਸਕੇ । ਜਦੋਂ ਭੀ ਕਦੇ ਕੋਈ ਸੁੰਦਰੀ ਉਹਨਾਂ ਦੇ ਚਰਨ ਛੂਹਣ ਲਈ ਆਉਂਦੀ ਤਾਂ ਉਹਨਾਂ ਨੂੰ ਇਸ ਗੱਲ ਦਾ ਅੰਤ੍ਰ-ਗਿਆਨ ਹੋ ਜਾਂਦਾ, ਕਿ ਉਹ ਉਹਨਾਂ ਦੇ ਪੂਰਬ ਜਨਮ ਦੀ ਪਤਨੀ ਹੈ ਤੇ ਉਹ ਉਸ ਵੱਲ ਉਸੇ ਭਾਵਨਾ ਨਾਲ ਵੇਖਣ ਲੱਗ ਜਾਂਦੇ ਸਨ । ਉਸ ਇਸਤ੍ਰੀ ਦੇ ਇਸ ਜਨਮ ਵਿਚ ਪਰ-ਇਸਤ੍ਰੀ ਹੋਣ ਤੇ ਭੀ ਉਹ ਉਸ ਵੱਲ ਨਿਸ਼ਕਾਮਨਾ ਨਾਲ ਨਹੀਂ ਸੀ ਵੇਖਦੇ। ਦੋ ਦਸਤਾਵੇਜ਼ਾਂ ਵਿਚੋਂ ਪਹਿਲਾਂ ਦਰਜ ਕਰਾਈ ਗਈ ਦਸਤਾਵੇਜ਼ ਨੂੰ ਪਹਿਲ ਮਿਲਦੀ ਹੈ, ਕਾਨੂੰਨ ਦਾ ਇਹ ਸਿਧਾਂਤ ਭੀ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ । ਇਕ ਬਹਾਦਰ ਅਜਿਹਾ ਭੀ ਨਿਕਲਿਆ ਜਿਸਨੇ ਆਪਣੀ ਪਤਨੀ ਨਾਲ ਉਹਨਾਂ ਦੇ ਪੂਰਬ ਜਨਮੀ ਰਿਸ਼ਤੇ ਦੀ ਗੱਲ ਬਾਬਾ ਜੀ ਦੇ ਮੂੰਹ ਤੋਂ ਸੁਣਦਿਆਂ ਹੀ ਪੈਰ ਪੂੰਝਣ ਵਾਲੇ ਇਕ ਕਪੜੇ ਨੂੰ ਇਹ ਕਹਿਕੇ ਬਾਬਾ ਜੀ ਦੇ ਸਿਰ ਤੇ ਮਾਰ ਦਿਤਾ, ਕਿ "ਇਹ ਪਿਛਲੇ ਜਨਮ ਵਿਚ ਤੇਰੀ ਪਗੜੀ ਸੀ ।"

ਇਸ ਤਰ੍ਹਾਂ ਉਹਨਾਂ ਨੇ ਆਪਣੇ ਮਨੋਰੰਜਕ ਹਮਲੇ ਨਾਲ ਅਨੇਕ ਯੁੱਗਾਂ ਤੋਂ ਘੋਰ ਨੀਂਦ ਵਿਚ ਸੁੱਤੇ ਹੋਏ ਸਮਾਜ ਨੂੰ ਜਗਾਉਣ ਦਾ ਯਤਨ ਕੀਤਾ । ਉਹਨਾਂ ਦੇ ਪੂਜਨੀਕ ਨਿਆਂ ਪੂਰਤੀ ਮਹਾਂਦੇਵ ਗੋਵਿੰਦ ਰਾਨਾਡੇ ਨੇ ਭੀ ਬਿਲਕੁਲ ਠੰਡੇ ਬਰਫ ਵਾਂਗ ਜੰਮੇ ਹੋਏ ਮਹਾਂਰਾਸ਼ਟਰ ਵਿਚ ਨਵ-ਚੇਤਨਾ ਲਿਆਂਦੀ । ਕੋਲਹਟਕਰ ਨੇ ਉਹਨਾਂ ਦੇ ਹੀ ਕਾਰਜ ਨੂੰ ਅੱਗੇ ਵਧਾਇਆ, ਅਤੇ ਅਪਣੀ ਵਿਚਾਰਕ ਬੁੱਧ ਰਾਹੀਂ ਮਹਾਰਾਸ਼ਟਰ ਨੂੰ ਸਮਾਜ ਸੁਧਾਰ ਦੇ ਖੇਤਰ ਵਿਚ ਪ੍ਰਗਤੀਸ਼ੀਲ ਬਣਾਇਆ । ਪਰ ਇਹ ਗੱਲ ਧਿਆਨ ਦਿਤੇ ਜਾਣ ਯੋਗ ਹੈ, ਕਿ ਉਹਨਾਂ ਦਾ ਸਾਹਿੱਤ, ਕੇਵਲ ਪ੍ਰਚਾਰਾਤਮਿਕ ਨਹੀਂ ਸੀ, ਸਗੋਂ ਉਸ ਵਿਚ ਕਲਾਤਮਿਕਤਾ ਕੁੱਟ ਕੁੱਟ ਕੇ ਭਰੀ ਹੋਈ ਸੀ ।

ਇਸਤੋਂ ਇਲਾਵਾ ਉਹਨਾਂ ਨੇ 'ਸ੍ਰਾਵਣੀ,, 'ਚਿਤ੍ਰਗੁਪਤਾਚਾ ਜਮਾਖਰਚ', ਮਰਣੋਤਰ', 'ਯਸ਼ : ਸਿੱਧੋਤੇ ਸੋਪੇ. ਵ ਅਚੂਕ ਮਾਰਗ, 'ਪਾਡੂਤਾਤਿਆਂਚੀ ਨਿਰਜਲੀ ਏਕਾਦਸ਼ੀ', 'ਸਾਧੂਸੰਗ' , 'ਧਰਮਾਂਤਰ' ਆਦਿਕ ਭਿੰਨ ਭਿੰਨ ਲੇਖਾਂ ਰਾਹੀਂ ਸਮਾਜਕ ਅਤੇ ਧਾਰਮਿਕ ਗਲਤ ਰੀਤੀਆਂ ਤੇ ਸਖਤ ਚੋਟ ਮਾਰੀ । ਚਾਰਵਰਣ ਅਤੇ ਜਾਤਪਾਤ ਸਮਾਜ ਦੀ ਪ੍ਰਕਿਰਤੀ ਨਾ ਹੋ ਕੇ ਗਲਤੀ ਹੈ, ਇਹ ਗੱਲ ਉਹਨਾਂ ਨੇ ਨਿਰਭੈ ਹੋ ਕੇ ਕਹੀ । ਉਹਨਾਂ ਨੇ ਇਹ ਜਾਣ ਲਿਆ ਸੀ, ਕਿ ਵਿਧੀ-ਨਿਖੇਧਾਤਮਿਕ ਨੇਮਾਂ ਨਾਲ ਮਨੁਖ ਇੰਨਾ ਜਕੜਿਆ ਜਾਂਦਾ ਹੈ, ਕਿ ਉਸਦੇ ਪੁਰਸ਼ਾਰਥ ਲਈ, ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ । ਅਤੇ ਇਸੇ ਲਈ ਉਹਨਾਂ ਨੇ ਮਨੋਰੰਜਕ ਵਾਕਾਂ ਨਾਲ ਪ੍ਰਥਾਵਾਂ ਦੀ ਲੜੀ ਨੂੰ ਬੁਰੀ ਤਰ੍ਹਾਂ ਤੋੜਕੇ ਰੱਖ ਦਿਤਾ । ਇਹਨਾ ਵਾਰਾਂ ਦੀ ਤੇਜ਼ੀ ਦੇ ਸਬੰਧ ਵਿਚ ਆਚਾਰੀਆ ਅਤਰੇ ਨੇ ਲਿਖਿਆ ਹੈ--" ਤਿਲਕ, ਪਰਾਂਜਪੇ ਆਦਿਕ ਦੇ ਰਾਜਨੀਤਕ ਲੇਖਾਂ ਵਿਚ ਜਿੰਨੀ ਨਿੱਡਰਤਾ ਅਤੇ ਅੱਗ ਸੀ, ਉੱਨੀ ਹੀ ਕੋਲਹਟਕਰ ਦੇ ਸਮਾਜਕ ਮਜ਼ਾਕ ਵਿਚ ਸੀ । ਸ਼ਿਮਗਾ (ਹੋਲੀ) ਗਣੇਸ਼ਚਤੁਰਥੀ ਸ਼ਾਵਣੀ ਅਤੇ ਧਰਮਾਂਤਰ ਆਦਿਕ ਦੀਆਂ ਜਿਵੇਂ ਉਹਨਾਂ ਨੇ ਧੱਜੀਆਂ ਉਡਾਈਆਂ, ਉਸੇ ਤਰ੍ਹਾਂ, ਜੇ ਕਿਤੇ ਉਹ ਵਿਦੇਸ਼ੀ ਹਾਕਮਾਂ ਦੇ ਕਿਸੇ ਅਨਿਆਂ ਜਾਂ ਅਤਿਆਚਾਰ ਦੀ ਖਬਰ ਲੈਂਦੇ, ਤਾਂ ਉਹਨਾਂ ਨੂੰ ਘੱਟੋ ਘੱਟ ਪੰਜ-ਛੇ ਵਰਸ਼ ਲਈ ਤਾਂ ਜੇਲ੍ਹ ਦੀ ਹਵਾ ਖਾਣੀ ਹੀ ਪੈ ਜਾਂਦੀ ।"

ਕੋਲਹਟਕਰ ਨੇ ਸੁਦਾਮਾ, ਬੰਡੂਨਾਨਾ ਅਤੇ ਪਾਂਡੂਤਾਤਿਆ ਨਾਂ ਦੇ ਤਿੰਨ

ਪਾਤਰ ਤਿਆਰ ਕੀਤੇ ਹਨ ਅਤੇ ਉਹਨਾਂ ਦੇ ਤੌਰ-ਤਰੀਕੇ ਦੇ ਵਿਰੋਧ ਦਾ ਚਿਤਰਣ ਕਰਦਿਆਂ, ਉਹਨਾਂ ਨੇ ਪ੍ਰੰਪਰਾਵਾਦੀਆਂ ਦੇ ਦੰਭ ਦਾ ਪਰਦਾ ਫਾਸ਼ ਕੀਤਾ ਹੈ। ਕੋਲਹਟਕਰ ਨੇ ਆਪਣੇ ਆਪਨੂੰ 'ਸੁਦਾਮਾ' ਦੇ ਰੂਪ ਵਿਚ ਪੇਸ਼ ਕੀਤਾ ਹੈ। 'ਮਾਝੇ ਟੀਕਾਕਾਰ' (ਮੇਰੇ ਆਲੋਚਕ) ਨਾਂ ਦੇ ਇਕ ਲੇਖ ਵਿਚ ਕੋਲਹਟਕਰ ਲਿਖਦੇ ਹਨ-" ਮੇਰੇ ਪਰੰਪਰਾਵਾਦੀ ਪਾਠਕ ਕਿਤੇ ਆਪਣੀਆਂ ਗਾਲ੍ਹਾਂ ਦਾ ਨਿਸ਼ਾਨਾ ਮੈਨੂੰ ਹੀ ਨਾ ਬਣਾ ਲੈਣ। ਇਸ ਵਿਚਾਰ ਨਾਲ ਮੈਂ 'ਸੁਦਾਮਾ ਨਾਂ ਦਾ ਆਪਣਾ ਇਕ ਮਾਣਸਪੁਤਰ ਉਸਾਰਿਆ ਹੈ ਅਤੇ ਅਪਣੇ ਮਤ ਦਾ ਸਮਰਥਣ ਕਰਨ ਲਈ ਇਹ ਪ੍ਰਾਣਪੰਥੀ ਜਿਹੜੇ ਘਟੀਆ ਅਤੇ ਹਾਸੋਹੀਣੇ ਅਤੇ ਤਰਕਾਂ ਦਾ ਆਸਰਾ ਲੈਂਦੇ ਹਨ, ਉਹ ਸਾਰੇ ਉਸਦੇ ਮੂੰਹੋਂ ਕਢਵਾਏ ਹਨ।" ਸ੍ਰੀ ਵ. ਲ. ਕੁਲਕਰਣੀ ਲਿਖਦੇ ਹਨ—" ਕੋਹਲਟਕਰ ਨੇ ਸੁਦਾਮਾ ਦੇ ਅੰਦਰ ਮੂਰਖਤਾ ਅਤੇ ਚਤੁਰਤਾ, ਵਿਨੋਦ ਅਤੇ ਵਿਵੇਕਹੀਣਤਾ ਦਾ ਮਨੋਰੰਜਕ ਮਿਸ਼ਰਣ ਸਾਧਿਆ ਹੈ।" ਉਹਨੀਂ ਦਿਨੀਂ ਲੋਕਾਂ ਵਿਚ, ਇਸ ਗਲ ਨੂੰ ਲੈ ਕੇ ਬੜੀ ਕਾਹਲ ਪੈ ਰਹੀ ਸੀ, ਕਿ ਬੰਡੂਨਾਨਾ ਅਤੇ ਪਾਂਡੂਤਾਤਿਆ ਨਾਂ ਦੇ ਪਾਤਰ ਕਾਲਪਨਿਕ ਹਨ ਜਾਂ ਵਾਸਤਵਿਕ। ਤੇਲਹਾਰਾ ਅਦਾਲਤ ਵਿਚ ਕੰਮ ਕਰਨ ਵਾਲੇ ਬੰਡੂਨਾਨਾ ਅਤੇ ਤਾਤਿਆਬਾ ਚਾਂਦੇਕਰ ਨੂੰ ਵੇਖਕੇ ਉਹਨਾਂ ਨੂੰ ਇਸ ਜੋੜੀ ਦੀ ਗੱਲ ਸੁੱਝੀ। ਬੰਡੂਤਾਤਿਆ ਬਹੁਤ ਜ਼ਿਆਦਾ ਸੌਣ ਅਤੇ ਖਾਣ ਵਾਲਾ ਬੰਦਾ ਸੀ। ਇਹ ਸੁਭਾਅ ਉਹਨਾਂ ਨੇ ਆਪਣੇ ਇਕ ਮਿੱਤ੍ਰ-ਵਾਸੁਦੇਵ ਪਿੰਪਲੀਕਰ ਤੋਂ ਗ੍ਰਹਿਣ ਕੀਤਾ ਸੀ। ਕੋਲਹਟਕਰ ਆਪਣੇ ਆਤਮ-ਚਰਿਤ੍ਰ ਵਿਚ ਲਿਖਦੇ ਹਨ :— "ਅਸੀਂ ਬਹੁਤ ਵਾਰ ਵੇਖਦੇ ਹਾਂ ਕਿ ਕਲਪਣਾ ਵਿਚ ਅਤੇ ਉਸਦੇ ਮੂਰਤ-ਸਰੂਪ ਵਿਚ ਜ਼ਮੀਨ ਅਸਮਾਨ ਦਾ ਫਰਕ ਰਹਿੰਦਾ ਹੈ। ਅਤੇ ਇਹੀ ਗੱਲ ਇਥੇ ਭੀ ਹੋਈ। ਇਸਤੋਂ ਬਿਨਾਂ ਹਰ ਇਕ ਲੇਖ ਦੇ ਨਾਲ ਹੀ ਉਨ੍ਹਾਂ ਦੋਹਾਂ ਤੇ ਨਵੇਂ ਨਵੇਂ ਗੁਣਾਂ ਦਾ ਦੂਸ਼ਣ ਭੀ ਲੱਗਣ ਲੱਗਾ।" ਇਹ ਤਿੰਨੇ ਕੱਟੜ ਧਾਰਮਿਕ ਹਨ। ਉਹਨਾਂ ਦੇ ਆਚਾਰ-ਵਿਹਾਰ ਵਿਚ ਜਿਹੜੀ ਮਿਲੇ ਹੋਏ ਮਨੋਰੰਜਨ ਦੀ ਬਹੁਤਾਤ ਹੈ, ਜੇ ਉਸਨੂੰ ਭੀ ਛਡ ਦਿਤਾ ਜਾਵੇ ਤਾਂ ਸਪੱਸ਼ਟ ਤੌਰ ਤੇ ਇਹ ਪਾਤਰ ਉਸ ਕਾਲ ਦੇ ਅੰਧ-ਸ਼ਰਧਾਲੂ ਧਾਰਮਿਕ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਹਨਾਂ ਪਾਤਰਾਂ ਬਾਰੇ ਨ. ਚਿ ਕੇਲਕਰ ਲਿਖਦੇ ਹਨ, "ਉਹਨਾਂ ਦੀ ਲੀਲ੍ਹਾ, ਵਰਣਨ ਦੇ ਵਿਸਥਾਰ ਦੇ ਕਾਰਣ ਕੁਝ ਅੱਤਕਥਨੀ ਭਰਪੂਰ ਨਜ਼ਰ ਆਉਂਦੇ ਹਨ। ਭਾਵੇਂ ਉਹਨਾਂ ਦੇ ਵਿਚਾਰ, ਉਹਨਾਂ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਹੱਥੀਂ ਹੋਣ ਵਾਲਾ ਅਨੁਚਿਤ ਕੰਮ ਆਦਿਕ ਸਾਰੀਆਂ ਗੱਲਾਂ ਵਿਹਾਰਕਤਾ ਦੇ ਭੇਦ ਨੂੰ ਛੂਹਣ ਵਾਲੀਆਂ ਹਨ। ਇਸ ਕਰਕੇ ਇਹ ਹਾਸਰਸ ਬਹੁਤ ਹੀ ਸੁਜੀਵ ਬਣ ਗਿਆ ਹੈ।" ਇਹ ਤਿੰਨੇ ਪਾਤਰ ਮਰਾਠੀ ਸਾਹਿੱਤ ਵਿਚ ਬਹੁਤ ਜ਼ਿਆਦਾ ਲੋਕ-ਪਿਆਰੇ ਬਣ ਗਏ। ਕੋਲਹਟਕਰ ਦਾ ਹਾਸਰਸ ਵਿਰੋਧੀ ਪਾਤਰ ਦਾ ਹਾਸਰਸ ਨਾ ਹੋ ਕੇ ਵਿਚਾਰਵਾਨ ਵਿਅਕਤੀ ਦਾ ਹਾਸਰਸ ਹੈ। ਇਸ ਕਰਕੇ, ਇਕ ਤਿੱਕੜੀ ਦੀਆਂ ਲੀਲਾਵਾਂ ਨੇ ਮਰਾਠੀ ਪਾਠਕਾਂ ਨੂੰ ਖੂਬ ਹਸਾਇਆ ਨਾਲ ਹੀ ਉਹਨਾਂ ਨੂੰ ਅਤਰਮੁਖੀ ਹੋਕੇ ਵਚਾਰਨ ਲਈ ਵੀ ਪ੍ਰੇਰਿਆ। ਮਰਾਠੀ ਸਾਹਿੱਤ ਵਿਚ

ਜਿਹੜੀ ਹਾਸਰਸੀ ਰਚਨਾ ਦੀ ਪ੍ਰੰਪਰਾ ਕੋਲਹਟਕਰ ਦੇ ਸਮੇਂ ਤੋਂ ਆਰੰਭ ਹੋਈ, ਉਸ ਉਤੇ ਇਹਨਾਂ ਤੇਹਾਂ ਪਾਤਰਾਂ ਦੀ ਛਾਪ ਦਾ ਹੋਣਾ ਸੁਭਾਵਿਕ ਹੀ ਸੀ। ਡਾ: ਆ. ਨਾ. ਦੇਸ਼ਪਾਂਡੇ ਲਿਖਦੇ ਹਨ :- "ਆਧੁਨਿਕ ਮਰਾਠੀ ਵਿਚ ਹਾਸਰਸ ਦੇ ਮੁਖ ਸੰਚਾਲਕ ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਨੇ ਹਿੰਦੀ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਕੁਝ ਕੁ ਕਾਲਪਨਿਕ ਵਿਅਕਤੀਆਂ ਦੇ ਆਚਰਣ ਨੂੰ ਅਪਣੇ ਮਜ਼ਾਕ ਦਾ ਵਿਸ਼ਾ ਬਣਾ ਕੇ ਉਸਦੇ ਮਾਧਿਅਮ ਨਾਲ ਹਾਸਰਸ ਦੀ ਰਚਨਾ ਕੀਤੀ। ਇਹ ਸੰਭਵ ਹੈ ਕਿ ਉਸ ਤੋਂ ਮਗਰੋਂ ਹਾਸਰਸੀ ਰਚਨਾ ਵਿਚ ਜਿਹੜੀ ਕਥਾਤਮਿਕਤਾ ਅਤੇ ਵਿਅਕਤੀ-ਚਿਤ੍ਰਣਾਤਮਿਕਤਾ ਦੀ ਪ੍ਰਥਾ ਚਲ ਪਈ, ਉਸਦਾ ਕਾਰਨ ਕੋਲਹਟਕਰ ਦੀ ਇਹੀ ਸ਼ੈਲੀ ਹੋਵੇ।" ਕੋਲਹਟਕਰ ਤੋਂ ਮਗਰੋਂ ਦੇ ਹਾਸਰਸੀ-ਸਾਹਿੱਤ ਦੇ ਇਤਿਹਾਸ ਦਾ ਅਧਿਅਨ ਕਰਨ ਨਾਲ ਸ੍ਰੀ ਦੇਸ਼ਪਾਂਡੇ ਦਾ ਉਪਰੋਕਤ ਕਥਨ ਯਥਾਰਥਕ ਸਿੱਧ ਹੁੰਦਾ ਹੈ।

ਪ੍ਰਾਚੀਨ ਪ੍ਰਥਾਂਵਾਂ ਨੂੰ ਤਾਂ ਸ੍ਰੀ ਕੋਲਹਟਕਰ ਨੇ ਆਪਣੇ ਹਾਸਰਸ ਦਾ ਨਿਸ਼ਾਨਾ ਬਨਾਉਣ ਦੇ ਨਾਲ ਨਾਲ ਅੰਗ੍ਰੇਜ਼ ਹਕੂਮਤ ਦੇ ਨਾਲ ਆਏ ਸਮਾਚਾਰ ਪੱਤਰ, ਸਿਨਮਾਂ, ਅਬਜ਼ਰਵੇਟਰੀ ਨੁਮਾਇਸ਼, ਸੰਸਥਾ ਸੰਮੇਲਨ ਆਦਿਕ ਨਵੀਆਂ ਚੀਜ਼ਾਂ ਨੂੰ ਭੀ ਆਪਣੇ ਹਾਸਰਸ ਦਾ ਨਿਸ਼ਾਨਾ ਬਣਾਇਆ। ਪਰ ਇਸ ਮਨੋਰੰਜਨ ਦਾ ਸਰੂਪ ਅਤੇ ਢੰਗ ਪੂਰੀ ਤਰ੍ਹਾਂ ਵਖਰਾ ਸੀ। ਇਹ ਮਨੋਰੰਜਨ ਪੂਰੀ ਤਰ੍ਹਾਂ ਸ਼ੁੱਧ ਪ੍ਰਕਾਰ ਦਾ ਮਨੋਰੰਜਨ ਹੈ। ਤਿੱਖੇ ਵਿਅੰਗ ਅਤੇ ਮਜ਼ਾਕਾਂ ਨਾਲ ਪੁਰਾਣੀਆਂ ਪ੍ਰਥਾਂਵਾਂ ਉਤੇ ਟੁਟ ਪੈਣ ਵਾਲੇ ਕੋਲਹਟਕਰ ਇਥੇ ਆਕੇ ਬੜੇ ਹੀ ਗੰਭੀਰ ਅਤੇ ਰਸਿਕ ਮਨੋਰੰਜਕ ਬਣ ਗਏ ਹਨ। ਇਥੇ ਉਹਨਾਂ ਦਾ ਉਦੇਸ਼ ਸਮਾਜ-ਸੁਧਾਰ ਨਾ ਰਹਿਕੇ ਸਿਰਫ ਮਨੋਰੰਜਨ ਦੀ ਸਰਿਸ਼ਟੀ ਰਹਿ ਗਿਆ ਹੈ। 'ਭਵਿਸ਼ਧ-ਕਥਨਾਚੀ ਸਾਧਨੇ' ਨਾਮਕ ਲੇਖ ਵਿਚ, ਅਬਜ਼ਰਵੇਟਰੀ ਦੀ ਜੋ ਟੀਕਾ ਟਿੱਪਣੀ ਕੋਲਟਕਰ ਕੇ ਕੀਤੀ ਹੈ, ਉਹ ਸ਼ੁੱਧ ਮਨੋਰੰਜਨ ਦਾ ਉੱਤਮ ਉਦਾਹਰਣ ਹੈ। ਉਹ ਲਿਖਦੇ ਹਨ :—

"ਅਬਜਰਵੇਟਰੀ ਦੀ ਸਮੁਚੀ ਇਮਾਰਤ ਕਿਉਂਕਿ ਵਾਯੂਮੰਡਲ ਵਿਚ ਖੜ੍ਹੀ ਹੋ ਗਈ ਹੈ, ਇਸ ਕਰਕੇ, ਕਈ ਵਾਰ ਹਵਾ ਦੇ ਝੌਕਿਆਂ ਨਾਲ ਉਹ ਜੇ ਸੱਚ ਤੋਂ ਕੋਹਾਂ ਦੂਰ ਚਲੀ ਜਾਵੇ ਤਾਂ ਅਚੰਭੇ ਦੀ ਕੋਈ ਗੱਲ ਨਹੀ। ਜਦੋਂ ਅਬਜ਼ਰਵੇਟਰੀ ਔੜ ਦੀ ਪੂਰਬ-ਸੂਚਨਾ ਦਿੰਦੀ ਹੈ, ਤਾਂ ਸਮਝ ਲੈਣਾ ਚਾਹੀਦਾ ਹੈ, ਕਿ ਸਾਰੀ ਸ੍ਰਿਸ਼ਟੀ ਬਹੁ-ਵਰਖਾ ਕਾਰਣ ਪਾਣੀ ਹੀ ਪਾਣੀ ਹੋਣ ਜਾ ਰਹੀ ਹੈ। ਅਤੇ ਜੇ ਉਹ ਵਰਖਾ ਦੀ ਪੂਰਬ ਸੂਚਨਾ ਦੇਵੇ ਤਾਂ ਸਮਝਣਾ ਚਾਹੀਦਾ ਹੈ, ਕਿ ਸਾਰਾ ਜੱਗ ਉਸੇ ਤਰ੍ਹਾਂ ਸੁੱਕਾ ਰਹੇਗਾ, ਜਿਵੇਂ ਵਾਯੂਸ਼ਾਸਤ੍ਰੀ ਦਾ ਦਿਮਾਗ। ਜਦੋਂ ਅਬਜ਼ਰਵੇਟਰੀ ਦੇ ਯੰਤਰ੍ਹਾਂ ਵਿਚ ਤੂਫਾਨ ਦੀ ਸੂਚਨਾ ਆਉਂਦੀ ਹੈ, ਤਾਂ ਹਵਾ ਬਹੁਤ ਹੀ ਸ਼ਾਂਤ ਹੋਕੇ, ਉਸਦੀ ਅਵਰਤੋਂ ਸਬੰਧੀ ਵਿਚਾਰ ਕਰਨ ਲਗਦੀ ਹੈ। ਪਰ ਜੇ ਅਬਜ਼ਰਵੇਟਰੀ ਸ਼ਾਂਤ ਵਤਾਵਰਣ ਦੀ ਤੀਬਰਤਾ ਨਾਲ ਉਡੀਕ ਕਰਨ ਲੱਗੇ ਤਾਂ ਝੱਖੜ ਸਾਰੇ ਪਾਸੀਂ ਈਰਖਾਲੂ ਪ੍ਰੇਮੀ ਵਾਂਗ ਝੁੱਲਣ ਲਗਦਾ ਹੈ। ਇਸ ਤਰ੍ਹਾਂ ਇਹ ਅਬਜ਼ਰਵੇਟਰੀ ਸੰਸਾਰ ਨਾਲ ਲੁਕਣ-ਮੀਟੀ ਖੇਡਿਆ ਕਰਦੀ ਹੈ ਅਤੇ ਜਿਵੇਂ ਦਿਨ ਅਤੇ ਰਾਤ ਆਪਸ ਵਿਚ ਮੁਲਾਕਾਤ ਕਰ ਨਹੀਂ

ਸਕਦੇ, ਉਸੇ ਤਰ੍ਹਾਂ ਅਬਜ਼ਰਵੇਟਰੀ ਅਤੇ ਸਚ੍ਹਾਈ ਦੀ ਵਰ੍ਹਿਆਂ ਤੱਕ ਮੁਲਾਕਾਤ ਨਹੀਂ ਹੁੰਦੀ।"

ਰੇਲ ਗੱਡੀ ਦਾ ਵਰਣਨ ਕਰਦਿਆਂ "ਗੱਡੀ ਦੇ ਹਰ ਡੱਬੇ ਵਿਚ ਬਹੁਤ ਜ਼ਿਆਦਾ ਭੀੜ ਸੀ ਅਤੇ ਇਉਂ ਜਾਪਦਾ ਸੀ, ਕਿ ਸਾਰੇ ਡੱਬੇ ਇਸ ਤਰ੍ਹਾਂ ਖਚਾ ਖਚ ਭਰੇ ਰਹਿੰਦੇ ਹਨ, ਜਿਵੇਂ ਕਿਸੇ ਪ੍ਰੈਸ ਵਿਚ ਕੰਪੋਜੀਟਰ ਦੇ ਅਖਰਾਂ ਵਾਲੇ ਖਾਨੇ ਟਾਈਪ ਨਾਲ ਭਰੇ ਰਹਿੰਦੇ ਹਨ। ਇਕ ਯਾਤ੍ਰੀ ਦੀ ਹਫੀ ਹੋਈ ਹਾਲਤ ਨੂੰ ਵੇਖ ਕੇ ਇਉਂ ਲਗਦਾ ਹੈ ਸੀ, ਕਿ ਉਹ ਬੰਬਈ ਦਾ ਯਾਤ੍ਰੀ ਨਾ ਹੋ ਕੇ ਪਰਲੋਕ ਯਾਤ੍ਰੀ ਹੋਵੇ।" ਉਹਨਾਂ ਦਾ ਇਸ ਸਮੇਂ ਦਾ ਇਹ ਵਰਣਨ ਅੱਜ ਵੀ ਅਨੁਭਵ ਕੀਤਾ ਜਾ ਸਕਦਾ ਹੈ। 'ਵਰਤਮਾਨ ਪਤ੍ਰਕਾਰਤਾ' ਨਾਂ ਦੇ ਨਿਬੰਧ ਵਿਚ ਸਮਾਚਾਰ ਪਤ੍ਰ ਅਤੇ ਪਤ੍ਰਕਾਰ ਦਾ ਬੜਾ ਰੋਚਕ ਅਤੇ ਸ਼ਾਨਦਾਰ ਮਜ਼ਾਕ ਉਡਾਇਆ ਗਿਆ ਹੈ। ਉਹ ਤਾਂ ਪੜ੍ਹਨ ਨਾਲ ਹੀ ਬਣਦਾ ਹੈ। ਸਮਾਚਾਰ ਪੱਤ੍ਰ ਦੇ ਕਾਲਮ ਭਰਨ ਲਈ ਯੁੱਧ ਅਤੇ ਖੂਨ-ਖਰਾਬੇ ਦੀ ਕਿਹੋ ਜਿਹੀ ਵਰਤੋਂ ਹੁੰਦੀ ਹੈ, ਅਤੇ ਜੇ ਉਹ ਨਾ ਹੋਵੇ ਤਾਂ ਪਤ੍ਰਕਾਰ ਕਿੰਨਾ ਨਰਾਸ਼ ਹੁੰਦਾ ਹੈ, ਇਹ ਦੱਸਦਿਆਂ ਉਹ ਲਿਖਦੇ ਹਨ :—

"ਈਸ਼ਵਰ ਨੇ ਸਾਮਰਾਜਵਾਦੀ ਲੋਕਾਂ 'ਚ ਜਿਹੜਾ ਬੀਅ ਬੀਜਿਆ ਹੈ, ਉਹ ਸਾਡੇ ਪਤ੍ਰਕਾਰਾਂ ਦੇ ਬਹੁਤ ਕੰਮ ਆਉਂਦਾ ਹੈ। ਸਿਰਫ 'ਬੋਅਰ ਯੁੱਧ, ਹੀ ਮੇਰੇ ਸਮਾਚਾਰ ਪੱਤ੍ਰ ਲਈ ਲਗਾਤਾਰ ਤਿੰਨ ਸਾਲ ਕੰਮ ਆਉਂਦਾ ਰਿਹਾ। ਉਧਰ ਅਫਰੀਕਾ ਵਿਚ ਬੰਦੂਕਾਂ ਦੀਆਂ ਗੋਲੀਆਂ ਚਲਦੀਆਂ ਅਤੇ ਇਧਰ ਸਾਡੇ ਲੇਖਾਂ ਦੀ ਗੋਲਾਬਾਰੀ ਸ਼ੁਰੂ ਹੋ ਜਾਂਦੀ ਉਧਰ ਖੂਨ ਵਹਿੰਦਾ ਤਾਂ ਇਧਰ ਸਾਡੀ ਸਿਆਹੀ ਖਰਚ ਹੁੰਦੀ। ਉਧਰ ਛਾਪੇ ਪੈਂਦੇ ਅਤੇ ਇਧਰ ਛਾਪੇ ਖਾਨੇ ਵਿਚ ਛਾਪੇ ਪੈਂਦੇ, ਜਿਵੇਂ ਉਧਰ ਸੈਨਿਕ ਆਪਣੇ ਕਿਲ੍ਹਿਆਂ ਵਿਚ ਪਈਆਂ ਦ੍ਰਾੜਾਂ ਨੂੰ ਭਰਦੇ, ਇਵੇਂ ਹੀ ਅਸੀਂ ਵੀ ਆਪਣੇ ਕਾਲਮਾਂ ਦੀ ਥਾਂ ਭਰਦੇ। ਅੰਤ ਜਦੋਂ ਯੁਧ ਬੰਦੀ ਦੀਆਂ ਗਲਾਂ ਹੋਣ ਲਗੀਆਂ ਤਾਂ ਸਾਡੇ ਉਤਸ਼ਾਹ ਉਤੇ ਵੀ ਪਾਣੀ ਫਿਰਨ ਲੱਗਿਆ। ਤਿੰਨ ਵਰਿਆਂ ਤੱਕ ਲਗਾਤਾਰ ਚੈਂਬਰ ਲੇਨ ਦੀ 'ਖਬਰ' ਲੈਂਦੇ ਰਹਿਣ ਮਗਰੋਂ ਹੁਣ ਫੇਰ ਸੁਧਾਰਕਾਂ ਦੀ 'ਖਬਰ' ਲੈਣਾ ਬੇਸੁਆਦ ਪ੍ਰਤੀਤ ਹੋਣ ਲੱਗਿਆ। ਪਰ ਪ੍ਰਮਾਤਮਾ ਸਾਡੇ ਉਤੇ ਬਹੁਤ ਹੀ ਮਿਹਰਬਾਨ ਸੀ। ਦਖਣੀ ਅਫਰੀਕਾ ਵਿਚ ਦੁਸ਼ਮਣਾਂ ਦੀ ਅੱਗ ਹਾਲੇ ਬੁਝੀ ਨਹੀਂ ਸੀ, ਕਿ ਉਤਰੀ ਅਫਰੀਕਾ ਵਿਚ ਪਾਗਲ ਮੁੰਡਿਆਂ ਨੇ ਸ਼ੋਰ ਸ਼ਰਾਬਾ ਸ਼ੁਰੂ ਕਰ ਦਿਤਾ। ਕੁਝ ਦਿਨਾਂ ਮਗਰੋਂ ਤਾਂ ਰੂਸ ਅਤੇ ਜਾਪਾਨ ਵਿਚ ਵੀ ਲੜਾਈ ਸ਼ੁਰੂ ਹੋ ਗਈ, ਤਾਂ ਕਿਤੇ ਸਾਡੀ ਜਾਨ ਵਿਚ ਆਈ।

ਕੁਝ ਅਖਬਾਰਾਂ ਦੇ ਸੰਪਾਦਕ ਚਟਪਟੇ ਸਮਾਚਾਰ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਸੁਦਾਮਾ ਵੀ ਆਪਣੇ ਸਮਾਚਾਰ ਪਤ੍ਰ ਵਿਚ ਝੂਠੀਆਂ ਚੌਂਕਾਅ ਦੇਣ ਵਾਲੀਆਂ ਖਬਰਾਂ ਛਪਵਾਂਦਾ ਹੈ :—

ਅਮਰੀਕਾ ਵਿਚ ਕਿਉਮੇਲੋ ਨਾਂ ਦੇ ਪਿੰਡ ਵਿਚ ਇਕ ਇਸਤ੍ਰੀ ਨੂੰ ਤਿੰਨ ਮੂੰਹਾਂ ਵਾਲਾ ਬੱਚਾ ਜੰਮਿਆ ਹੈ। ਉਸਦੇ ਸਾਰੇ ਸ਼ਰੀਰ ਉਤੇ ਵਾਲ ਹਨ ਅਤੇ ਮੱਥੇ ਦੇ ਐਨ ਕੇਂਦਰ ਵਿਚ ਇੱਕ ਪੂਛ ਹੈ। ਬੱਚਾ ਇਕ ਘੰਟੇ ਤੱਕ ਜਿਉਂਦਾ ਰਿਹਾ,

ਰਾਵਣ ਦੀ ਹੋਂਦ ਉਤੇ ਸ਼ੱਕ ਕਰਨ ਵਾਲੇ ਸੁਧਾਰਕਾਂ ਦਾ ਮੂੰਹ ਇਸ ਤਿਮੂੰਹੇਂ ਬੱਚੇ ਨੇ ਸਦਾ ਲਈ ਬੰਦ ਕਰ ਦਿਤਾ ਹੈ।"

ਲੰਬੇਡੋ ਵਿਚ ਜਬਰਦਸਤ ਭੂਚਾਲ ਆਇਆ, ਜਿਸ ਦੇ ਫਲਸਰੂਪ ਭੂਮੀ ਵਿਚ ਇਕ ਬਹੁਤ ਬੜੀ ਦਰਾੜ ਪੈ ਗਈ। ਇਸ ਵਿਚ ਥੱਲੇ ਵੱਲ ਵੇਖਣ ਨਾਲ ਸ਼ੇਸ਼ਨਾਗ ਦੀ ਸਿਰੀ ਨਜ਼ਰ ਆਉਂਦੀ ਹੈ। ਸ਼ੇਸ਼ਨਾਗ ਦੀਆਂ ਮਣੀਆਂ ਦੀ ਰੋਸ਼ਨੀ ਨਾਲ ਸਾਰੀ ਦਰਾੜ ਵਿਚ ਚਾਨਣ ਹੈ। ਅਜਿਹੀ ਹਾਲਤ ਵਿਚ ਸਾਡੇ ਪੁਰਾਣਾਂ ਨੂੰ, ਹੁਣ ਝੂਠਾ ਕੌਣ ਕਹਿ ਸਕਦਾ ਹੈ ?"

ਇਸ ਵਿਚ ਕੋਲਹਟਕਰ ਨੇ ਜਾਂਦੇ ਜਾਂਦੇ ਪੁਰਾਤਨ ਖਿਆਲੀਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ।

ਸਮਾਚਾਰ ਪਤ੍ਰਾਂ ਵਿਚ ਜਿਹੜੀਆਂ ਰਾਮ-ਬਾਣ ਦਵਾਈਆਂ ਦੇ ਇਸ਼ਤਿਹਾਰ ਛਪਦੇ ਹਨ ਕੋਲਹਟਕਰ ਕੇ ਉਹਨਾਂ ਦਾ ਵੀ ਮਜ਼ਾਕ ਉਡਾਇਆ ਹੈ। ਉਹ ਲਿਖਦੇ ਹਨ— "ਮੇਰੇ ਅਖਬਾਰ ਵਿਚ ਜਿਥੇ ਫੁਲਵਹਿਰੀ ਦੇ ਮਲ੍ਹਮ ਦਾ ਇਸ਼ਤਿਹਾਰ ਛਪਦਾ ਹੈ, ਉਸ ਥਾਂ ਦੀ ਸਫੈਦੀ ਹਰ ਹਫਤੇ ਘਟਦੀ ਜਾ ਰਹੀ ਹੈ।" ਇਸ਼ਤਹਾਰਾਂ ਵਿਚ ਦਵਾਈਆਂ ਦੇ ਗੁਣਾਂ ਦੀ ਜਿਹੜੀ ਅੱਤ ਦੀ ਪ੍ਰਸੰਸਾ ਹੁੰਦੀ ਹੈ, ਉਸ ਉਤੇ ਕੋਲਹਟਕਰ ਨੇ ਜ਼ੋਰਦਾਰ ਤਾਨ੍ਹਾਕਸ਼ੀ ਕੀਤੀ ਹੈ।

ਇਕ ਚੰਗੇ ਮਨੋਰੰਜਨ—ਲੇਖਕ ਨੂੰ ਅਰਥਹੀਣ ਪ੍ਰੰਪਰਾਵਾਂ ਵਿਚ ਜਿਵੇਂ ਹਾਸਰਸ ਦਾ ਮਸਾਲਾ ਮਿਲ ਜਾਂਦਾ ਹੈ, ਇਵੇਂ ਹੀ ਅਧੁਨਿਕ ਕਲਪਨਾਵਾਂ ਵਿਚ ਵੀ ਉਹ ਮਿਲ ਜਾਂਦਾ ਹੈ। ਜਿਵੇਂ 'ਸੁਦੇਸ਼ੀ'ਅਤੇ 'ਨਸ਼ਾਬੰਦੀ' ਦੇ ਅੰਦੋਲਨ। ਕੋਲਹਟਕਰ ਵਰਗੇ ਤੇਜ਼ ਬੁਧੀ ਹਾਸਰਸੀ ਲੇਖਕ ਦੀ ਨਜ਼ਰ ਉਸ ਵੱਲ ਨਾ ਜਾਵੇ, ਇਹ ਤਾਂ ਨਹੀਂ ਸੀ ਹੋ ਸਕਦਾ। ਉਹਨਾਂ ਦੇ "ਚੋਰਾਂਚਯਾ ਸਮੇਲਨਾਂਤ" ਨਾਮਕ ਲੇਖ ਵਿਚ ਸੁਦੇਸ਼- ਅਭਿਮਾਨੀ ਸ਼ਰਵਿਲਕ ਨੇ ਦੋ ਪ੍ਰਸਤਾਵ ਪੇਸ਼ ਕਰਕੇ ਉਹਨਾਂ ਅੰਦੋਲਨਾਂ ਦਾ ਜ਼ੋਰਦਾਰ ਸਮਰਥਣ ਕੀਤਾ ਹੈ।

"ਪ੍ਰਸਤਾਵ ਸੰ: ੭—ਸੁਦੇਸ਼ੀ ਅੰਦੋਲਨ ਨੂੰ ਉਤਸ਼ਾਹ ਦੇਣ ਲਈ ਇਹ ਸਭਾ ਪ੍ਰਸਤਾਵ ਕਰਦੀ ਹੈ, ਕਿ ਹਰ ਇਕ ਮੈਂਬਰ ਇਸ ਗੱਲ ਦਾ ਧਿਆਨ ਰਖੇ, ਕਿ ਚੋਰੀ ਕਰਦੇ ਸਮੇਂ ਰੱਸੀ, ਪੌੜੀ, ਰੇਤੀ, ਕੁਹਾੜੀ, ਆਦਿਕ ਜੋ ਵੀ ਸਮਾਨ ਵਰਤਿਆ ਜਾਵੇ, ਉਹ ਸਾਰਾ ਸੁਦੇਸ਼ੀ ਹੋਵੇ। ਵਿਦੇਸ਼ੀ ਮਾਲ ਦੇ ਨਾਲ ਨਾਲ ਵਿਦੇਸ਼ੀ ਲੋਕਾਂ ਨੂੰ ਵੀ ਤਿਆਗਿਆ ਜਾਵੇ। ਭਵਿਖਤ ਵਿਚ ਜਦੋਂ ਵੀ ਚੋਰੀ ਕੀਤੀ ਜਾਵੇ ਤਾਂ ਆਪਣੇ ਦੇਸ਼ ਵਾਸੀਆਂ ਦੇ ਘਰਾਂ ਵਿਚ ਹੀ ਕੀਤੀ ਜਾਵੇ, ਵਿਦੇਸ਼ੀਆਂ ਦੇ ਘਰਾਂ ਵਿਚ ਨਹੀਂ। ਅਤੇ ਚੋਰੀ ਵੀ ਸੁਦੇਸ਼ੀ ਵਸਤਾਂ ਦੀ ਹੀ ਕੀਤੀ ਜਾਵੇ, ਵਿਦੇਸ਼ੀ ਵਸਤਾਂ ਦੀ ਨਹੀਂ।

ਪ੍ਰਸਾਤਵ ਸੰ: ੮—ਸ਼ਰਾਬ ਪੀ ਕੇ ਚੋਰੀ ਕਰਨ ਵਿਚ ਬਹੁਤ ਵਾਰ ਸਫਲਤਾ ਨਹੀਂ ਮਿਲਦੀ। ਇਸ ਕਰਕੇ ਇਹ ਸਭਾ ਨਸ਼ੇ ਦੀ ਵਰਤੋਂ ਦਾ ਵਿਰੋਧ ਕਰਦੀ ਹੈ।"

ਕੋਲਹਟਕਰ ਦੀ ਸਰਵ ਪੱਖੀ ਮਨੋਰੰਜਨ-ਪ੍ਰਤਿਭਾ ਦਾ ਖੇਤ੍ਰ ਬਹੁਤ ਵੱਡਾ ਸੀ। ਨਵੀਆਂ ਪੁਰਾਣੀਆਂ ਸਭ ਗੱਲਾਂ ਨੂੰ ਉਹਨਾਂ ਨੇ ਸਹਿਜੇ ਹੀ ਆਪਣੇ ਹਾਸਰਸ

ਦਾ ਵਿਸ਼ਾ ਬਣਾਇਆ ਹੈ। ਇਸ ਵਿਆਪਕਤਾ ਕਰਕੇ, ਉਹਨਾਂ ਦੇ ਹਾਸਰਸੀ ਲੇਖ ਅੱਜ ਵੀ ਤਾਜ਼ੇ ਜਾਪਦੇ ਹਨ।

ਕੋਲਹਟਕਰ ਨੇ ਹਾਸਰਸ-ਰਚਨਾ ਵਿਚ ਜਿਥੇ ਵਿਅੰਗ-ਸ਼ਬਦਾਂ ਅਤੇ ਰਹੱਸ-ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਥੇ ਉਹਨਾਂ ਨੇ ਅੱਤਕਥਨੀ ਦੀ ਵੀ ਬੜੀ ਪਰਵੀਣਤਾ ਨਾਲ ਵਰਤੋਂ ਕੀਤੀ ਹੈ। ਕੁਝ ਸਮੀਖਿਆਕਾਰ ਕਹਿੰਦੇ ਹਨ, ਕਿ ਅੱਤਕਥਨੀ ਉਹਨਾਂ ਦੇ ਹਾਸਰਸ ਦੀ ਜਾਨ ਹੈ। ਅੱਤਕਥਨੀ ਦਾ ਹਾਸਰਸ ਨਾਲ ਬਹੁਤ ਨੇੜੇ ਦਾ ਸਬੰਧ ਹੈ। ਅੱਤਕਥਨੀ ਸ਼ਬਦਾਂ ਨਾਲ ਹਾਸਰਸ ਦਾ ਸੁਆਦ ਵਧ ਜਾਂਦਾ ਹੈ। "ਅੱਤਕਥਨੀ ਹਾਸਰਸ—ਮਹਾਰਤ ਲਈ ਸਭ ਤੋਂ ਵੱਡਾ ਸਾਧਨ ਹੈ।" ਆਚਾਰੀਆ ਅਤਰੇ ਦੇ ਇਸ ਕਥਨ ਵਿਚ ਅੱਤਕਥਨੀ ਬਿਲਕੁਲ ਨਹੀਂ ਹੈ। ਪਰ ਇਸ ਲਈ ਤੇਜ਼ ਦਿਮਾਗ਼ ਦੀ ਪ੍ਰਤਿਭਾ ਦੀ ਬਹੁਤ ਲੋੜ ਹੈ। ਕੋਲਹਟਕਰ, ਅੱਤਕਥਨੀ ਕਲਪਣਾਵਾਂ ਕਰਕੇ ਬਹੁਤ ਹੀ ਸੁਆਦੀ ਹੋ ਗਿਆ ਹੈ। ਪਾਂਡੂਤਾਤਿਆ ਦੀਆਂ ਮੁੱਛਾਂ ਬਹੁਤ ਵੇਗ ਨਾਲ ਵਧਦੀਆਂ ਹਨ। ਉਸ ਸਬੰਧੀ ਉਹਨਾਂ ਦੀ ਅਲੰਕਾਰਿਕ ਕਲਪਣਾ ਦੀ ਉਡਾਣ ਦੇਖੋ— "ਪਾਂਡੂਤਾਤਿਆ ਦੀਆਂ ਮੁੱਛਾਂ ਇਸ ਵੇਗ ਨਾਲ ਵਧਦੀਆਂ ਸਨ, ਕਿ ਜੇ ਇਹਨਾਂ ਨੂੰ ਸ਼ਕੁੰਤਲਾ ਨਾਟਕ ਦੇ ਪਹਿਲੇ ਅੰਕ ਵਿਚ ਨਟੀ ਦਾ ਕੰਮ ਦਿਤਾ ਜਾਵੇ ਤਾਂ ਬਣਾਉਟੀ ਦਾੜ੍ਹੀ ਮੁੱਛਾਂ ਲਗਾਏ ਬਿਨਾਂ ਹੀ, ਦੂਜੇ ਅੰਕ ਵਿਚ ਉਸ ਤੋਂ ਦੁਸ਼ਿਅੰਤ ਦਾ, ਚੌਥੇ ਅੰਕ ਵਿਚ ਕਣਵ ਦਾ ਅਤੇ ਸੱਤਵੇਂ ਵਿਚ ਸਿੰਘ ਅਤੇ ਮਾਰੀਚ ਦਾ ਕੰਮ ਬੜੇ ਅਰਾਮ ਨਾਲ ਲਿਆ ਜਾ ਸਕਦਾ ਸੀ।" 'ਚੋਰਾਂਚਯਾ ਸੰਮੇਲਨਾਂਤ' ਲੇਖ ਵਿਚ ਸਰਵਿਲਕ ਸੰਮੇਲਨ ਦੇ ਪ੍ਰਧਾਨ 'ਸਰਾਟਯਾ ਮਿੱਲ' ਦੇ ਗੌਰਵ ਲਈ ਭਾਸ਼ਣ ਕਰਦਿਆਂ, ਸੁਆਗਤੀ ਪ੍ਰਧਾਨ ਸਾਹਿਬ ਕਹਿੰਦੇ ਹਨ— "ਪ੍ਰਧਾਨ ਸਾਹਿਬ ਦੇ ਗੁਣਾਂ ਦਾ ਵਰਣਨ ਕਰਨ ਲਗਾਂ, ਤਾਂ ਉਸ ਲਈ ਇੰਨੇ ਕਾਗਜ਼ਾਂ ਅਤੇ ਸਿਆਹੀ ਦੀ ਲੋੜ ਹੋਵੇਗੀ, ਕਿ ਉਹਨਾਂ ਨੂੰ ਇਕੱਠੇ ਕਰਨ ਲਈ, ਮੈਨੂੰ ਜੀਵਨ-ਭਰ ਇਹਨਾਂ ਦੀ ਹੀ ਚੋਰੀ ਕਰਨੀ ਪਵੇਗੀ।" 'ਬੈਠੇ ਲੇਖ' ਨਾਮਕ ਲੇਖ ਵਿਚ ਕੋਲਟਕਰ ਨੇ ਸ਼ਤਰੰਜ ਦੇ ਸ਼ੌਕੀਨ ਸੁਦਾਮਾਂ, ਬੰਡੂਨਾਨਾ ਅਤੇ ਪਾਂਡੂਤਾਤਿਆ ਦੇ ਰੁਝੇਂਵੇਂ ਦਾ ਬੜਾ ਹੀ ਅਲੰਕਾਰਕ ਅਤੇ ਮਨੋਰੰਜਕ ਵਰਨਣ ਕੀਤਾ ਹੈ। ਸੁਦਾਮਾ ਕਹਿੰਦਾ ਹੈ—

"ਇਕ ਬਾਰ ਮਨ ਏਸ ਵਿਚ ਲੱਗ ਜਾਵੇ ਤਾਂ ਆਸ ਪਾਸ ਦੀ ਸਾਰੀ ਦੁਨੀਆਂ ਸਾਡੇ ਲਈ ਖਤਮ ਹੋ ਜਾਂਦੀ ਹੈ। ਮੈਨੂੰ ਯਾਦ ਆਉਦਾ ਹੈ, ਕਿ ਇਕ ਵਾਰ ਖੇਡ ਦੇ ਸਮੇਂ ਕੁਟੀ ਹੋਈ ਸੁਪਾਰੀ ਨੂੰ ਨਸਵਾਰ ਸਮਝ ਕੇ ਚਾੜ੍ਹ ਗਿਆ ਅਤੇ ਨਸਵਾਰ ਨੂੰ ਸੁਪਾਰੀ ਸਮਝ ਕੇ ਮੂੰਹ ਵਿਚ ਪਾ ਬੈਠਾ। ਦੂਜੀ ਵਾਰ ਤਾਂ ਮੈਂ ਇਕ ਊਠ ਨੂੰ ਹੀ ਬੀੜੀ ਸਮਝ ਕੇ ਮੂੰਹ ਵਿਚ ਦੱਬ ਕੇ ਜਲਾਉਣ ਲਗਿਆ ਸਾਂ। ਪਾਂਡੂਤਾਤਿਆ ਨੇ ਇਕ ਵਾਰ ਪੂਰੇ ਦਾ ਪੂਰਾ ਹਾਥੀ ਸੁਪਾਰੀ ਸਮਝ ਕੇ ਮੂੰਹ ਵਿਚ ਪਾ ਲਿਆ ਅਤੇ ਦੇਖਿਆ ਉਹ ਦੰਦਾਂ ਵਿਚ ਟੁਟ ਨਹੀਂ ਰਿਹਾ ਤਾਂ ਉਸਨੇ ਇਕ ਹੋਰ ਹਾਥੀ ਸਰੋਤੇ ਤੋਂ ਕਟਾ ਕੇ ਗਲੇ ਤੋਂ ਥੱਲੇ ਕਰ ਲਿਆ। ਤਾਂ ਇਥੇ ਇਹ ਗੱਲ ਦਸ ਦਿਆਂ, ਕਿ ਅੱਗੇ ਚੱਲ ਕੇ ਬਹੁਤ ਛੇਤੀ ਇਹਨਾਂ ਹਾਥੀਆਂ ਨੂੰ 'ਫੀਲਪਾਂਵ' ਰੋਗ ਹੋਇਆ। ਪਰ ਇਹ ਸਭ ਤੋਂ ਸੁਆਦਲੀ

ਗੱਲ ਬੰਡੂਨਾਨਾ ਦੇ ਹੱਥੀ ਹੋਈ। ਉਹਨਾਂ ਨੇ ਪਾਣੀ ਪੀਣ ਲਈ ਇਕ ਗਲਾਸ ਅਪਣੇ ਕੋਲ ਰਖਿਆ ਹੋਇਆ ਸੀ। ਅਤੇ ਇਕ ਜ਼ਰੂਰੀ ਚਿੱਠੀ ਲਿਖਣ ਲਈ ਉਹਨਾਂ ਇਕ ਦਵਾਤ ਵੀ ਕੋਲ ਹੀ ਰੱਖ ਲਈ ਸੀ। ਪਰ ਲੇਖ ਵਿਚ ਉਹ ਇੰਨੇ ਮਸਤ ਹੋ ਗਏ, ਕਿ ਸਾਰੀ ਚਿੱਠੀ ਤਾਂ ਪਾਣੀ ਨਾਲ ਲਿਖ ਸੁੱਟੀ ਅਤੇ ਜਲਦੀ ਵਿਚ ਇਸਨੂੰ ਲਿਫ਼ਾਫ਼ੇ ਵਿਚ ਪਾ ਕੇ ਭਿਜਵਾ ਦਿਤਾ। ਅਤੇ ਮਗਰੋਂ ਉਹਨਾਂ ਨੇ ਦਵਾਤ ਨੂੰ ਮੂੰਹ ਲਾਇਆ ਅਤੇ ਸਾਰੀ ਸਿਆਹੀ ਪਾਣੀ ਸਮਝ ਕੇ ਗਟਾਗਟ ਪੀ ਗਏ। ਉਸ ਸਿਆਹੀ ਦੇ ਪੀ ਜਾਣ ਦਾ ਉਹਨਾਂ ਦੇ ਸ਼ਰੀਰ ਤੇ ਇਹ ਅਸਰ ਪਿਆ ਕਿ ਛੇਤੀ ਉਹਨਾਂ ਦੇ ਸਾਰੇ ਸਫੈਦ ਵਾਲ ਕਾਲੇ ਹੋ ਗਏ ਅਤੇ ਉਹਨਾਂ ਦੇ ਸ਼ਰੀਰ ਵਿਚੋਂ ਪਸੀਨਾ ਭੀ ਸਿਆਹੀ ਦੇ ਰੰਗ ਦਾ ਹੀ ਨਿਕਲਣ ਲੱਗਿਆ।"

ਕੋਲਹਟਕਰ ਦੀ ਕਲਪਨਿਕ ਅਲੰਕਾਰਤਾ ਨੂੰ ਦੇਖਕੇ ਹੀ ਨ. ਚਿੰ. ਕੇਲਕਰ ਨੇ ਕਿਹਾ ਸੀ, ਹਾਸਰਸ ਦਾ ਆਸਰਾ ਲੈਕੇ ਬਹੁਤ ਹੀ ਪਰਵੀਣਤਾ ਨਾਲ ਕਲਪਣਾ-ਤਰੰਗਾਂ ਦਾ ਸਿਰਜਣ ਕਰਨ ਵਿਚ ਉਹਨਾਂ ਵਰਗਾ ਹੋਰ ਮਰਾਠੀ ਲੇਖਕ ਅੱਜ ਤੱਕ ਪੈਦਾ ਨਹੀਂ ਹੋਇਆ। ਕੋਲਟਕਰ ਦੇ ਹਾਸਰਸ ਦੀ ਸਫਲ ਨਕਲ ਕਰਕੇ ਲੱਗਭੱਗ ਉਹਨਾਂ ਵਰਗਾ ਹੀ ਹਾਸਰਸ ਸੰਸਾਰ ਸਿਰਜਣ ਦਾ ਸਿਹਰਾ ਰਾਮਗਣੇਸ਼ ਗਡਕਰੀ ਨੂੰ ਪ੍ਰਾਪਤ ਹੈ। ਪਰ ਗਡਕਰੀ ਦੇ ਹਾਸਰਸ ਦੀਆਂ ਕੁਝ ਸੀਮਾਂਵਾਂ ਵੀ ਹਨ ਜਿਸ ਉਤੇ ਅਚਾਰੀਆ ਅਤਰੇ ਨੇ ਸਹੀ ਤਰ੍ਹਾਂ ਚਾਨਣਾ ਪਾਇਆ ਹੈ। "ਕਲੋਹਟਕਰ ਦੇ ਸ਼ਾਨਦਾਰ ਹਾਸਰਸ ਦਾ ਦਾਇਰਾ ਅਤੇ ਵਿਭਿੰਨਤਾ ਤੱਕ ਗਡਕਰੀ ਆਪਣਾ ਹਾਸਰਸ ਨਹੀਂ ਪਹੁੰਚਾ ਸਕੇ। ਇਸ ਦਾ ਕਾਰਨ ਇਹ ਸੀ, ਕਿ ਕੋਲਹਟਕਰ ਦਾ ਸਮਾਜਿਕ ਤੱਤ-ਗਿਆਨ ਦਾ ਬੜਾ ਗਹਿਰਾ ਅਧਿਅਨ ਕੀਤਾ ਸੀ। ਜਿਸਦੇ ਫਲਸਰੂਪ ਪ੍ਰਗਤੀਸ਼ੀਲ ਵਿਚਾਰਾਂ ਦਾ ਸਹਾਰਾ ਲੈ ਕੇ ਉਹ ਸਮਾਜਿਕ ਦੋਸ਼ਾਂ ਦਾ ਸਹੀ ਵਿਸ਼ਲੇਸਣ ਕਰ ਸਕੇ।" ਕੋਲਹਟਕਰ ਦਾ ਗਹਿਰਾ ਸਮਾਜਿਕ ਚਿੰਤਕ ਉਹਨਾਂ ਦੇ ਹਾਸਰਸੀ ਸਾਹਿਤ ਦੀ ਖਾਸ ਵਿਸ਼ੇਸ਼ਤਾ ਹੈ। ਨ. ਚਿੰ. ਕੇਲਕਰ ਦੇ ਕਥਨ ਅਨੁਸਾਰ "ਸਮਾਜ ਵਿਚ ਕੁਝ ਲੋਕ ਕੇਵਲ ਵਿਦਵਾਨ ਹੁੰਦੇ ਹਨ ਤੇ ਕੁਝ ਲੋਕ ਹਾਸਰਸੀ ਹੀ। ਪਰ ਅਜਿਹੇ ਲੋਕ ਗਿਣੇ ਚੁਣੇ ਹੀ ਹੁੰਦੇ ਹਨ ਜਿਹੜੇ ਵਿਦਵਾਨ ਵੀ ਹੋਣ ਅਤੇ ਹਾਸਰਸੀ ਵੀ। ਕੋਲਹਟ-ਕਰ ਦੀ ਗਿਣਤੀ ਇਹਨਾਂ ਗਿਣੇਚੁਣੇ ਲੋਕਾਂ ਵਿਚ ਕੀਤੀ ਜਾਵੇਗੀ। ਹਾਂ, ਵਿਦਵਤਾ ਕਰਕੇ ਉਹਨਾਂ ਦੇ ਹਾਸਰਸ ਵਿਚ ਕਿਤੇ ਕਿਤੇ ਸ਼ਕਤੀ ਵੀ ਆ ਜਾਂਦੀ ਹੈ। ਤਾਂ ਭੀ ਅਜਿਹੇ ਮੌਕੇ ਬਹੁਤੇ ਨਹੀਂ ਹਨ।

ਸਨ ੧੯੦੨ ਤੋਂ ਲੈ ਕੇ ੧੯੨੨ ਤੱਕ ਦੇ ਦੋ ਦਹਾਕਿਆਂ ਵਿਚ 'ਵਿਵਿਧ ਗਿਆਨ ਵਿਸਤਾਰ' 'ਮਨੋਰੰਜਕ', 'ਸੁਧਾਰਕ', 'ਕਰਮਣੂਕ' 'ਉਦਿਆਨ', 'ਚਿਤ੍ਰਮਯ ਜਗਤ', 'ਨਵਯੁਗ', ਅਰਵਿੰਦ' ਆਦਿਕ ਉਸ ਵੇਲੇ ਦੇ ਪ੍ਰਮੁਖ ਮਾਹਵਾਰੀ ਪਤ੍ਰਾਂ ਵਿਚ ਉਹਨਾਂ ਨੇ ਬਹੁਤ ਸਾਰੇ ਹਾਸਰਸੀ ਲੇਖ ਲਿਖੇ। ਕੋਲਹਟਕਰ ਨੇ ਵਾਲਟੇਅਰ, ਸਟਰਨ, ਫੀਲਡਿੰਗ, ਸਮਾਲੇਟ ਮੋਲੀਅਰ, ਰੈਬੇਲ, ਪਾਸਕਲ, ਸੇਰਵੇਟੀਜ਼ ਮਾਰਕ ਟਵੇਨ ਆਦਿਕ ਪਛਮੀ ਹਾਸਰਸ-ਲੇਖਕਾਂ ਦੇ ਸਾਹਿੱਤ ਦਾ ਗਹਿਰਾ ਅਧਿਅਨ ਕੀਤਾ ਸੀ। ਪਰ ਉਸ ਸਾਹਿੱਤ ਨੂੰ ਆਤਮਾ' 'ਚ ਰਚਾਕੇ ਉਹਨਾਂ ਨੇ ਇਕ ਵਖਰੇ ਪ੍ਰਭਾਵਸ਼ਾਲੀ

ਹਾਸਰਸ ਦੀ ਤਕਨੀਕ ਤਿਆਰ ਕੀਤੀ ਸੀ। ਉਹਨਾਂ ਦਾ ਹਾਸਰਸੀ ਸਾਹਿੱਤ ਭਾਵੇ ਪੱਛਮੀ ਸਾਹਿੱਤ ਤੋਂ ਹੀ ਪ੍ਰਾਭਾਵਿਤ ਹੋਇਆ ਹੋਵੇ, ਤਾਂਭੀ ਕਥਨ ਦੇ ਸਬੰਧ ਵਿਚ ਉਹ ਪੂਰੀ ਤਰ੍ਹਾਂ ਮੌਲਿਕ ਹੈ। । ਹਾਸਰਸੀ ਲੇਖ ਲਿਖਣ ਦੀ ਪ੍ਰੇਰਣਾ ਉਹਨਾਂ ਨੂੰ ਪਛਮੀ ਸਾਹਿੱਤ ਤੋਂ ਪ੍ਰਾਪਤ ਹੋਈ, ਪਰ ਉਹਨਾਂ ਨੇ ਉਹਨਾਂ ਦੀਆਂ ਕਲਪਣਾਵਾਂ ਦੀ ਨਕਲ ਜਾਂ ਅਨੁਵਾਦ ਨਹੀਂ ਕੀਤਾ। ਸੋ ਆਚਾਰੀਆ ਅਤਰੇ ਨੇ ਇਕ ਥਾਂ ਲਿਖਿਆ ਹੈ, ਕਿ "ਸ਼ੈਲੀ ਅਤੇ ਢੰਗ ਦੇ ਅਨੁਕਰਣ ਨੂੰ ਛਡਕੇ ਇਹਨਾਂ ਪਛਮੀ ਲੇਖਕਾਂ ਤੋਂ ਉਹਨਾਂ ਨੇ ਹੋਰ ਕੁਝ ਨਹੀਂ ਲਿਆ। ਕੋਲਹਟਕਰ ਦੀ ਹਾਸਰਸ ਸਬੰਧੀ ਪ੍ਰਤਿਭਾ ਪੂਰੀ ਤਰ੍ਹਾਂ ਮੌਲਿਕ ਸੀ।" ਜ. ਲ. ਕੁਲਕਰਣੀ ਤਾਂ ਇਕ ਕਦਮ ਹੋਰ ਅੱਗੇ ਜਾਕੇ ਕਹਿੰਦੇ ਹਨ — "ਕੋਲਹਟਕਰ ਦੇ ਜਿਹੜੇ ਲੇਖ ਅਸੀਂ ਪੜ੍ਹੇ ਹਨ ਉਹ ਸੌ ਫੀ ਸਦੀ ਮੌਲਿਕ ਹਨ। ਉਹਨਾਂ ਦਾ ਰੂਪ, ਉਹਨਾਂ ਦੀ ਕਿਰਤ, ਉਹਨਾਂ ਦਾ ਅੰਤਰੰਗ—ਸਭੀ ਉਹਨਾਂ ਦੀ ਆਪਣੀ ਕਾਢ ਹਨ। "ਕੋਲਹਟਕਰ ਦੀ ਪ੍ਰਤਿਭਾ ਆਪ ਪ੍ਰਕਾਸ਼ਿਤ ਹੈ। ਉਹਨਾਂ ਨੇ ਆਪਣੇ ਆਤਮ-ਚਰਿੱਤ੍ਰ ਵਿਚ ਲਿਖਿਆ ਹੈ —"ਦੂਜਿਆਂ ਦੀਆਂ ਜੂਠੀਆਂ ਕਲਪਣਾਵਾਂ ਨਾਲ ਮੈਨੂੰ ਬਹੁਤ ਜ਼ਿਆਦਾ ਘਿਰਣਾ ਹੈ। ਮੈਂ ਜੋ ਕੁਝ ਅੱਜ ਤਕ ਲਿਖਿਆ ਹੈ, ਉਹ ਨਾ ਕਿਸੇ ਦਾ. ਉਲੱਥਾ ਹੈ ਅਤੇ ਨਾ ਹੀ ਗ੍ਰਹਿਣ।" ਉਹਨਾਂ ਦਾ ਇਹ ਕਹਿਣਾ, ਉਹਨਾਂ ਦੇ ਹਾਸਰਸੀ ਸਾਹਿੱਤ ਬਾਰੇ ਬਿਲਕੁਲ ਠੀਕ ਹੈ।

ਕੋਲਹਟਕਰ ਦੇ ਪਹਿਲੇ ਅਠਾਰਾਂ ਲੇਖਾਂ ਦਾ ਸੰਗ੍ਰਹਿ 'ਸੁਦਾਮਯਾਂਚੇ ਪੋਹੇ' ਅਰਥਾਤ 'ਅਠਰਾ ਧਾਨੁਯਾਂਚੇ ਕਡਬੋਲੇਂ' ਦੇ ਨਾਂ ਨਾਲ ਸਨ ੧੯੧੦ ਵਿਚ ਪ੍ਰਕਾਸ਼ਿਤ ਹੋਇਆ। ਉਸਤੋਂ ਮਗਰੋਂ ੧੯੨੩ ਵਿਚ ਉਹਨਾਂ ਦੇ ੩੨ ਲੇਖਾਂ ਦਾ ਸੰਗ੍ਰਿਹਿ 'ਸੁਦਾਮਯਾਚੇਂ ਪੋਹੇ' ਅਰਥਾਤ ਸਾਹਿਤਯ ਬੱਤਿਸ਼ੀ' ਦੇ ਨਾ ਨਾਲ ਪ੍ਰਕਾਸ਼ਿਤ ਹੋਇਆ ਇਸ ਪੁਸਤਕ ਦੇ ਕਈ ਸੰਕਲਨ (ਐਡੀਸ਼ਨ) ਛਪੇ। ਸੂਖਮ ਸਮਾਜ ਨਿਰੀਖਣ ਅਤੇ ਸ਼ਾਨਦਾਰ ਹਾਸਰਸੀ ਬੁਧੀ ਮਨੋਹਰ ਸੰਗਮ ਰੂਪ, ਇਹ ਲੇਖ ਕੀ ਸਨ, ਮਹਾਰਸ਼ਟਰ ਸ਼ਾਰਦਾ ਦੇ ਕੰਠ ਵਿਚ ਪੇਸ਼ ਇਕ ਅਤਿਅੰਤ ਤੇਜਸਵੀ ਰਤਨਹਾਰ ਹੀ ਸਨ।

ਇਹਨਾਂ ਸਾਰੇ ਲੇਖਾਂ ਵਿਚ ਕੋਲਹਟਕਰ ਦਾ ਵਾਰਤਾਲਾਪ ਪ੍ਰੇਮੀ, ਮਾਨਸਪੁਤ੍ਰ ਸੁਦਾਮਾਂ ਅਪਣੇ ਵਲੋਂ "ਮੈਂ" ਦੇ ਰੂਪ ਵਿਚ ਸਾਰੀਆਂ ਗੱਲਾਂ ਕਹਿੰਦਾ ਹੈ। ਸ਼ੈਲੀ ਦੇ ਪੱਖੋਂ ਉਹ ਕਲਾ—ਨਿਬੰਧ ਅਤੇ ਕਹਾਣੀ ਦੀ ਸੀਮਾਂ ਨੂੰ ਛੁਹੰਦੇ ਹਨ। ਕੁਝ ਆਰੰਭਿਕ ਲੇਖ ਕਲਾ—ਲੇਖਾਂ ਦੇ ਦੇ ਰੂਪ ਵਿਚ ਹਨ। ਉਸਤੋਂ ਅਗੋਂ ਸੁਦਾਮਾਂ ਨੇ ਹੌਲੀ ਹੌਲੀ ਆਪਣੇ ਕਲਪਣਾ ਜਗਤ ਸਿਰਜਣਾ ਸ਼ੁਰੂ ਕਰ ਦਿਤਾ ਅਤੇ ਉਸਦੇ ਫਲਸਰੂਪ ਉਹਨਾਂ ਲੇਖਾਂ ਨੂੰ ਕਥਾਨਕ ਪ੍ਰਾਪਤ ਹੋਣ ਲਗਿਆ ਆਖਿਰੀ ਲੇਖ 'ਧਰਮਾਂਤਰ' ਤਾਂ ਇਕ ਕਹਾਣੀ ਹੀ ਹੈ। ਇਨ੍ਹਾਂ ਲੇਖਾਂ ਦੀ ਅੰਦਰਲੀ ਰਚਨਾ ਵੀ ਇਕ ਵਿਸੇਸ਼ ਸ਼ੈਲੀ ਹੈ। ਉਹ ਬਹੁਤ ਹੀ ਗੰਭੀਰ ਰੂਪ ਬਣਾ ਕੇ ਲੇਖ ਦਾ ਆਰੰਭ ਕਰਦੇ ਹਨ, ਹੌਲੀ ਹੌਲੀ ਉਸ ਵਿਚ ਹਾਸਰਸ ਉਭਰਨ ਲਗਦਾ ਹੈ। ਗੰਭੀਰਤਾ ਇਕਸੁਰ ਹੁੰਦੀ ਹੈ। ਰਹੱਸਮਈ ਵਿਅੰਗ ਮਈ, ਹਾਸਰਸੀ ਅਤੇ ਅੱਤਕਥਨੀ ਸ਼ਬਦਾਂ ਦੀ ਝੜੀ ਲੱਗ ਜਾਂਦੀ ਹੈ। ਪਰ ਮਜ਼ਾ ਇਹ ਹੈ, ਕਿ ਗੰਭੀਰਤਾ ਦਾ ਲੜ ਪੂਰੀ ਤਰ੍ਹਾਂ ਕਿਤੇ ਵੀ ਦੂਰ ਨਹੀਂ ਹੁੰਦਾ।

ਬਣਾਉਟੀ ਗੰਭੀਰਤਾ ਦਾ ਬੁਰਕਾ ਪਹਿਨ ਕੇ ਹੀ, ਉਹਨਾਂ ਨੇ ਸਮਾਜਿਕ ਪਖੰਡਾਂ ਦਾ ਭਾਂਡਾ ਭੰਨਿਆ ਸੀ।

ਵਾਕ ਵਚਿੱਤਰਤਾ ਦੇ ਉਹ ਬੜੇ ਸ਼ੁਕੀਨ ਹਨ। ਇਸ ਕਰਕੇ, ਮੁਸ਼ਕਿਲ, ਜਾਅਲੀਪਣ, ਕਲਪਣਾਵਾਂ ਦੀ ਖਿਚਾਤਾਣ, ਬੇਸਮਝੀ, ਅੱਤਕਥਨੀ ਦੀ ਅੱਤਕਥਨੀ ਆਦਿ ਉਹਨਾਂ ਦੇ ਲੇਖਾਂ ਦੇ ਕੁਝ ਦੋਸ਼ਾਂ ਵੱਲ ਅ, ਨ. ਦੇਸ਼ਪਾਂਡੇ ਨੇ ਉਂਗਲ ਉਠਾਈ ਹੈ। ਪਰ ਸਾਨੂੰ ਇਥੇ ਇਹ ਨਹੀਂ ਭੁਲਣਾ ਚਾਹੀਦਾ, ਕਿ ਕੋਲਹਟਕਰ ਮਰਾਠੀ ਵਿਚ, ਇਕ ਅਜਿਹੀ ਨਵੀਨ ਵਿਦਿਆ ਨੂੰ ਜਨਮ ਦੇ ਰਹੇ ਸਨ, ਜਿਹੜੀ ਉਹਨਾਂ ਤੋਂ ਪਹਿਲਾਂ ਮਰਾਠੀ ਵਿਚ ਹੈ ਨਹੀਂ ਸੀ। ਤਾਂ ਭੀ ਸਾਨੂੰ ਅੱਜ ਵੀ ਮਰਾਠੀ ਸਾਹਿੱਤ ਵਿਚ ਅਜਿਹੇ ਹਾਸਰਸੀ ਲੇਖਕ ਨੂੰ ਲੱਭਣ ਲਈ, ਚੋਖਾ ਯਤਨ ਕਰਨਾ ਪੈਂਦਾਂ ਹੈ, ਜਿਹੜਾ ਉਹਨਾਂ ਦਾ ਸਾਨੀ ਹੋ ਸਕੇ। ਇਸ ਤੋਂ ਉਹਨਾਂ ਦੀ ਇਕ ਸਾਹਿੱਤਿਕ ਵਿਦਿਆ ਦੀ ਸਫ਼ਲਤਾ ਦੀ ਕਲਪਣਾ ਕੀਤੀ ਜਾ ਸਕਦੀ ਹੈ। ਕੋਲਹਟਕਰ ਦ ਇਸ ਬਹੁਪਖੀ ਹਾਸ-ਸਾਹਿੱਤ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵਿਅਕਤੀਗਤ ਨਿੰਦਾ ਜਾਂ ਚਿੱਕੜ-ਉਛਾਲ ਨਹੀਂ ਹੈ। ਸਮਾਜਿਕ ਪ੍ਰਗਤੀ ਦੇ ਰਾਹ ਵਿਚ, ਰੋੜਾ ਅਟਕਾਉਣ ਵਾਲੇ ਅਚਾਰ-ਵਿਚਾਰਾਂ, ਕਲਪਣਾਂ, ਅਤੇ ਸੰਸਥਾਵਾਂ ਦੀ ਉਹਨਾਂ ਨੇ ਚੋਖੀ ਹਾਸੀ ਉਡਾਈ ਹੈ। ਪਰ ਉਸ ਦਾ ਉਦੇਸ਼ ਸਮਾਜਿਕ ਜਾਗ੍ਰਿਤੀ ਹੀ ਰਿਹਾ ਹੈ। ਸ਼ੁੱਧ ਹਾਸਰਸ ਅਤੇ ਸਮਾਜਿਕ ਵਿਅੰਗ ਇਹਨਾਂ ਦੋਹਾਂ ਦ੍ਰਿਸ਼ਟੀਆਂ ਤੋਂ ਉਹਨਾਂ ਦਾ ਸਾਹਿੱਤ ਬਹੁਤ ਸੰਪੂਰਨ ਹੈ। ਇਹੀ ਕਾਰਣ ਹੈ, ਕਿ ਕੋਲਹਟਕਰ ਦਾ ਹਾਸਰਸ ਅੱਜ ਵੀ ਮਰਾਠੀ ਸਾਹਿੱਤ ਦਾ ਸਿਰਤਾਜ ਬਣਿਆ ਹੋਇਆ ਹੈ।

●

# ਨਾਟਕ-ਕਾਰਾਂ ਦੇ ਨਾਟਕ-ਕਾਰ

ਸ੍ਰੀਪਾਦ ਕ੍ਰਿਸ਼ਣ ਨੇ ਅਪਣਾ ਪਹਿਲਾ ਕਲਪਨਾਮਈ ਮੌਲਿਕ ਨਾਟਕ 'ਵੀਰਤਨਯ' ਸੰਨ ੧੮੯੩ ਵਿਚ ਲਿਖਿਆ। ਉਸ ਵੇਲੇ ਮਰਾਠੀ ਨਾਟਕ-ਕਿੱਤੇ ਵਿਚ ਮੂਹਰਲੀ ਕਤਾਰ ਦੀ ਪ੍ਰਸਿੱਧ ਕਿਰਲੋਸਕਰ-ਨਾਟਕ-ਮੰਡਲੀ ਨੇ ਇਸ ਨਾਟਕ ਨੂੰ ੧੮੯੬ ਵਿਚ ਅਹਿਮਦ ਨਗਰ ਵਿਖੇ ਖੇਡਿਆ। ਇਸ ਨਵੇਂ ਨਾਟਕ ਨੇ ਮਰਾਠੀ-ਰੰਗਮੰਚ ਉਤੇ ਜਿਹੜਾ ਪਰਿਵਰਤਣ ਕੀਤਾ, ਉਸਦੀ ਆਵਾਜ਼ ਲੱਗਭੱਗ ਚੌਥਾਈ ਸੱਦੀ ਤੱਕ ਮਰਾਠੀ ਨਾਟ-ਜਗਤ ਵਿਚ ਗੂੰਜਦੀ ਰਹੀ। ਪੁ. ਰਾ. ਲੇਲੇ ਦੇ ਕਥਨਾਨੁਸਾਰ ਇਸ 'ਵੀਰਤਨਯ' ਨਾਟਕ ਨੇ ਮਰਾਠੀ ਰੰਗ-ਮੰਚ ਉਤੇ ਇਕ ਤੂਫਾਨ ਹੀ ਲਿਆ ਦਿੱਤਾ। ਪਰ ਜਿਵੇਂ ਤੂਫਾਨ ਆਉਂਦਾ ਹੈ, ਅਤੇ ਥੋੜ੍ਹੀ ਹੀ ਦੇਰ ਵਿਚ ਕੁਝਕੁ ਨਿਸ਼ਾਨੀਆਂ ਪਿੱਛੇ ਛਡ ਕੇ ਖਤਮ ਹੋ ਜਾਂਦਾ ਹੈ, ਉਵੇਂ ਹੀ ਕੋਲਹਟਕਰ ਦੇ ਨਾਟਕਾਂ ਨੇ ਮਰਾਠੀ—ਰੰਗਮੰਚ ਨੂੰ ਆਪਣੀ ਸੰਸਕਾਰ-ਸਮਰੱਥਾ ਨਾਲ ਪ੍ਰਭਾਵਿਤ ਕੀਤਾ ਅਤੇ ਉਸ ਨੂੰ ਇਕ ਨਵਾਂ ਮੋੜ ਦੇਕੇ ਤੇ ਆਪ ਅਲੋਪ ਹੋ ਗਏ।

'ਵੀਰਤਨਯ' ਜਦੋਂ ਰੰਗ-ਮੰਚ ਉਤੇ ਆਇਆ, ਉਸ ਵੇਲੇ ਮਰਾਠੀ ਨਾਟ-ਕਲਾ ਨੂੰ ਜਨਮਿਆਂ ਅੱਧੀ ਸਦੀ ਤੋਂ ਕੁਝ ਹੀ ਵੱਧ ਸਮਾਂ ਹੋਇਆ ਹੋਵੇਗਾ। ਵਿਸ਼ਣੂਦਾਸ ਭਾਵੇ ਨੇ ਸਾਂਗਲੀ ਵਿਚ ਸੰਨ ੧੮੪੩ ਵਿਚ 'ਸੀਤਾਸ੍ਵਯੰਵਰਾਖਯਾਨ' ਨਾਂ ਦਾ ਇਕ ਪੁਰਾਣਿਕ ਕਥਾ-ਨਾਟਕ ਪੇਸ਼ ਕਰਕੇ ਮਰਾਠੀ ਰੰਗ ਮੰਚ ਦੀ ਨੀਂਹ ਰੱਖੀ ਸੀ। ਉਹਨਾਂ ਨੇ ਆਪ ਇਕ ਥਾਂ ਕਿਹਾ ਹੈ ਕਿ "ਇਹ ਰਾਸ਼ਟਰੀ ਮਨੋਰੰਜਨ ਬਹੁਤ ਦੇਰ ਤੋਂ ਬੰਦ ਪਿਆ ਸੀ ਜਿਸ ਦਾ ਇਸ ਨਾਟਕ ਨਾਲ ਪੁਨਰ-ਜਨਮ ਹੋਇਆ ਹੈ।" ਪਰ ਵਿਸ਼ਣੂਦਾਸ ਦਾ ਇਹ ਰੰਗ ਮੰਚ ਪ੍ਰਾਥਮਿਕ ਅਵਸਥਾ ਦਾ ਕੁਝ ਬੇਢਬਾ ਜਿਹਾ ਸੀ-ਜਿਸ ਵਿਚ ਬਹੁਤ ਭਿਆਨਕਤਾ ਦੀ ਅਤੇ ਵਚਿਤ੍ਰਤਾਵਾਂ ਨਾਲ ਭਰੇ ਭੜਕੀਲੇਪਣ ਦੀ ਪ੍ਰਧਾਨਤਾ ਸੀ। ਇਸ ਕਰਕੇ ਅੰਗ੍ਰੇਜ਼ੀ ਸਿਖਿਆ ਤੋਂ ਪ੍ਰਭਾਵਿਤ ਨਵੀਂ ਪੀੜ੍ਹੀ ਦੇ ਰਸੀਏ ਵਿਅਕਤੀ ਵਧੇਰੇ ਉਨੱਤ ਪ੍ਰਗਤੀਸ਼ੀਲ, ਅਤੇ ਨਿਪੁੰਨ ਸੰਸਕ੍ਰਿਤ ਅਤੇ ਅੰਗ੍ਰੇਜ਼ੀ ਰੰਗ-ਮੰਚ ਵਲ ਖਿੱਚੇ ਗਏ। ਜਦੋਂ ਉਹਨਾਂ ਨੇ ਉਸਦਾ ਸਮਕਾਲੀਨ ਮਨਨ ਕੀਤਾ ਤਾਂ ਉਹਨਾਂ ਨੇ ਭਾਵੇ ਵਲੋਂ ਪੇਸ਼ ਪੁਰਾਣਿਕ ਰੰਗਮੰਚ-ਵਿਸ਼ੇਸ਼ ਕਰਕੇ ਉਥੇ ਹੋਣ ਵਾਲਾ ਵਿਦੂਸ਼ਕ ਦਾ ਪੇਂਡੂ ਹਾਸਾ ਮਜ਼ਾਕ ਅਤੇ ਰਾਕਸ਼ਾਂ ਦਾ ਸ਼ੋਰ ਸ਼ਰਾਬਾ ਉੱਕਾ ਹੀ ਪਸੰਦ ਨਹੀਂ ਆਇਆ ਉਹਨਾਂ ਨੇ ਭਾਵੇ ਵਲੋਂ ਪੇਸ਼ ਰੰਗ-ਮੰਚ ਨੂੰ ਜਿਹੜਾ, 'ਤਾਗਡਥੋਮ' ਜਾਂ

'ਅੱਲ ਡੁਰਰ' ਦਾ ਨਾਂ ਦਿਤਾ ਹੈ ਉਸੇ ਤੋਂ ਉਸਦੀ ਅਸਲੀਅਤ ਦਾ ਪਤਾ ਲਗਦਾ ਹੈ।

ਜਿਨ੍ਹਾਂ ਨੂੰ ਸਮਾਜਿਕ ਨਾਟਕਾਂ ਦਾ ਆਗੂ ਕਿਹਾ ਜਾਦਾ ਹੈ, ਉਹ 'ਫਾਰਸ,' ਸੰਨ ੧੮੫੬ ਤੋਂ ਪੁਰਾਣਿਕ ਨਾਟਕਾਂ ਦੇ ਨਾਲ ਨਾਲ ਰੰਗ-ਮੰਚ ਤੇ ਆਉਣ ਲੱਗੇ ਸਨ। ਇਹ ਮਰਾਠੀ ਰੰਗ-ਮੰਚ ਦੇ ਇਤਿਹਾਸ ਵਿਚ ਮਹੱਤਵ ਦਾ ਦੂਜਾ ਕਾਂਡ ਹੈ। ਬੰਬਈ ਵਿਚ ਹੋਣ ਵਾਲੇ ਅੰਗ੍ਰੇਜ਼ੀ ਨਾਟਕਾਂ ਦੀ ਨਕਲ ਤੇ ਇਹ ਫਾਰਸ ਮਰਾਠੀ ਰੰਗ ਮੰਚ ਉਤੇ ਆਏ। ਪੁਰਾਣਿਕ ਰੰਗ ਮੰਚ ਤੋਂ ਵਖ, ਸੁਤੰਤਰ, ਤਤਕਾਲੀਨ ਸਮਾਜ ਦੇ ਨਕਲੀ ਚਿਤ੍ਰਣ ਅਤੇ ਸਮਾਜਿਕ ਸਮੱਸਿਆਵਾਂ ਤੇ ਅਧਾਰਤ ਨਾਟ-ਪ੍ਰੰਪਰਾ ਨੇ 'ਫਾਰਸ' ਦੇ ਰੂਪ ਵਿਚ ਜਨਮ ਲਿਆ। ਉਸਤੋਂ ਮਗਰੋਂ ੧੮੬੧ ਵਿਚ ਵਿਨਾਇਕ ਜਨਾਰਦਨ ਕਿਰਤਨੇ ਦਾ ਪਹਿਲਾ ਇਤਿਹਾਸਕ ਮਰਾਠੀ ਨਾਟਕ 'ਥੋਰਲੇ ਮਾਧਵ ਰਾਉ ਪੇਸ਼ਵੇ' ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਇਆ। ਉਦੋਂ ਤੋਂ ਕਿਤਾਬੀ ਨਾਟਕਾਂ ਦੀ ਪ੍ਰੰਪਰਾ ਸ਼ੁਰੂ ਹੋਈ। ਇਸ ਦਾ ਅਰਥ ਹੈ ਕਿਤਾਬੀ ਰੂਪ ਵਿਚ ਛਪਣ ਵਾਲੇ ਨਾਟਕ। ਪ੍ਰਸਿਧ ਨਾਟ-ਇਤਿਹਾਸਕਾਰ ਸ੍ਰੀ, ਵਾ. ਬਨਹੱਟੀ ਲਿਖਦੇ ਹਨ — ਜਿਤਾਬੀ ਨਾਟਕਾਂ ਦਾ ਪ੍ਰਚਾਰ ਉਦੋਂ ਤੱਕ ਜ਼ੋਰ ਸ਼ੋਰ ਨਾਲ ਹੁੰਦਾ ਰਿਹਾ, ਜਦੋਂ ਤੱਕ ਕਿ ਕਲੋਸਕਰ ਦੇ ਸੰਗੀਤ-ਪ੍ਰਧਾਨ ਨਾਟਕ ਸਟੇਜ ਉਤੇ ਨਹੀਂ ਆਏ। ਉਹਨਾਂ ਵਿਚ ਕਈ ਪ੍ਰਕਾਰ ਦੇ ਨਾਟਕ ਸਨ। ਉਹਨਾਂ ਵਿਚ 'ਥਰਲੇ ਮਾਧਵ ਰਾਉ ਪੇਸ਼ਵੇ', ਝਾਂਸੀ ਦੀ ਰਾਣੀ', 'ਨਰਾਇਣ ਰਾਓ ਪੇਸ਼ਵੇ ਯਾਂਚਾ ਮ੍ਰਿਤਯੂ' ਆਦਿਕ ਕੁਝ ਇਤਿਹਾਸਕ ਨਾਟਕ ਸਨ। ਜੈਮਾਲਾ ਜਿਹੇ ਮੌਲਿਕ ਨਾਟਕ ਸਨ। 'ਓਥਲੋ, ਸਿੰਬੇਲਾਈਨ ਤਾਰਾ, ਭਰਾਂਤੀਕ੍ਰਿਤ ਚਮਤਕਾਰ, ਆਦਿਕ ਅੰਗ੍ਰੇਜ਼ੀ ਤੋਂ ਉਲਥਾਏ ਗਏ ਨਾਟਕ ਸਨ। ਅਤੇ ਵੇਣੀਸੰਘਾਰ, ਸ਼ਕੁੰਤਲਾ, ਆਦਿਕ ਸੰਸਕ੍ਰਿਤ ਤੋਂ ਮਰਾਠੀ ਵਿਚ ਉਲਥਾਏ ਗਏ ਨਾਟਕ ਸਨ। ਇਸ ਤਰ੍ਹਾਂ ਮਰਾਠੀ ਨਾਟਕ ਸਾਹਿੱਤ ਅਨੇਕ ਪ੍ਰਕਾਰ ਦੇ ਨਾਟਕਾਂ ਨਾਲ ਲਗਾਤਾਰ ਸੰਪੂਰਨ ਹੁੰਦਾ ਗਿਆ। ੧੮੮੦ ਦੇ ਲੱਗਭੱਗ ਭਾਵੇ ਦੀ ਪ੍ਰੰਪਰਾ ਵਾਲਾ ਪੁਰਾਣਿਕ ਰੰਗ-ਮੰਚ 'ਫਾਰਸ' ਅਤੇ ਵਧੇਰੇ ਅਨੁਵਾਦਿਤ ਅਤੇ ਅਪਨਾਏ ਗਏ ਕਿਤਾਬੀ ਨਾਟਕਾਂ ਕਰਕੇ ਮਿਲਵੇਂ ਜੁਲਵੇਂ ਰੂਪ ਦਾ ਬਣ ਗਿਆ।

ਸੰਨ ੧੮੮੦ ਦਾ ਵਰ੍ਹਾ ਮਰਾਠੀ ਰੰਗਮੰਚ ਦੇ ਇਤਿਹਾਸ ਵਿਚ ਇਕ ਮਹੱਤਵ ਦਾ ਵਰ੍ਹਾ ਹੈ। ਇਸੇ ਸਾਲ ਤੋਂ ਮਰਾਠੀ ਰੰਗ-ਮੰਚ ਉਤੇ ਸੰਗੀਤ-ਨਾਟਕਾਂ ਦਾ ਸ਼ਾਨਦਾਰ ਯੁੱਗ ਸ਼ੁਰੂ ਹੋਇਆ। ਅੱਣਾ ਸਾਹੇਬ ਕਿਰਲੋਸਕਰ ਇਸ ਯੁੱਗ ਦੇ ਪ੍ਰਮੁਖ ਪ੍ਰਵਰਤਕ ਹਨ। ਸੰਗੀਤ ਪ੍ਰਧਾਨ ਰੰਗ-ਮੰਚ ਦਾ ਵਿਕਾਸ ਅਤੇ ਵਿਸਥਾਰ ਇਸ ਵੇਗ ਨਾਲ ਹੋਇਆ, ਕਿ ਉਸਦੇ ਪਰਵਰਤੀ ਕਾਲ ਵਿਚ ਰੰਗ-ਮੰਚ ਤੇ ਹੋਰ ਪ੍ਰਕਾਰ ਦੇ ਨਾਟਕ ਦਾ ਸਟੇਜ ਹੋਣਾ ਹੀ ਘਟ ਗਿਆ। ਕੋਲਹਟਕਰ ਨੇ ਸਨ ੧੮੯੪ ਵਿਚ ਜਿਥੇ ਅਪਣੇ ਇਕ ਸਮੀਖਿਆ - ਲੇਖ ਵਿਚ ਇਸ ਪ੍ਰਕ੍ਰਿਆ ਦਾ ਸ਼ਾਨਦਾਰ ਅਧਿਐਨ ਪੇਸ਼ ਕੀਤਾ ਹੈ ਉਥੇ ਲਿਖਦੇ ਹਨ—"ਅੱਜ ਕੱਲ ਇਹਨਾਂ ਸੰਗੀਤ-ਨਾਟਕਾਂ ਨੇ 'ਜੀਵਨ ਕਲਹ' ਦੇ ਖੇਤ੍ਰ ਵਿਚ ਇਹਨਾਂ ਵਿਚਾਰੇ ਪੁਰਾਣਿਕ ਨਾਟਕਾਂ ਨੂੰ ਕੱਢ ਕੇ ਬਾਹਰ ਕਰ ਦਿਤਾ ਹੈ। ਇਹੀ ਨਹੀਂ ਅੰਗ੍ਰੇਜ਼ੀ ਸ਼ੈਲੀ ਵਿਚ ਲਿਖੇ ਗੱਦ-ਨਾਟਕਾਂ ਦੀ ਤਾਂ ਦੁਰਗਤ ਕਰ ਦਿਤੀ ਹੈ। ਨਿਕੰਮੇ ਤੋਂ ਨਿਕੰਮਾ ਸੰਗੀਤ-ਨਾਟ ਚੰਗੇ ਗੱਦ-ਨਾਟਕ ਨੂੰ ਨੀਚਾ

ਵਿਖਾ ਦਿੰਦਾ ਹੈ । ਹਾਲੇ ਸਾਡੀ ਅਭਿਨੈ-ਕਲਾ ਵਿਚ ਲੋੜੀਂਦੀ ਪ੍ਰਗਤੀ ਨਹੀਂ ਹੋ ਸਕੀ । ਹਰ ਨਾਟਕ ਵਿਚ ਘਟੀਆ ਪ੍ਰਕਾਰ ਦਾ ਸ਼ਿੰਗਾਰ ਰਲ ਮਿਲ ਜਾਵੇਗਾ । ਕਦੀ ਕਦੀ ਤਾਂ ਅਜਿਹੇ ਘਟੀਆ ਸ਼ਿੰਗਾਰ ਦੀ ਹੱਦ ਹੀ ਹੋ ਜਾਂਦੀ ।"

ਕੋਲਹਟਕਰ ਦੀ ਇਸ ਆਲੋਚਨਾ ਦਾ ਨਿਸ਼ਾਨਾ 'ਸੌਭਦ੍ਰ', 'ਸ਼ਕੁੰਤਲਾ'- ਵਰਗੇ ਚੋਟੀ ਦੇ ਨਾਟਕ ਨਹੀਂ ਸਨ । 'ਵਿਕ੍ਰਮ ਸ਼ਸ਼ਿਕਲਾ' ਵਰਗੇ ਕਰਮ ਕਥਨ ਅਤੇ ਕਲਾ, ਦੋਹਾਂ ਹੀ ਦ੍ਰਿਸ਼ਟੀਆਂ ਤੋਂ ਸਾਧਾਰਨ ਨਾਟਕ ਸਨ, ਜਿਨ੍ਹਾਂ ਵਿਚ 'ਨੀਤੀ ਦੇਵਤਾ' ਦਾ ਖ਼ੂਨ ਕਰ ਦਿਤਾ ਗਿਆ ਸੀ । ਸੰਗੀਤ-ਨਾਟਕਾਂ ਦੀ ਇਸ ਕਿਰਲੋਸਕਰ ਪ੍ਰੰਪਰਾ ਵਿਚ ਵੀ, ਅੱਗੇ ਚਲਕੇ ਕੁਝ ਇਕ-ਰਸਤਾ ਅਤੇ ਇਕ ਪ੍ਰਕਾਰਤਾ ਆਉਣ ਲੱਗੀ ਸੀ । ਸਾਰੇ ਨਾਟਕ ਇਕ ਹੀ ਢੰਗ ਨਾਲ ਲਿਖੇ ਜਾਂਦੇ ਸਨ । ਉਹੀ ਮੰਗਲਾ ਚਰਨ, ਓਹੀ ਸੂਤ੍ਰਧਾਰ, ਓਹੀ ਨਟੀ ਦਾ ਪ੍ਰਦਰਸ਼ਨ, ਗਾਣਾ, ਓਹੀ ਕੈਦੀਆਂ ਦੇ ਸੱਤ੍ਰ, ਓਹੀ ਪਹਿਰੇਦਾਰ ਦਾ ਬੁਢਾਪਾ, ਓਹੀ ਵਿਰੋਧੀ ਪਾਤਰ ਦਾ ਪੇਟੂਪਣ, ਸਭ ਕੁਝ ਓਹੀ । ਇਹ ਪ੍ਰਣਾਲੀ ਸਥਿਰ ਹੋ ਗਈ । ਹਰ ਇਕ ਆਗਾਮੀ ਸੰਗੀਤ ਨਾਟਕ ਵਿਚ ਇਹਨਾਂ ਗੱਲਾਂ ਦੀ ਫੇਰ ਨਕਲ ਕੀਤੀ ਜਾਂਦੀ ਸੀ । ਕੋਲ਼ਹਟਕਰ, ਜਿਸਨੇ ਸ਼ੇਕਸਪੀਅਰ, ਮੌਲੀਅਰ, ਕਾਰਨੇਲ, ਕਾਂਗ੍ਰੀਵ, ਸ਼ਿਲਰ ਆਦਿਕ ਪਛਮੀ ਨਾਟਕ-ਕਾਰਾਂ ਦਾ ਅਧਿਅੰਨ ਕੀਤਾ ਹੋਵੇ, ਅਤੇ ਜਿਹੜਾ ਨਵੀਨਤਾ-ਪ੍ਰੇਮੀ ਰਸੀਆ ਹੋਵੇ, ਉਸਨੂੰ ਇਹ ਨਾਟਕ ਤਾਂ 'ਬੋਰਿੰਗ' ਲਗਣਗੇ ਹੀ । ਹੋਰ ਨਾਟਕ-ਮੰਡਲੀਆਂ ਨੂੰ ਵੀ ਇਹ ਇਕਰਸਤਾ-ਚੁੱਭਣ ਲੱਗ ਗਈ ਸੀ । ਇਸ ਕਰਕੇ, ਕਿਰਲੋਸਕਰ ਮੰਡਲੀ ਵਰਗੀ ਮੰਜੀ ਹੋਈ ਨਾਟ-ਕੰਪਨੀ ਨੇ -ਆਪਣੇ ਕੋਲ ਗੋਬਿੰਦ ਬੱਲਾਠ ਦੇਵਲ-ਵਰਗੇ ਨਾਟਕ-ਕਾਰਾਂ ਦੇ ਹੁੰਦਿਆਂ ਹੋਇਆਂ ਵੀ, ਇਨਾਮ ਦੀ ਘੋਸ਼ਣਾ ਕਰਕੇ, ਨਵੀਨ ਸ਼ੈਲੀ ਦੇ ਮੌਲਕ ਨਾਟਕ ਮੰਗਵਾਏ । ਕੰਪਨੀ ਕੋਲ ਜੋ ੨੫ ਨਾਟਕ ਆਏ, ਉਹਨਾਂ ਵਿਚੋਂ 'ਵੀਰਤਨਯ' ਸਰਵਉਤਮ ਸਿੱਧ ਹੋਇਆ ।

'ਵੀਰਤਨਯ' ਦੇ ਰੰਗ-ਮੰਚ ਉਤੇ ਪੇਸ਼ ਹੁੰਦਿਆਂ ਹੀ ਜਿਥੇ ਉਹ ਇਕ ਦਮ ਲੋਕ-ਪ੍ਰੀਏ ਹੋਇਆ, ਉਥੇ ਉਹ ਬਹਿਰ ਦਾ ਮਾਧਿਅਮ ਵੀ ਬਣ ਗਿਆ । ਇਸ ਦਾ ਕਾਰਨ ਇਹ ਸੀ, ਕਿ ਉਸ ਵੇਲੇ ਨਾਟ-ਜਗਤ ਵਿਚ ਪ੍ਰਚੱਲਿਤ ਕਥਾਵਾਂ ਦਾ ਇਸਨੇ ਇਕ ਦਮ ਤਿਆਗ ਕਰ ਦਿਤਾ ਸੀ । ਉਸ ਵੇਲੇ ਜਿਹੜੀ ਨਾਟ-ਪ੍ਰਣਾਲੀ ਚਾਲੂ ਸੀ, ਕੋਲਹਟਕਰ ਨੇ ਉਸਨੂੰ ਬਦਲ ਦਿਤਾ । ਪ੍ਰ. ਰਾ. ਲੇਲੇ ਕਹਿੰਦੇ ਹਨ - "ਉਸਨੇ ਸੂਤ੍ਰਧਾਰ-ਨਟੀ ਨੂੰ ਤਿਲਾਂਜਲੀ ਦੇ ਦਿਤੀ । ਪਾਰਸੀ ਸ਼ੈਲੀ ਦੀਆਂ ਤਰਜ਼ਾਂ ਗਾਣਿਆਂ ਨੂੰ ਦਿਤੀਆਂ । ਪੂਰੀ ਤਰ੍ਹਾਂ ਕਾਲਪਨਿਕ ਕਥਾ ਸਮੱਗਰੀ ਦਾ ਆਸਰਾ ਲਿਆ । ਇਕ ਦਮ ਨਵੇਂ ਸਟਾਈਲ ਦਾ ਮਨੋਰੰਜਨ ਪੈਦਾ ਕੀਤਾ । ਤਬਲਚੀਆਂ ਨੂੰ ਨਵੇਂ ਤਾਲਾਂ ਦੀ ਸਿਖਿਆ ਦਿਤੀ । ਗਾਣੇ ਵਿਚ ਨਵੀਨਤਾ ਅਤੇ ਵਚਿੱਤ੍ਰਤਾ ਪੈਦਾ ਕੀਤੀ, ਸੰਗੀਤ ਨਾਟਕਾਂ ਦੇ ਵਾਰਤਕ ਅੰਸ਼ ਵਿਚ ਚੋਖਾ ਵਾਧਾ ਕੀਤਾ । ਅਜਿਹੇ ਨਾਟਕ ਲਿਖੇ ਜਿਨ੍ਹਾਂ ਦੀ ਸਫਲਤਾ ਲਈ ਕੇਵਲ ਸੰਗੀਤ ਦਾ ਹੀ ਨਹੀ, ਸਗੋਂ ਪੇਸ਼ਕਾਰੀ ਦੀ ਮੁਹਾਰਤ ਪੇਸ਼ ਕਰਨੀ ਵੀ ਜ਼ਰੂਰੀ ਹੋਵੇ । ਪਾਤ੍ਰਾਂ ਵਿਚ ਵੀ ਭਿੰਨਤਾ ਲਿਆਂਦੀ ਗਈ । ਕਹਿਣ ਦਾ ਮਤਲਬ ਇਹ ਹੈ ਕਿ ਉਹਨਾਂ ਨੇ ਹਰ ਪ੍ਰਕਾਰ ਦੀ ਨਵੀਨਤਾ ਨਾਲ

ਦਰਸ਼ਕਾਂ ਨੂੰ ਚਕਿਤ ਕਰ ਦਿਤਾ।" ਦਰਸ਼ਕਾਂ ਨੂੰ ਰੰਗ ਮੰਚ ਉਤੇ ਪਹਿਲੀ ਵਾਰ ਨਵਾਂ ਪਹਿਰਾਵਾ ਦੇਖਣ ਨੂੰ ਮਿਲਿਆ। ਵੱਡੀ ਗੱਲ ਤਾਂ ਇਹ ਹੋਈ, ਕਿ ਦਰਸ਼ਕਾਂ ਨੂੰ 'ਵੀਰਤਨਯ' ਨਾਟਕ ਵਿਚ ਪਛਮੀ ਸ਼ੈਲੀ ਦੇ ਇਕ ਸੁਖਾਂਤ ਨਾਟਕ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਦੇਖਣ ਨੂੰ ਮਿਲ ਗਈਆਂ।

'ਵੀਰਤਨਯ' ਇਕ ਰਮਣੀਕ ਕਲਪਨਾ ਸਹਿਤਇਕ ਪ੍ਰੇਮ-ਕਥਾ ਹੈ। ਇਸਦਾ ਨਾਇਕ ਸੂਰੀਏ ਸੈਨ ਪੱਕੀ ਉਮਰ ਦਾ ਹੈ। ਉਸਦਾ ਮਿਲਾਪ ਉਸ ਉਤੇ ਮੋਹਿਤ 'ਸ਼ਾਲਿਨੀ' ਨਾਮ ਦੀ ਨਾਇਕਾ ਨਾਲ ਅਨੇਕ ਸੰਘਰਸ਼ਾਂ ਮਗਰੋਂ ਹੁੰਦਾ ਹੈ। ਇਹੀ ਇਸ ਨਾਟਕ ਦੀ ਇਕ ਮੁੱਖ ਕਥਾ ਹੈ। ਅਨੇਕ ਨਾਟਕੀ ਘਟਨਾਵਾਂ, ਉਤਸੁਕਤਾ ਵਿਚ ਵਾਧਾ ਕਰਨ ਵਾਲੇ ਗੁੰਝਲਦਾਰ ਪ੍ਰਸੰਗਾਂ, ਚਟਪਟੀਆਂ ਬਹਿਸਾਂ ਅਤੇ ਸਭ ਤੋਂ ਵਧ ਕੇ ਨਵੀਨਤਾ-ਯੁਕਤ ਸੰਗੀਤ ਕਾਰਣ, ਇਸ ਨਾਟਕ ਨੇ ਛੇਤੀ ਹੀ ਲੋਕਪ੍ਰਿਅਤਾ ਪ੍ਰਾਪਤ ਕਰ ਲਈ। ਇਸ ਵਿਚ ਉਚ-ਕੋਟੀ ਦੀ ਪੇਸ਼ਕਾਰੀ ਅਤੇ ਰਸਿਕਤਾ ਦੇ ਦਰਸ਼ਨ ਹੁੰਦੇ ਹਨ। 'ਮਰਾਠੀ ਰੰਗ ਭੂਮੀ' ਨਾਂ ਦੀ ਪੁਸਤਕ ਦੇ ਲੇਖਕ ਸ੍ਰੀ ਆ. ਵਿ. ਕੁਲਕਰਣੀ ਲਿਖਦੇ ਹਨ—'ਸ਼ਾਲਿਨੀ ਅਤੇ ਸੂਰਸੈਨ ਵਿਚਕਾਰ ਜੋ ਗੱਲ ਬਾਤ ਹੈ, ਉਸਦਾ ਸ਼ਿੰਗਾਰ ਰੋਚਕ ਹੈ। ਥਾਂ ਥਾਂ ਤੇ ਜਿਹੜਾ ਮਜ਼ਾਕ ਦਿਖਾਈ ਦਿੰਦਾ ਹੈ, ਉਹ ਵੀ ਉੱਨਿਤ ਕੋਟੀ ਦਾ ਹੈ। ਇਹੀ ਕਾਰਨ ਹੈ, ਕਿ ਦਰਸ਼ਕਾਂ ਦੇ ਮਨ ਤੇ ਪ੍ਰਭਾਵ ਬਹੁਤ ਹੀ ਅੱਛਾ ਪੈਂਦਾ ਹੈ। 'ਰੋਚਕ ਸ਼ਿੰਗਾਰ' ਅਤੇ 'ਉੱਨਿਤ ਕੋਟੀ ਦਾ ਮਜ਼ਾਕ' ਇਹ ਦੋ ਅਮੁਲੇ ਤੁਹਫੇ ਕੋਲਹਟਕਰ ਨੇ ਮਰਾਠੀ ਰੰਗ ਮੰਚ ਨੂੰ ਪ੍ਰਦਾਨ ਕੀਤੇ ਹਨ।

ਪਰ ਮਜ਼ੇਦਾਰ ਗੱਲ ਇਹ ਹੈ, ਕਿ ਮਹਾਰਾਸ਼ਟਰ ਦੇ ਇਸ ਸੁਖਾਂਤ ਨਾਟਕਕਾਰ ਦੀ ਪਹਿਲੀ ਨਾਟ-ਕਿਰਤ ਮੂਲ ਤੌਰ ਤੇ ਦੁਖਾਂਤ ਸੀ ਅਤੇ ਉਸਦਾ ਵਿਸ਼ਾ ਸੀ ਰੰਡੇ ਦੇ ਵਿਆਹ ਦੀ ਸਮੱਸਿਆ। ਉਸ ਵਿਚ ਇਹੀ ਉਪਦੇਸ਼ ਸੀ, ਕਿ ਰੰਡੇ ਨੂੰ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ, ਅਤੇ ਉਹ ਵੀ ਕੁਮਾਰੀ ਨਾਲ। ਪਰ ਕਿਰਲੋਸਕਰ ਕੰਪਨੀ ਕਰਕੇ, ਕੋਲਹਟਕਰ ਨੇ ਉਸਦਾ ਰੂਪ ਬਦਲ ਦਿਤਾ। ਉਸ ਬਦਲੇ ਹੋਏ ਰੂਪ ਵਿਚ ਇਹ ਸਮੱਸਿਆ ਗੁੰਮ ਹੋ ਗਈ।' ਇਹ ਗੱਲ ਸ੍ਰੀ ਪੁ. ਰਾ. ਲੇਲੇ ਨੇ ਇਕ ਥਾਂ ਕਹੀ ਹੈ। ਉਹ ਹੀ ਅੱਗੇ ਲਿਖਦੇ ਹਨ—"ਇਸੇ ਸਮੱਸਿਆ ਨੂੰ ਅਗੇ ਚਲ ਕੇ 'ਸ਼ਾਰਦਾ' ਨਾਂ ਦੇ ਨਾਟਕ ਵਿਚ ਗੋਵਿੰਦ ਬੱਲਾਲ ਦੇਵਲ ਨੇ ਵੀ ਉਠਾਇਆ ਹੈ"। ਇਸ ਪ੍ਰਕਾਰ ਸ੍ਰੀ ਲੇਲੇ ਨੇ ਦੇਵਲ ਨੂੰ 'ਕੋਲਹਟਕਰ ਤੋਂ ਪ੍ਰੇਰਣਾ ਲੈਣ ਵਾਲਾ ਪਹਿਲਾ ਨਾਟਕ-ਕਾਰ' ਕਿਹਾ ਹੈ। ਪ੍ਰਸਿੱਧ ਨਾਟਕਕਾਰ ਸ੍ਰੀ ਮਾਮਾਸਾਹੇਬ ਬਰੇਰਕਰ ਨੇ ਇਸੇ ਕਥਨ ਦਾ ਸਮਰਥਨ ਕਰਦਿਆਂ ਲਿਖਿਆ ਹੈ—ਪਹਿਲਾ ਦੇਵਲ 'ਲਾਵਣੀ' ਦੀ ਤਰਜ਼ ਉਤੇ ਨਾਟਕ ਦੇ ਗਾਣੇ ਲਿਖਿਆ ਕਰਦੇ ਸਨ, ਪਰ ਅੱਗੇ ਚਲ ਕੇ, ਉਹਨਾਂ ਨੇ 'ਵੀਰਤਨਯ' ਨਾਟਕ ਵਿਚ ਸ੍ਰੀਪਾਦ ਕ੍ਰਿਸ਼ਣ ਵਲੋਂ ਅਪਨਾਈਆਂ ਗਈਆਂ ਤਰਜ਼ਾਂ ਨੂੰ ਧਾਰਣ ਕੀਤਾ। ਇਸ ਤਰ੍ਹਾਂ ਉਹਨਾਂ ਦਿਨਾਂ ਦੇ ਆਲੋਚਕਾਂ ਦਾ ਕਹਿਣਾ ਹੈ, ਕਿ ਦੇਵਲ ਸ੍ਰੀਪਾਦ ਕ੍ਰਿਸ਼ਣ ਦੇ ਪਹਿਲੇ ਚੇਲੇ ਹਨ। 'ਸ਼ਾਰਦਾ' ਦੇਵਲ ਦਾ ਇਕ ਮੌਲਿਕ ਨਾਟਕ ਸੀ ਅਤੇ ਸਹੀ ਅਰਥਾਂ ਵਿਚ ਮਰਾਠੀ ਸਾਹਿੱਤ ਦਾ ਉਹ ਪਹਿਲਾ ਸਮਾਜਕ ਨਾਟਕ ਸੀ। ਦੇਵਲ ਵਰਗੇ ਕਿਰਲੋਸਕਰ

ਕੰਪਨੀ ਦੇ ਅਗਰ-ਗਾਮੀ ਨਾਟਕਕਾਰ ਦੇ ਸਰਵੋਤਮ ਨਾਟਕਾਂ ਤੇ ਕੋਲਹਟਕਰ ਦੇ ਨਾਟਕਾਂ ਦੇ ਪ੍ਰਭਾਵ ਨੂੰ ਦੇਖਣ ਨਾਲ ਪਤਾ ਲਗਦਾ ਹੈ, ਕਿ ਕੋਲਹਟਕਰ ਨੇ ਕਿੰਨੀ ਜ਼ਬਰਦਸਤ ਕ੍ਰਾਂਤੀ ਲਿਆਂਦੀ ਸੀ। ਕੋਲਹਟਕਰ ਮਗਰੋਂ ਜਿਨ੍ਹਾਂ ਨੇ ਵੀ ਨਾਟਕ ਲਿਖੇ, ਸਾਰਿਆਂ ਉਤੇ ਕੋਲਹਟਕਰ ਦੇ ਨਾਟਕਾਂ ਦਾ ਪ੍ਰਭਾਵ ਪਿਆ ਹੈ, ਸ੍ਰੀ ਲੇਲੇ ਦੇ ਇਸ ਕਥਨ ਦੀ ਸਚਾਈ ਉਸ ਕਾਲ ਦੇ ਨਾਟ-ਸਾਹਿੱਤ ਦਾ ਅਧਿਅਨ ਕਰਨ ਨਾਲ ਆਪਣੇ ਆਪ ਹੀ ਸਪਸ਼ਟ ਹੋ ਜਾਂਦੀ ਹੈ।

'ਵੀਰਤਨਯ' ਦੀ ਸਫਲਤਾ ਮਗਰੋਂ ਉਹਨਾਂ ਨੇ 'ਮੂਕਨਾਇਕ' ਅਤੇ 'ਗੁਪਤ ਮੰਜੂਸ਼ਾ' ਨਾਂ ਦੇ ਦੋ ਸੁਖਾਂਤ ਨਾਟਕ ਲਿਖੇ। ਅਤੇ ੧੯੦੧ ਵਿਚ ਕਿਰਲੋਸਕਰ ਮੰਡਲੀ ਨੇ ਉਹਨਾਂ ਨੂੰ ਰੰਗ ਮੰਚ ਤੇ ਪੇਸ਼ ਕੀਤਾ। ਇਉਂ ਲਗਦਾ ਹੈ, ਕਿ ਕੋਲਹਟਕਰ ਦੀ ਰੁਚੀ ਸੁਖਾਂਤ ਨਾਟਕਾਂ ਦੇ ਹੱਕ ਵਿਚ ਸੀ। ਉਹ ਆਪਣੇ ਆਤਮ-ਚਰਿਤ੍ਰ ਵਿਚ ਲਿਖਦੇ ਹਨ—"ਮੈਂ ਆਦਤਨ ਆਸ਼ਾਵਾਦੀ ਹਾਂ। ਹਰ ਇਕ ਅਵਸਥਾ ਦਾ ਸੁਖਦਾਈ ਅੰਸ਼ ਮੈਂ ਚੁਣ ਲੈਂਦਾ ਹਾਂ ਅਤੇ ਦੁਖਦਾਈ ਅੰਸ਼ ਤਿਆਗ ਦਿੰਦਾ ਹਾਂ—ਇਹ ਮੇਰੀ ਮਨੋਰਚਨਾ ਹੈ।" ਇਸੇ ਮਨੋਰਚਨਾ ਕਰਕੇ ਉਹਨਾਂ ਨੇ ਸੁੰਦਰ ਸੁਖਾਂਤ ਨਾਟਕ ਲਿਖੇ ਹਨ। (ਸੁਖਾਂਤ) ਆਸ਼ਾਵਾਦੀ-ਨਾਟਕ ਸਾਹਿੱਤ ਵਿਚ 'ਮੂਕਨਾਇਕ' ਦਾ ਸਥਾਨ ਅਨੇਕ ਪੱਖਾਂ ਤੋਂ ਮਹੱਤਵ ਪੂਰਨ ਹੈ। ਗਡਕਰੀ ਨੇ ਇਕ ਥਾਂ ਲਿਖਿਆ ਹੈ—"ਨਾਟ-ਸਾਹਿੱਤ ਦਾ ਸੁਰਗੀ ਅਨੰਦ ਲੈਣਾ ਹੋਵੇ ਤਾਂ 'ਮੂਕਨਾਇਕ' ਪੜ੍ਹੋ।" ਇਸ ਨਾਟਕ ਦੀ ਸੁੰਦਰ, ਅਰਥ ਭਰਪੂਰ ਅਤੇ ਮਧੁਰ ਸ਼ਰੁਤ ਪਦ-ਰਚਨਾ ਨਾਲ ਅਤੇ ਪ੍ਰੇਮੀ ਵਾਤਾਵਰਣ ਨਾਲ ਉਸ ਕਾਲ ਦਾ ਸ਼ਾਇਦ ਕੋਈ ਐਸਾ ਦਰਸ਼ਕ ਰਿਹਾ ਹੋਵੇ, ਜਿਹੜਾ ਮੋਹਿਤ ਨਾ ਹੋਇਆ ਹੋਵੇ।

'ਮੂਕਨਾਇਕ' ਇਕ ਉਦੇਸ਼ਪੂਰਨ ਕਲਾ ਕਿਰਤ ਹੈ। ਇਸ ਰਚਨਾ ਬਾਰੇ ਕੋਲਹਟਕਰ ਨੇ ਲਿਖਿਆ ਹੈ— "ਇਹ ਗੱਲ ਨਹੀਂ ਹੈ ਕਿ ਨਾਟਕ ਨੂੰ ਉਪਦੇਸ਼ਕ ਹੋਣਾ ਹੀ ਚਾਹੀਦਾ ਹੈ। ਵਾਰਤਾਲਾਪ ਅਤੇ ਦ੍ਰਿਸ਼ ਆਦਿਕ ਨਾਟਕ ਦੀ ਮੁਖ ਸਮੱਗਰੀ ਜੇ ਆਕਰਸ਼ਕ ਅਤੇ ਮਨੋਰੰਜਕ ਹੋਵੇ ਅਤੇ ਉਸ ਵਿਚ ਉਪਦੇਸ਼ ਨਾ ਵੀ ਹੋਵੇ, ਤਾਂ ਵੀ ਨਾਟਕ ਦਾ ਮਹੱਤਵ ਘਟਦਾ ਨਹੀਂ। ਨਾਟਕ ਵਿਚ ਜੇ ਉਪਦੇਸ਼ ਦਾ ਅੰਸ਼ ਵੀ ਹੋਵੇ, ਚੀਨੀ ਨਾਲ ਚਿਰਾਇਤਾ ਪਿਲਾਉਣ ਦਾ ਮਾਣ ਵੀ, ਨਾਟਕਕਾਰ ਨੂੰ ਮਿਲ ਜਾਂਦਾ ਹੈ। ਇਸੇ ਕਰਕੇ ਬਹੁਤ ਸਾਰੇ ਨਾਟਕਕਾਰ ਉਪਦੇਸ਼ ਪ੍ਰਧਾਨ ਨਾਟਕ ਲਿਖਣ ਵਲ ਵਧੇਰੇ ਪਰਵਿਰਤ ਹੁੰਦੇ ਹਨ। ਇਸੇ ਸੰਪਰਦਾ ਦਾ ਆਨੁਕਰਣ ਕਰਕੇ, ਪੇਸ਼ ਨਾਟਕ ਵਿਚ ਸ਼ਰਾਬ ਪੀਣ ਨਾਲ ਹੋਣ ਵਾਲੇ ਨੁਕਸਾਨਾਂ ਦਾ ਸਪਸ਼ਟ ਤਿਆਗ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।" ਇਸ ਨੂੰ ਪੜ੍ਹਨ ਨਾਲ ਇਹ ਸਪਸ਼ਟ ਹੋ ਜਾਂਦਾ ਹੈ, ਕਿ ਸ੍ਰੀਪਾਦ ਕ੍ਰਿਸ਼ਣ ਦਾ ਇਰਾਦਾ ਆਪਣੇ ਨਾਟਕਾਂ ਰਾਹੀਂ ਸਮਾਜ ਨੂੰ ਚੀਨੀ-ਚੜ੍ਹੀਆਂ ਦਵਾਈਆਂ ਖੁਆਉਣਾ ਹੈ। ਇਉਂ ਲਗਦਾ ਹੈ, ਕਿ ਅਪਣੇ ਸਮੁੱਚੇ ਸਾਹਿੱਤ ਵਿਚ, ਸੁੰਦਰਤਾ ਅਤੇ ਬੁਧੀ ਦੋਹਾਂ ਦਾ ਸੁਮੇਲ ਕਰਨ ਦਾ ਯਤਨ ਕੀਤਾ ਹੈ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਕਿ 'ਨਖਿੱਧ ਪ੍ਰਤੀਤ ਹੋਣ ਵਾਲੇ ਉਪਦੇਸ਼ ਨੂੰ ਵੀ ਮਨੋਹਰ ਰੰਗ ਮੰਚ ਤੇ ਕੰਮ ਕਰਨ ਵਾਲੇ ਚੰਗੇ ਪਾਤ੍ਰਾਂ ਦੇ ਮੋਹਿਕ ਵਾਰਤਾਲਾਪ ਅਤੇ ਮਿਠੀਆਂ

ਗੀਤ ਪੰਗਤੀਆਂ ਨਾਲ ਕੰਨ ਦੇ ਮਾਧਿਅਮ ਨਾਲ ਅੰਤਹਕਰਣ ਵਿਚ ਪ੍ਰਵੇਸ਼ ਕਰਨ ਦੀ ਪੂਰੀ ਅਨੁਮਤੀ ਪ੍ਰਾਪਤ ਹੁੰਦੀ ਹੈ।' ਅਤੇ ਇਸ ਕਰਕੇ, ਇਸ ਸਮਝ ਕਰਕੇ ਉਹਨਾਂ ਨੇ ਅਪਣੇ ਨਾਟਕਾਂ ਰਾਹੀਂ, ਅਨੇਕ ਸਮਾਜਕ ਸਮੱਸਿਆਵਾਂ ਦਾ ਹੱਲ ਲੱਭ ਲੈਣ ਦਾ ਜਤਨ ਕੀਤਾ ਹੈ।

ਗੁੰਗੇ-ਨੂੰ ਪੇਸ਼ ਕਰਨ ਵਾਲਾ ਜਵਾਨ ਸਮਰਾਟ ਵਿਕਰਾਂਤ ਰਾਜਾ ਸੱਰਤਚੰਦਰ ਦੀ ਸ਼ਰਾਬ ਛੁਡਾਉਣ ਦੀ ਸ਼ਰਤ ਨੂੰ—ਜਿਹੜੀ ਉਸਦੀ ਭੈਣ ਸਰੋਜਿਨੀ ਨੇ ਲਾਈ ਸੀ—ਪੂਰਾ ਕਰਕੇ ਉਸ ਨੂੰ ਆਪਣੀ ਰਾਣੀ ਬਣਾ ਲੈਂਦਾ ਹੈ। ਇਹੋ ਹੈ ਇਸ ਨਾਟਕ ਦੀ ਕਹਾਣੀ। ਨਰਮ ਪ੍ਰੇਮ, ਗੁਦਗੁਦਾਅ ਦੇਣ ਵਾਲਾ ਮਜ਼ਾਕ, ਘਟਨਾਵਾਂ ਦਾ ਤਾਲਮੇਲ ਆਦਿਕ ਗੁਣਾਂ ਕਰਕੇ, ਇਸ ਨਾਟਕ ਦੀ ਸ਼ੋਭਾ ਹੋਰ ਵੀ ਵੱਧ ਗਈ। ਇਸ ਨਾਟਕ ਵਿਚ ਵਰਤੇ ਗਏ ਕਾਵਿ-ਪਦਾਂ ਬਾਰੇ ਗਡਕਰੀ ਲਿਖਦੇ ਹਨ—"ਕਿਸੇ ਕਵਿਤਾ ਦੇ ਉੱਤਮ ਹੋਣ ਲਈ, ਸ਼ਬਦ-ਸੁੰਦਰਤਾ, ਅਰਥ-ਗੰਭੀਰਤਾ, ਕਲਪਣਾ-ਵਚਿਤ੍ਰਤਾ, ਪ੍ਰਸੰਨਤਾ, ਰਸ-ਭਰਪੂਰਤਾ ਆਦਿਕ ਅਨੇਕ ਗੁਣਾਂ ਦੀ ਲੋੜ ਹੁੰਦੀ ਹੈ। ਉਸ ਦੀਆਂ ਉਦਾਹਰਣਾਂ ਲਭਣੀਆਂ ਹੋਣ ਤਾਂ 'ਮੂਕਨਾਇਕ' ਦੇ ਪਦਾਂ ਵਿਚ ੬੦ ਤੋਂ ਵੱਧ ਮਿਲ ਜਾਣਗੀਆਂ"। ਸੰਨ ੧੯੦੧ ਦੇ ਫਰਵਰੀ ਮਹੀਨੇ ਵਿਚ ਨਿਪਾਣੀ ਵਿਚ ਜਦੋਂ ਇਹ ਨਾਟਕ ਖੇਡਿਆ ਗਿਆ, ਤਾਂ ਇਸਦੇ ਅਨੇਕ ਕਲਾਮਈ ਅਤੇ ਮਿੱਠੇ ਬੰਦ ਮਰਾਠੀ ਦਰਸ਼ਕਾਂ ਦੀ ਜ਼ਬਾਨ ਤੇ ਨੱਚਣ ਲੱਗੇ। ਇਉਂ ਜਾਪਦਾ ਹੈ, ਕਿ ਖਾਡਿਲਕਰ ਦੀ ਰਚਨਾ— 'ਮਾਨਾਪਮਾਨ' ਨਾਂ ਦੇ ਬਹੁਤ ਸੁੰਦਰ ਸੁਖਾਂਤ ਨਾਟਕ ਤੇ ਇਸ ਨਾਟਕ ਦੇ ਸੰਗੀਤ ਦਾ ਬਹੁਤ ਜ਼ਿਆਦਾ ਅਸਰ ਪਿਆ ਹੈ। ਮਾਮਾ ਸਾਹਿਬ ਬਰੇਰਕਰ ਨੇ ਲਿਖਿਆ ਹੈ, ਕਿ—"ਮੂਕਨਾਇਕ ਨੂੰ ਸਟੇਜ ਉਤੇ ਵੇਖ ਕੇ ਮੈਂ ਮੁਗਧ ਹੋ ਗਿਆ। ਇਉਂ ਜਾਪਿਆ ਜਿਵੇਂ ਮੈਂ ਕੋਈ ਅਚੰਭਾ ਵੇਖ ਰਿਹਾ ਹੋਵਾਂ।" ਇਸ ਤੋਂ ਇਹ ਸਮਝਿਆ ਜਾ ਸਕਦਾ ਹੈ, ਕਿ ਸਮਕਾਲੀਨ ਮਰਾਠੀ ਦਰਸ਼ਕ ਅਤੇ ਨਾਟਕਕਾਰ ਉਤੇ ਇਸ ਪ੍ਰੇਮ...ਨਾਟਕ ਨੇ ਕਿੰਨਾ ਜ਼ਬਰਦਸਤ ਪ੍ਰਭਾਵ ਪਾਇਆ ਸੀ। ਉਸ ਸਾਲ ਜੂਨ-ਜੁਲਾਈ ਵਿਚ, ਕਿਰਲੋਸਕਰ ਮੰਡਲੀ ਨੇ ਧਾਰਵਾੜ ਵਿਚ ਉਹਨਾਂ ਦੇ ਨਾਟਕ 'ਗੁਪਤ ਮੰਜੂਸ਼ਾ' ਨੂੰ ਪੇਸ਼ ਕੀਤਾ। ਇਸਨੂੰ ਨਾਟਕ ਦੀ ਥਾਂ ਇਕ 'ਅਦਭੁਤ ਹਾਸ' ਦਾ ਨਾਮ ਦੇਣਾ ਵਧੇਰੇ ਉਚਿਤ ਹੋਵੇਗਾ। 'ਇਸਤ੍ਰੀਆਂ ਨੂੰ ਦੇਵ ਬੁਧੀ ਵਲ ਲੈ ਜਾਣ ਵਾਲੀ ਸਿਖਿਆ' ਇਸ ਨਾਟਕ ਦਾ ਵਿਸ਼ਾ ਹੈ। ਪਰ ਗੋਂਦ ਅਤੇ ਉਪ-ਗੋਂਦ ਦੇ ਤਾਣੇ ਬਾਣੇ ਵਿਚ ਅਤੇ ਅਸੰਭਵ ਘਟਨਾਵਾਂ ਵਿਚ ਇਹ ਲੁਕ ਜਾਂਦਾ ਹੈ। ਸ਼੍ਰਿੰਗੀ, ਭ੍ਰਿੰਗੀ, ਵੰਚਕ ਆਦ ਪਾਤ੍ਰਾਂ ਰਾਹੀਂ ਪੇਸ਼ ਕੋਲਹਟਕਰ ਦੇ ਵਾਕ, ਅਲੰਕਾਰਕ ਹਾਸ ਦਾ ਮੋਹਨ ਮਨੋਰੰਜਨ ਇਸ ਨਾਟਕ ਵਿਚ ਚੋਟੀ ਨੂੰ ਪ੍ਰਾਪਤ ਹੁੰਦਾ ਹੈ। ਸ੍ਰੀ ਬੋਡਸ 'ਭ੍ਰਿੰਗੀ' ਦਾ ਪਾਰਟ ਬਹੁਤ ਸੁੰਦਰ ਕਰਿਆ ਕਰਦੇ ਸਨ। ਆਪਣੀ ਰੰਗੀਨੀ ਕਾਰਨ ਇਹ ਨਾਟਕ ਕਿਰਲੋਸਕਰ ਕੰਪਨੀ ਦਾ 'ਨਮਸਕਾਰੀ ਨਾਟਕ' ਬਣ ਗਿਆ। "ਇਹ ਨਾਟਕ ਹਾਸਰਸੀ ਹੈ ਅਤੇ ਦੋ-ਤਿੰਨ ਘੰਟੇ ਲੋਕਾਂ ਨੂੰ ਚੰਗਾ ਮਨੋਰੰਜਨ ਦਿੰਦਾ ਹੈ। ਇਸ ਕਰਕੇ, ਅੱਜ ਕਲ੍ਹ ਇਹ ਕੰਪਨੀ ਜਦੋ ਇਕ ਥਾਂ ਤੋਂ ਦੂਜੀ ਥਾਂ ਜਾਂਦੀ ਹੈ ਤਾਂ ਆਮ ਤੌਰ ਤੇ ਇਸੇ ਨਾਟਕ ਨੂੰ ਨਮਸਕਾਰ ਕਰਕੇ ਆਪਣਾ

ਅਭਿਨੈ ਸ਼ੁਰੂ ਕਰਦੀ ਹੈ ।" ਇਹ ਗੱਲ ਉਸ ਸਮੇਂ ਦੇ ਇਕ ਨਾਟ-ਸਮੀਖਿਅਕ ਸ੍ਰੀ ਆ. ਵਿ. ਕੁਲਕਰਣੀ ਨੇ ਇਕ ਥਾਂ ਕਹੀ ਹੈ।

ਇਕ ਅਧੁਨਿਕ ਪ੍ਰਣਾਲੀ ਦੀ ਕਲਪਨਿਕ ਨਾਟਕਤਾ ਕਰਕੇ ਕੋਲਹਟਕਰ ਮਰਾਠੀ ਦੇ ਕੋਟੀ ਦੇ ਨਾਟਕਕਾਰ ਅਤੇ ਕਿਰਲੋਸਕਰ ਮੰਡਲੀ ਦੇ ਇਕ ਪ੍ਰਮੁੱਖ ਥੰਮ੍ਹ, ਬਣ ਗਏ ਸਨ। ਜਿਥੇ ਇਕ ਪਾਸੇ ਮਰਾਠੀ ਦਰਸ਼ਕ ਉਹਨਾਂ ਦੇ ਨਾਟਕ ਵਿਚ ਪੇਸ਼ ਉੱਨਤ ਚੋਟੀ ਦੇ ਬੌਧਿਕ ਹਾਸਰਸ ਨਾਲ ਰੱਜ ਕੇ ਹੱਸਦਾ ਹੈ, ਉਥੇ ਦੂਜੇ ਪਾਸੇ ਨਾਟਕ ਦਾ ਪ੍ਰੇਮੀ, ਵਾਤਾਵਰਣ ਨਾਲ ਬਾਗ ਬਾਗ਼ ਵੀ ਹੋ ਉਠਦਾ ਹੈ। ਇਸਦੇ ਸੰਗੀਤ ਨੇ ਤਾਂ ਇਕ ਰਮਣੀਕ ਅਤੇ ਅਦਭੁਤ ਸੁਰ-ਸੰਸਾਰ ਦੀ ਹੀ ਉਸਾਰੀ ਕਰ ਦਿਤੀ ਹੈ । ਇਹਨਾਂ ਨਾਟਕਾਂ ਦੇ ਸਟੇਜ ਕੀਤੇ ਜਾਣ ਕਾਰਨ, ਜਿਥੇ ਕਿਰਲੋਸਕਰ ਮੰਡਲੀ ਨੂੰ ਚੋਖੀ ਨਾਮਨਾ ਪ੍ਰਾਪਤ ਹੋਈ, ਓਥੇ ਪੈਸਾ ਵੀ ਚੋਖਾ ਮਿਲਿਆ । ਇਸ ਕਰਕੇ, ਸੰਨ ੧੯੦੬ ਅਤੇ ੧੯੧੦ ਵਿਚ ਉਹਨਾਂ ਦੇ 'ਮਤਿਵਿਕਾਰ' ਅਤੇ 'ਪ੍ਰੇਮਸ਼ੋਧਨ' ਨਾਮਕ ਨਾਟਕਾਂ ਦਾ ਸਟੇਜ ਹੋਣਾ ਵੀ ਸੁਭਾਵਿਕ ਹੀ ਸੀ। 'ਮਤਿਵਿਕਾਰ' ਅਪਣੇ ਉੱਨਿਤ ਨਾਟਕੀ ਗੁਣਾਂ ਅਤੇ ਵਿਚਾਰਾਂ ਵਿਚ ਨਵੀਨਤਾ ਕਾਰਣ ਬਹੁਤ ਲੋਕਪ੍ਰਿਅ ਹੋਇਆ । ਕਿਰਲੋਸਕਰ ਮੰਡਲੀ ਜਦੋਂ ਪੂਨਾ ਆਉਂਦੀ ਤਾਂ ਕੰਪਨੀ ਪ੍ਰਬੰਧਕਾਂ ਕੋਲ ਅਰਜ਼ੀਆਂ ਆਉਣ ਲਗ ਜਾਂਦੀਆਂ ਕਿ—"ਆਗਾਮੀ ਸ਼ਨੀਵਾਰ ਨੂੰ 'ਮਤਿਵਿਕਾਰ' ਦਿਖਾਉਣਾ।" ਆਚਾਰੀਆ ਅਤਰੇ ਲਿਖਦੇ ਹਨ— "ਕਰੁਣਾਂ ਅਤੇ ਗੰਭੀਰਤਾ ਯੁਕਤ ਇਹ ਨਾਟਕ ਆਪਣੀ ਸ਼ਕਤੀਸ਼ਾਲੀ ਤਕਨੀਕ ਦੇ ਬਲ ਉਤੇ, ਪ੍ਰਭਾਵ-ਉਤਪਾਦਕ ਸਾਹਿਤ-ਉਸਾਰੀ ਦਾ ਇਕ ਮਹਾਨ ਮਾਧਿਅਮ ਬਣ ਗਿਆ ਸੀ।" ਵੀ. ਸ. ਖਾਂਡੇਕਰ ਦਾ ਕਥਨ ਹੈ, ਕਿ-"ਸਾਹਿੱਤਕ ਰਚਨਾ ਦੇ ਰੂਪ ਵਿਚ ਇਹ ਨਾਟਕ ਇਕ ਅਮਰ ਕਿਰਤ ਸਿੱਧ ਹੋਵੇਗਾ।" ਵਿਦਵਾਨ ਜੁਆਨ ਚਕੋਰ, ਉਸਦੀ ਪ੍ਰੀਤਮਾਂ ਬਾਲਵਿਧਵਾ ਚੰਦ੍ਰਿਕਾ, ਚੰਦ੍ਰਿਕਾ ਦੇ ਬਿਰਧ ਪਿਤਾ ਆਨੰਦ ਰਾਉ ਅਤੇ ਉਸਦੀ ਮਤ੍ਰੇਈ ਮਾਂ ਸਰਸਵਤੀ ਆਦਿਕ ਪਾਤ੍ਰਾਂ ਰਾਹੀਂ ਕੋਲਹਟਕਰ ਨੇ ਵਿਧਵਾ ਵਿਆਹ ਦੀ ਉਚਿੱਤਤਾ ਅਤੇ ਬਾਲ-ਵਿਰਧ ਵਿਆਹ ਦੀ ਅਨੁਚਿੱਤਾ ਦਾ ਇਸ ਨਾਟਕ ਵਿਚ ਸ਼ਾਨਦਾਰ ਵਰਣਨ ਕੀਤਾ ਹੈ। ਨਾਲ ਹੀ ਵਿਹਾਰ-ਤਰੰਗਣੀ ਦੀ ਕਹਾਣੀ ਨਾਲ ਉਹਨਾਂ ਨੇ ਪੁਨਰ-ਵਿਆਹ ਦਾ ਵੀ ਪੱਖ ਪੂਰਿਆ ਹੈ। ਸਰਸਵਤੀ ਦੇ ਪਾਤ੍ਰ ਦਾ ਚਿਤ੍ਰਣ ਤਾਂ ਬਹੁਤ ਧੂਹ ਪਾਊ ਅਤੇ ਸ਼ਾਨਦਾਰ ਹੋਇਆ ਹੈ। ਵਿਰਧ ਪਤੀ ਦੀ ਇਹ ਇਕ ਛੋਟੀ ਜਿਹੀ ਸੁਖ-ਵੰਚਿਤ ਪਤਨੀ ਮਨੋਹਰ ਵਰਗੇ ਸੁਸ਼ੀਲ ਜੁਆਨ ਦੇ ਮੋਹ ਵਿਚ ਪੈ ਕੇ ਅਰਧ-ਪਤਨੀ ਦੀ ਸੀਮਾ ਤੱਕ ਜਾ ਪੁੱਜਦੀ ਹੈ। ਇੰਨਾ ਹੋਣ ਤੱਕ ਵੀ ਉਹ ਦਰਸ਼ਕਾਂ ਦੀ ਹਮਦਰਦੀ ਨਹੀਂ ਖੋਂਹਦੀ। ਸਮਾਜਿਕ ਅਨਿਆਂ ਦਾ ਇਹ ਪਥ ਪ੍ਰਦਰਸ਼ਕ ਅੰਤ, ਦਰਸ਼ਕਾਂ ਨੂੰ ਅੰਤ੍ਰਮੁਖੀ ਬਣਾਉਂਦਾ ਹੈ ਅਤੇ ਸਮਾਜਿਕ ਪ੍ਰਥਾਂਵਾਂ ਕਰਕੇ ਚੰਦ੍ਰਿਕਾ, ਸਪੱਸ਼ਟ ਨਿਸ਼ਪਾਪ ਪ੍ਰਾਣੀ ਨੂੰ ਜੀਵਨ ਵਿਚ ਜਿਹੜੀਆਂ ਮੁਸੀਬਤਾਂ ਭੋਗਣੀਆਂ ਪੈਂਦੀਆਂ ਹਨ, ਉਹਨਾਂ ਨੂੰ ਵੇਖ ਕੇ ਦਰਸ਼ਕਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ। ਭਾਰਤੀ ਜੀਵਨ ਦੀਆਂ ਕਈ ਪੀੜੀਆਂ ਸਮੱਸਿਆਵਾਂ ਨੂੰ ਉਹਨਾਂ ਨੇ ਇਸ ਨਾਟਕ ਵਿਚ ਜ਼ਬਾਨ ਪ੍ਰਦਾਨ ਕੀਤੀ ਹੈ। ਸ੍ਰੀ

ਗਡਕਰੀ ਨੇ ਇਸ ਨਾਟਕ ਦੀ ਆਧੁਨਿਕਤਾ ਨੂੰ ਵੇਖਦਿਆਂ ਸਮਕਾਲੀਨ ਸਮਾਜ ਦੇ ਸਬੰਧ ਵਿਚ ਕਿਹਾ ਸੀ, ਕਿ—"ਕੋਲਹਟਕਰ ਸੌ ਵਰ੍ਹਾ ਪਹਿਲਾਂ ਜੰਮੇਂ ਹਨ" । ਇਹ ਨਾਟਕ ਜਿਸ ਸਮੇਂ ਵਿਚ ਸਟੇਜ ਹੋਇਆ ਸੀ, ਉਹ ਸਮਾਂ ਸੁਧਾਰਵਾਦੀ ਦ੍ਰਿਸ਼ਟੀ ਤੋਂ ਬਹੁਤ ਪ੍ਰਤੀਕੂਲ ਸਮਾਂ ਸੀ । ਸ਼੍ਰੀ ਪੁ. ਰਾ. ਲੇਲੇ ਕਹਿੰਦੇ ਹਨ—"੧੯੦੬ ਦਾ ਵਰ੍ਹਾ ਕਿਰਲੋਸਕਰ ਕੰਪਣੀ ਲਈ ਬਹੁਤ ਹੀ ਤੁਹਫਿਆਂ ਭਰਿਆ ਸਮਾਂ ਸੀ । ਕਲਕੱਤਾ ਕਾਂਗ੍ਰਸ ਨੇ ਪਹਿਲੀ ਵਾਰ ਪ੍ਰਚੰਡ ਕਾਰਜ ਨੂੰ ਸਵੀਕ੍ਰਿਤੀ ਦਿਤੀ ਸੀ । ਦਾਦਾ ਭਾਈ ਨੌਰੋਜੀ ਨੇ ਕਾਂਗ੍ਰਸ ਦੇ ਪ੍ਰਧਾਨਗੀ ਮੰਚ ਤੋਂ ਸਵਰਾਜ ਸ਼ਬਦ ਦਾ ਉਚਾਰਨ ਕੀਤਾ । ਨਿਕੰਮੇ ਰਾਜਨੀਤਕਾਂ ਦੇ ਦਲ ਦੀ ਪੂਰੀ ਹਾਰ ਅਤੇ ਲੋਕਮਾਨੇ ਤਿਲਕ ਦੇ ਦਲ ਦੀ ਪੂਰਨ ਜਿੱਤ ਇਸ ਕਲਕੱਤਾ ਕਾਂਗ੍ਰਸ ਦਾ ਨਤੀਜਾ ਸੀ । ਨਿਸ਼ਕਿਰਿਆ ਰਾਜਨੀਤੀ ਅਤੇ ਸਮਾਜ ਸੁਧਾਰ ਇਕ ਪਾਸੇ, ਤਾਂ ਸੁਕਰਮਿਕ ਰਾਜਨੀਤੀ ਅਤੇ ਸਨਾਤਨ ਧਰਮ ਦੂਜੇ ਪਾਸੇ ਸੀ । ਭਾਵੇਂ ਲੋਕਮਾਨੇ ਸਮਾਜ ਸੁਧਾਰ ਦੇ ਵਿਰੋਧੀ ਨਹੀਂ ਸਨ, ਤਾਂ ਭੀ ਸਾਧਾਰਨ ਜਨਤਾ ਦੀ ਧਾਰਨਾ ਉਹਨਾਂ ਬਾਰੇ ਕੁਝ ਅਜਿਹੀ ਹੀ ਸੀ । ਉਹਨੀਂ ਦਿਨੀਂ ਨੇਮਾਲਕਰ ਦੇ ਲਿਖੇ 'ਦੰਡਧਾਰੀ' ਨਾਟਕ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੋ ਰਿਹਾ ਸੀ । ਉਸ ਨਾਟਕ ਦਾ ਪਾਤ੍ਰ ਦੰਡਧਾਰੀ, ਹੂਬਹੂ ਲੋਕ ਮਾਨੇ ਤਿਲਕ ਦਾ ਪਹਿਰਾਵਾ ਪਹਿਨ ਕੇ ਸਟੇਜ ਤੇ ਆਉਂਦਾ ਹੁੰਦਾ ਸੀ । ਇਹ ਨਾਟਕ ਅੱਗੇ ਚਲ ਕੇ ਬੰਦ ਹੋ ਗਿਆ । ਪਰ ਉਹਨੀਂ ਦਿਨੀਂ ਉਸਦੀ ਲੋਕਪ੍ਰਿਅਤਾ ਬਹੁਤ ਜ਼ਿਆਦਾ ਸੀ । ਅਜਿਹੇ ਦਿਨਾਂ ਵਿਚ 'ਮਤਿਵਿਕਾਰ' ਸਪੱਸ਼ਟ ਸਮਾਜ ਸੁਧਾਰਕ ਉਤਸ਼ਾਹੀ ਨਾਟਕ ਸਟੇਜ ਤੇ ਲਿਆਉਣਾ, ਕਿਰਲੋਸਕਰ ਕੰਪਨੀ ਲਈ ਬੜੀ ਹਿੰਮਤ ਦੀ ਗੱਲ ਸੀ । ਪਰ ਉਸ ਕੰਪਨੀ ਨੇ ਕੇਵਲ ਇਸੇ ਲਈ ਇਹ ਹਿੰਮਤ ਵਿਖਾਈ ਕਿ ਨਾਟਕ ਕੋਲਹਟਕਰ ਨੇ ਲਿਖਿਆ ਸੀ ।"

ਇਹ ਲੰਬਾ ਛੁਟਕਾਰਾ ਉਹਨਾਂ ਦਿਨਾਂ ਦੀ ਸਮਾਜਿਕ ਅਤੇ ਰਾਜਨੀਤਕ ਸਥਿਤੀ ਤੇ ਚੰਗਾ ਚਾਨਣਾ ਪਾਉਂਦਾ ਹੈ । ਵਿਖਮ-ਵਿਆਹ ਆਦਿਕ ਉਸ ਸਮੇਂ ਦੀਆਂ ਸਾਰੀਆਂ ਸਮੱਸਿਆਵਾਂ ਹੁਣ ਉਨੀਆਂ ਪ੍ਰਚੰਡ ਨਹੀਂ ਸਨ ਰਹੀਆਂ । ਪਰ ਮਹਾਰਾਸ਼ਟਰ ਵਿਚ ਇਕ ਅਜਿਹਾ ਸਮਾਂ ਸੀ ਜਦੋਂ ਉਹਨਾਂ ਨੂੰ ਲੈ ਕੇ ਬੜੇ ਹੀ ਜ਼ੋਰਦਾਰ ਝਗੜੇ ਹੋਇਆ ਕਰਦੇ ਸਨ । ਅਜਿਹੇ ਸਮੇਂ ਕੋਲਹਟਕਰ ਨੇ ਜਿਸ ਨਿਰਭੈਤਾ ਨਾਲ ਅਪਣੇ ਹਰ ਪ੍ਰਕਾਰ ਦੇ ਸਾਹਿਤ ਰਾਹੀਂ ਸਮਾਜ-ਸੁਧਾਰ ਦਾ ਬੌਧਿਕ ਅਤੇ ਕਰਮਸ਼ੀਲ ਵਰਣਨ ਕੀਤਾ ਹੈ, ਉਹ ਨਿਰਸੰਦੇਹ ਪ੍ਰਸ਼ੰਸਾਯੋਗ ਹੈ । ਇਹਨਾਂ ਨਾਟਕਾਂ ਉਤੇ ਆਲੋਚਕਾਂ ਦੀ ਟੇਢੀ ਨਿਗਾਹ ਦਾ ਰਹਿਣਾ ਸੁਭਾਵਿਕ ਸੀ ਅਤੇ ਉਹ ਰਹੀ ਵੀ ।

ਉਸਤੋਂ ਮਗਰੋਂ ਰੰਗ ਮੰਚ ਤੇ ਪੇਸ਼ 'ਪ੍ਰੇਮਸ਼ੋਧਨ' ਕੋਲਹਟਕਰ ਦਾ ਪੰਜਵਾਂ ਨਾਟਕ ਸੀ । ਇਹ ਇਕ ਕਾਵਿਮਈ, ਪ੍ਰੇਮ ਪ੍ਰਧਾਨ ਸੁਖਾਂਤ ਨਾਟਕ ਹੈ । ਇਸ ਵਿਚ ਭਾਵੇਂ ਅਜੋੜ ਵਿਆਹ ਦੀ ਸਮੱਸਿਆ ਦਾ ਵਰਣਨ ਹੋਵੇ ਵੀ, ਫੇਰ ਵੀ ਇਸ ਨਾਟਕ ਵਿਚ ਇਹਨਾਂ ਦੀ ਦ੍ਰਿਸ਼ਟੀ ਸ਼ੁੱਧ ਕਲਾਤਮਿਕ ਰਹੀ ਹੈ । ਨੰਦਨ ਅਤੇ ਕੰਦਨ ਦੋ ਜੌੜੇ ਭਾਈ ਸਨ, ਜਿਨ੍ਹਾਂ ਦਾ ਸੁਭਾਅ ਪਰਸਪਰ ਵਿਰੋਧੀ ਸੀ ਅਤੇ ਮੋਹਣੀ ਅਤੇ ਇੰਦਰਾ ਨਾਂ ਦੀਆਂ ਦੋ ਭੈਣਾਂ ਵੀ ਸਨ । ਇਹਨਾਂ ਪਾਤ੍ਰਾਂ ਦੀ ਜੀਵਨ ਕਥਾ ਵਿਚੋਂ

ਇਸ ਨਾਟਕ ਦੀ ਰਚਨਾ ਹੋਈ ਹੈ। ਕਲਹਟਕਰ ਦੀ ਸਰਵੋਤਮ ਕਲਪਣਾ-ਪ੍ਰਧਾਨ ਨਾਟ-ਰਚਨਾਵਾਂ ਵਿਚ ਇਕ ਨਾਟਕ ਸਥਾਨ ਹੈ। ਜੂਨ ੧੯੧੦ ਵਿਚ ਕਿਰਲੋਸਕਰ ਮੰਡਲੀ ਨੇ ਇਹ ਨਾਟਕ ਅਹਿਮਦਨਗਰ ਵਿਚ ਸਟੇਜ ਕੀਤਾ ਸੀ। ਇਸਦਾ ਨਿਰਦੇਸ਼ਨ ਨਾਟ ਅਚਾਰੀਆ ਖਾਡਿਲਕਰ ਨੇ ਕੀਤਾ ਸੀ। ਮਹਾਰਾਸਟਰ ਦੀ ਰਸੀਆ ਜਨਤਾ ਨੇ ਇਸ ਦਾ ਸ਼ਾਨਦਾਰ ਸੁਆਗਤ ਕੀਤਾ ਸੀ। ੧੯੧੦ ਵਿਚ ਜਦੋਂ ਇਹ ਪੂਨਾ ਵਿਚ ਖੇਡਿਆ ਗਿਆ ਤਾਂ 'ਪੂਨਾ ਨਿਵਾਸੀਆਂ ਨੇ ਪ੍ਰੇਮਸ਼ੋਧਨ ਦਾ ਉਤਮ ਸੁਆਗਤ ਕੀਤਾ' ਇਹ ਗੱਲ ਗਣਪਤ ਰਾਉ ਬੋਡਸ ਨੇ ਆਪਣੇ ਆਤਮ ਚਰਿੱਤਰ ਵਿਚ ਲਿਖੀ ਹੈ।

ਨੰਦਨ ਅਤੇ ਕੰਦਨ ਦੋਨੋਂ ਜੌੜੇ ਭਾਈ ਹਨ। ਨੰਦਰ ਦਾ ਵਿਆਹ ਕੰਦਨ ਦੀ ਪ੍ਰੇਮਕਾ ਮੋਹਣੀ ਨਾਲ ਹੋ ਜਾਂਦਾ ਹੈ। ਇਸਦੇ ਦੋ ਫਲ ਹੁੰਦੇ ਹਨ। ਇਕ ਇਹ ਕਿ ਦੁਖੀ ਕੰਦਨ ਘਰ ਛਡ ਜਾਂਦਾ ਹੈ, ਅਤੇ ਦੂਜਾ ਇਹ ਕਿ ਨੰਦਨ ਦਾ ਵਿਆਹੁਤਾ ਜੀਵਨ ਪ੍ਰੇਮ-ਹੀਨ ਹੋ ਜਾਂਦਾ ਹੈ। ਅੱਗੇ ਚਲਕੇ ਦੋਵੇਂ ਇੰਦਰਾ ਨਾਲ ਪ੍ਰੇਮ ਕਰਨ ਲੱਗ ਜਾਂਦੇ ਹਨ। ਇਸ ਪ੍ਰੇਮ ਕਰਕੇ ਨੰਦਨ ਦੀ ਹੱਤਿਆ ਕਰਨ ਦੀ ਇੱਛਾ ਵਾਲੇ ਕੰਦਨ ਦਾ ਦਿਲ ਬਦਲ ਜਾਂਦਾ ਹੈ। ਉਹ ਪਹਿਲੇ ਹੀ ਸੁਆਰਥ-ਤਿਆਗ ਲਈ ਤਿਆਰ ਹੋ ਜਾਂਦਾ ਹੈ। ਅੰਤ ਵਿਚ ਇਸਦਾ ਅਤੇ ਮੋਹਣੀ ਦਾ ਅੰਤ ਹੋ ਜਾਂਦਾ ਹੈ ਅਤੇ ਇੰਦਰਾ ਅਤੇ ਨੰਦਨ ਦਾ ਮੇਲ ਹੁੰਦਾ ਹੈ। ਪ੍ਰੇਮਮੂਲਿਕ ਵਿਆਹ ਦਾ ਸਮਰਥਣ ਕੋਲਹਟਕਰ ਨੇ ਇਸ ਸੁੰਦਰ ਕਲਾ-ਕਿਰਤ ਨਾਲ ਕੀਤਾ ਹੈ। ਨਾਟ-ਸਾਹਿਤ ਦੇ ਇਕ ਨਿਪੁੰਨ ਆਲੋਚਕ ਸ੍ਰੀ ਦ. ਰਾ. ਗੋਮਕਾਲੇ ਲਿਖਦੇ ਹਨ– "ਇਸ ਨਾਟਕ ਵਿਚ ਪੁਰਾਣੀ ਅਤੇ ਨਵੀਂ ਦੋ ਪੀੜ੍ਹੀਆਂ ਦਾ ਸੰਘਰਸ਼ ਹੈ। ਇਕ ਪੀੜ੍ਹੀ ਕਹਿੰਦੀ ਹੈ ਕਿ ਅਸੀਂ ਜਿਸ ਨਾਲ ਕਹੀਏ, ਉਸੇ ਨਾਲ ਸਾਡੇ ਬੱਚਿਆਂ ਨੂੰ ਵਿਆਹ ਕਰਨਾ ਚਾਹੀਦਾ ਹੈ ਅਤੇ ਦੂਜੀ ਪੀੜ੍ਹੀ ਕਹਿੰਦੀ ਹੈ, ਕਿ ਵਿਆਹ ਵਿਚ ਪ੍ਰੇਮ ਨੂੰ ਮਹਾਨਤਾ ਦੇਣੀ ਚਾਹੀਦੀ ਹੈ। ਇਹੀ ਇਸ ਪ੍ਰੇਮਸ਼ੋਧਨ ਨਾਟਕ ਦੀ ਕਹਾਣੀ ਦਾ ਆਧਾਰ ਹੈ। ਇਸ ਸੰਘਰਸ਼ ਦਾ ਪ੍ਰਗਟਾਵਾ ਚੋਖੇ ਤਰਕਮਈ ਅਤੇ ਪ੍ਰਭਾਵਮਈ ਢੰਗ ਨਾਲ ਕੀਤਾ ਗਿਆ ਹੈ।" ਇਸ ਨਾਟਕ ਦੇ ਪੰਜਵੇਂ ਅੰਕ ਦੇ ਦੂਜੇ ਦ੍ਰਿਸ਼ ਦਾ ਵਰਣਨ ਕਰਦਿਆਂ, ਖਾਂਡੇਕਰ ਨੇ ਉਸਨੂੰ 'ਮਰਾਠੀ ਨਾਟਕਾਂ ਵਿਚ ਸਰਵੋਤਮ ਦ੍ਰਿਸ਼' ਕਿਹਾ ਹੈ। ਸ੍ਰੀ ਪੁ. ਰਾ. ਲੇਲੇ ਨੇ ਲਿਖਿਆ ਹੈ— "ਇਸ ਦ੍ਰਿਸ਼ ਨੂੰ ਪੜ੍ਹ ਕੇ ਸ਼ਿਵਜੀ ਨੂੰ ਬੜਾ ਆਨੰਦ ਆਉਂਦਾ।" ਨਿਰਸੰਦੇਹ 'ਪ੍ਰੇਮਸ਼ੋਧਨ' ਨਾਟਕ ਸ੍ਰੀਪਾਦ ਕ੍ਰਿਸ਼ਣ ਦੀ ਕੀਰਤੀ ਦਾ ਕਲਸ਼ ਹੈ। ਉਸਤੋਂ ਮਗਰੋਂ ੧੯੧੧ ਵਿਚ ਖਡਿਲਕਰ ਦਾ ਸੰਗੀਤ ਪ੍ਰਧਾਨ ਨਾਟਕ 'ਮਾਨਾਪਮਾਨ' ਸਟੇਜ ਹੋਇਆ ਅਤੇ ਕੋਲਹਟਕਰ ਯੁੱਗ ਦਾ ਜਵਾਲ ਸ਼ੁਰੂ ਹੋਇਆ।

ਇਸ ਪ੍ਰਕਾਰ ਪੰਜ ਰਸੀਲੇ ਸੁਖਾਂਤ ਨਾਟਕ ਲਿਖਣ ਮਗਰੋਂ ਕੋਲਹਟਕਰ ਵਾਰਤਕ ਪ੍ਰਧਾਨ ਰੰਗ ਮੰਚ ਵਲ ਝੁਕ ਗਏ। ੧੯੧੨ ਵਿਚ ਉਹਨਾਂ ਨੇ "ਵਧੂ ਪ੍ਰੀਕਸ਼ਾ" ਨਾਂ ਦਾ ਨਾਟਕ ਲਿਖਿਆ। ਸਭ ਤੋਂ ਪਹਿਲਾਂ ਖਾਮਗਾਉਂ ਵਿਚ ਮਹਾਰਾਸ਼ਟਰ ਨਾਟਕ ਮੰਡਲੀ ਨੇ ੧੯੧੩ ਵਿਚ ਇਸ ਗੱਦ ਪਰਧਾਨ ਨਾਟਕ ਨੂੰ ਸਟੇਜ ਕੀਤਾ। ਪੁ.

ਰਾ. ਲੇਲੇ ਲਿਖਦੇ ਹਨ—"ਸਯਾਜੀਰਾਉ ਗਾਇਕਵਾੜ ਇਸ ਨਾਟਕ ਨੂੰ ਬਹੁਤ ਪਸੰਦ ਕਰਦੇ ਸਨ।" ਇਸ ਵਿਚ ਦੋ ਆਤਮ ਭਾਸ਼ਣ ਬਹੁਤ ਹੀ ਸੁੰਦਰ ਲਗੇ। ਉਹਨਾਂ ਨੂੰ ਸੁਣਦਿਆਂ ਦਰਸ਼ਕਾਂ ਨੂੰ ਉਨਾ ਹੀ ਅਨੰਦ ਆਉਂਦਾ ਸੀ, ਜਿਨ੍ਹਾਂ ਬਾਲਗੰਧਰਵ ਦੇ ਗਾਏ ਹੋਏ ਸੰਗੀਤ ਨੂੰ ਸੁਣ ਕੇ ਆਉਂਦਾ ਸੀ। ਇਹ ਦੋਨੋਂ ਆਤਮ-ਭਾਸ਼ਣ ਸ੍ਰੀ ਪੋਤਨੀਸ਼ ਦਰਸ਼ਕਾਂ ਸਾਮ੍ਹਣੇ ਪੇਸ਼ ਕਰਿਆ ਕਰਦੇ ਸਨ। ਇਸ ਤੋਂ ਪ੍ਰਤੀਤ ਹੁੰਦਾ ਹੈ, ਕਿ ਕੋਲਹਟਕਰ ਨਾਟਕਾਂ ਦੇ ਵਾਰਤਾਲਾਪ ਲਿਖਣ ਵਿਚ ਕਿੰਨੇ ਨਿਪੁੰਨ ਸਨ। ਸੰਗੀਤ ਪ੍ਰਧਾਨ ਨਾਟਕਾਂ ਵਿਚ ਉਹ ਜਿੰਨੀ ਸਫਲਤਾ ਪ੍ਰਾਪਤ ਕਰ ਸਕੇ, ਉਨੀ ਹੀ ਸਫਲਤਾ ਉਹਨਾਂ ਨੂੰ ਗੱਦ-ਨਾਟਕਾਂ ਵਿਚ ਵੀ ਪ੍ਰਾਪਤ ਹੋਈ। ਇਕ ਰਿਆਸਤ ਦਾ ਨਵੀਨ ਵਿਚਾਰਾਂ ਵਾਲਾ ਨੌਜੁਆਨ ਰਾਜਾ, ਭੇਸ ਬਦਲ ਕੇ ਰੂਪ-ਗੁਣ-ਸੰਪੂਰਨ ਲਾੜੀ ਦੀ ਖੋਜ ਵਿਚ ਨਿਕਲਦਾ ਹੈ ਅਤੇ ਅੰਤ ਵਿਚ ਉਸਨੂੰ ਉਹ ਮਿਲ ਜਾਂਦੀ ਹੈ—ਇਹੀ ਇਸ ਨਾਟਕ ਦੀ ਕਹਾਣੀ ਹੈ। ਭਾਵੇਂ ਇਸ ਨਾਟਕ ਵਿਚ ਹੋਰ ਕਈ ਸਮੱਸਿਆਵਾਂ ਦਾ ਵਰਨਣ ਆਇਆ ਹੈ, ਤਾਂ ਭੀ ਉਹਨਾਂ ਨੂੰ ਇਸ ਕਲਾ ਕਿਰਤ ਰਾਹੀਂ ਇਹ ਪੇਸ਼ ਕਰਨਾ ਸੀ, ਕਿ 'ਨਾਟਕ ਦੀ ਨਾਇਕਾ' ਚੰਗੇ ਗੁਣਾਂ ਵਾਲੀ ਬਾਲਿਕਾ ਨੂੰ ਕੇਵਲ ਉਸਦੇ ਨੀਚ ਕੁਲ ਦੀ ਹੋਣ ਕਰ ਕੇ, ਗ੍ਰਹਿਣ ਕੀਤੇ ਜਾਣ ਯੋਗ ਨਾ ਮੰਨਣਾ ਠੀਕ ਨਹੀਂ ਹੈ। ਨਾਟਕ ਦੀ ਗੋਂਦ ਕਾਫੀ ਗੁੰਝਲਦਾਰ ਹੈ ਤਾਂ ਭੀ ਇਸਦੀ ਰਚਨਾ ਚੰਗੀ ਤਰ੍ਹਾਂ ਨਿਭੀ ਹੈ, ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਹੈ। ਹਾਸਰਸ ਉਸਾਰੀ ਲਈ ਉਹਨਾਂ ਨੇ ਦਿਹਾਤੀ ਭਾਸ਼ਾ ਦੀ ਵਰਤੋਂ ਵੀ ਸਫਲਤਾ ਨਾਲ ਕੀਤੀ ਹੈ।

'ਵਧੂਪ੍ਰੀਕਸ਼ਾ' ਮਗਰੋਂ ਉਹਨਾਂ ਨੇ ੧੯੧੭ ਵਿਚ 'ਸਹਿਚਾਰਿਣੀ' ਅਤੇ 'ਪਰਿਵਰਤਣ' ਨਾਂ ਦੇ ਦੋ ਨਾਟਕ ਲਿਖੇ। ਉਹਨਾਂ ਨੂੰ ਸਟੇਜ ਕਰਨ ਦਾ ਨਿਸ਼ਚਾ, ਬਾਲਗੰਧਰਵ ਦੀ ਪ੍ਰਸਿਧ 'ਗੰਧਰਵ ਨਾਟਕ ਮੰਡਲੀ' ਨੇ ਕੀਤਾ। ਇਸ ਮੰਡਲੀ ਨੇ ਇਹਨਾਂ ਵਿਚੋਂ 'ਸਹਿਚਾਰਣੀ' ਨੂੰ ੧੯੧੮ ਵਿਚ ਬੜੌਦਾ ਵਿਖੇ ਸਟੇਜ ਕੀਤਾ ਇਹ ਇਕ ਹਾਸਰਸੀ ਨਾਟਕ ਹੈ। ਇਸ ਵਿਚ 'ਦੋ ਇਸਤ੍ਰੀਆਂ ਦੇ ਪਤੀਆਂ ਦਾ ਚਰਿਤ੍ਰ-ਚਿਤ੍ਰਣ' ਹੈ। ਪ੍ਰਸਿਧ ਸ੍ਰੀ ਗੁਰਜਰ ਨੇ ਗੰਧਰਵ ਨੂੰ ਇਸ ਨਾਟਕ ਦੀ ਸਿਫਾਰਸ਼ ਕਰਦਿਆਂ ਕਿਹਾ ਸੀ, ਕਿ 'ਇਹ ਨਾਟਕ ਮਰਾਠੀ ਨਾਟਕਾਂ ਵਿਚ ਸਭ ਤੋਂ ਵੱਧ ਹਾਸਰਸੀ ਬਣ ਗਿਆ ਹੈ।' ਇੰਨਾ ਹੋਣ ਤੇ ਵੀ ਇਹ ਨਾਟਕ ਰੰਗ ਮੰਚ ਉਤੇ ਸਫਲ ਨਹੀਂ ਹੋ ਸਕਿਆ। 'ਸਹਿਚਾਰਿਣੀ' ਦੀ ਅਸਫਲਤਾ ਦੇ ਕਾਰਨ, ਹੈਰਾਨ ਹੋਈ। 'ਗੰਧਰਵ ਕੰਪਨੀ' ਨੂੰ 'ਪਰਿਵਰਤਣ' ਨਾਟਕ ਦੇ ਸਟੇਜ ਕਰਨ ਦਾ ਹੌਸਲਾ ਹੀ ਨਹੀਂ ਪਿਆ। ਸ੍ਰੀ ਵਾ. ਲ. ਕੁਲਕਰਣੀ ਦੇ ਮੱਤ ਵਿਚ 'ਸਹਿਚਾਰਿਣੀ' ਅਤੇ 'ਪਰਿਵਰਤਣ' ਨਾਂ ਦੇ ਨਾਟਕ ਹੀ ਕੋਲਹਟਕਰ ਦੇ ਅਸਲੀ ਨਾਟਕ ਹਨ। ਉਹਨਾਂ ਵਿਚ ਪਹਿਲੇ ਨਾਟਕ ਦਾ ਵਾਤਾਵਰਣ ਹਾਸਰਸੀ ਹੈ ਅਤੇ ਦੂਜੇ ਦਾ ਅਦਭੁਤ ਸੁਪਨ-ਨਾਟਕ ਮਈ ਹੈ, ਇਸ ਕਰ ਕੇ ਉਸ ਵਿਚ ਮਜ਼ਾਕ ਨਾਟਕ ਦਾ ਅਟੁੱਟ ਅੰਗ ਬਣ ਗਿਆ ਹੈ। ਭਾਵੇਂ 'ਪਰਿਵਰਤਣ' ਨਾਟਕ ਵਿਚ ਵੀ ਕੋਲਹਟਕਰ ਨੇ ਆਪਣੇ ਪਿਆਰੇ ਸਮਾਜ-ਸੁਧਾਰਾਂ ਨੂੰ ਹੀ ਅਪਣੀ ਰਚਨਾ ਦਾ ਉਦੇਸ਼ ਬਣਾਇਆ ਹੈ, ਤਾਂ ਭੀ

ਨਾਟਕ ਬਹੁਤ ਪੜ੍ਹਨ ਯੋਗ ਬਣ ਗਿਆ ਹੈ। ਨਾਟਕ ਵਿਚ ਕੁਝ ਨਾਟਕੀ ਮੁੱਲ ਵੀ ਹੈ। ਭਾਵ ਜਿਹੜੇ ਦ੍ਰਿਸ਼ ਅਤੇ ਪ੍ਰਸ਼ਨ ਇਥੇ ਪੇਸ਼ ਕੀਤੇ ਗਏ ਹਨ, ਉਹਨਾਂ ਵਿਚ ਕਈ ਥਾਈਂ ਮਨੋਰੰਜਕ ਨਾਟਕੀ ਗੁਣ ਮੌਜੂਦ ਹੈ।" ਇਹ ਪ੍ਰਸੰਸਾ ਕੀਤੀ ਹੈ ਸ੍ਰੀ ਵਾ. ਲ. ਕੁਲਕਰਣੀ ਨੇ। ਕੋਲਹਟਕਰ ਦੇ ਨਾਟ-ਸਾਹਿੱਤ ਦੇ ਗਿਆਨੀ ਸਮੀਖਿਆਕਾਰ ਸ੍ਰੀ. ਦ. ਰਾ. ਗੋਮਕਾਲੇ ਦੀ ਸਮਝ ਵਿਚ ਨਹੀਂ ਆਇਆ, ਕਿ ਇਹ ਨਾਟਕ ਰੰਗ-ਮੰਚ ਉੱਤੇ ਫੇਲ੍ਹ ਕਿਉਂ ਹੋ ਗਿਆ। ਉਹ ਲਿਖਦੇ ਹਨ-"ਇਸ ਨਾਟਕ ਦਾ ਮੁਖ ਵਿਸ਼ਾ, ਇਸਤ੍ਰੀ ਅਤੇ ਪੁਰਸ਼ ਦੀ ਸਰਵਪੱਖੀ ਸਮਾਨਤਾ ਹੀ ਹੈ, ਜਿਸਨੂੰ ਉਹਨਾਂ ਨੇ ਅਨੇਕ ਨਾਟਕੀ ਅਤੇ ਅਦਭੁਤ ਘਟਨਾਵਾਂ ਦੀ ਸਹਾਇਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਇੰਨਾ ਸੁੰਦਰ ਨਾਟਕ ਪਿਛੇ ਕਿਵੇਂ ਰਹਿ ਗਿਆ, ਇਹ ਇਕ ਪਹੇਲੀ ਹੀ ਹੈ। ਸਾਹਿੱਤਕ ਦ੍ਰਿਸ਼ਟੀ ਤੋਂ ਪਠਨੀ-ਨਾਟਕ ਸਟੇਜ ਉਤੇ ਆ ਕੇ ਅਸਫਲ ਕਿਉਂ ਹੋ ਜਾਂਦੇ ਹਨ, ਇਹ ਨਾਟ ਖੇਤ੍ਰ ਦੀ ਇਕ ਨਿਰੰਤਰ ਪਹੇਲੀ ਹੈ, ਇਸ ਵਿਚ ਕੋਈ ਸ਼ੱਕ ਨਹੀਂ।

ਕੋਲਹਟਕਰ ਦਾ ਨੌਵਾਂ ਅਤੇ ਅੰਤਮ ਨਾਟਕ ਹੈ 'ਜਨਮ ਰਹੱਸ'। ਉਸ ਤੋਂ ਮਗਰੋਂ ਵੀ ਉਹਨਾਂ ਨੇ ਤਿੰਨ ਨਾਟਕ ਹੋਰ ਲਿਖੇ ਹਨ, ਪਰ ਉਹਨਾਂ ਵਿਚ ਉਹਨਾਂ ਦੀ ਪ੍ਰਤਿਭਾ ਕੁਝ ਨਿਸ਼ਤੇਜ਼ ਹੋ ਗਈ ਹੈ। ਕੋਲਹਟਕਰ ਦੇ ਕਈ ਕਲਪਨਿਕ ਨਾਟਕਾਂ ਵਿਚ, 'ਜਨਮ ਰਹੱਸ' ਪਹਿਲਾ ਦੁਖਾਂਤ ਨਾਟਕ ਹੈ। ਇਸ ਨਾਟਕ ਬਾਰੇ ਕੋਲਹਟਕਰ ਆਪ ਲਿਖਦੇ ਹਨ-"ਮੇਰੇ ਸਾਰੇ ਨਾਟਕਾਂ ਵਿਚੋਂ, ਇਹ ਸਰਵੋਤਮ ਨਾਟਕ ਬਣ ਸਕਿਆ ਹੈ।" ਬਲਵੰਤ ਸੰਗੀਤ ਮੰਡਲੀ ਨੇ ਬੰਬਈ ਵਿਚ ੧੯੧੮ ਵਿਚ ਸਤੰਬਰ ਮਹੀਨੇ ਇਸਨੂੰ ਪਹਿਲੀ ਵਾਰ ਸਟੇਜ ਉਤੇ ਪੇਸ਼ ਕੀਤਾ ਸੀ। ਮੰਡਲੀ ਦੇ ਸੰਚਾਲਕ ਚਿੰਤਾਮਣਰਾਓ ਕੋਲ੍ਹਟਕਰ ਨੇ ਅਪਣੇ ਆਤਮ-ਵਿਰਤਾਂਤ ਵਿਚ ਇਸ ਨੂੰ ਸੱਤ ਪਾਤ੍ਰਾਂ ਦੀ 'ਨਵੀਨ ਕਲਪਣਾ-ਯੁਕਤ ਨਵਾਂ ਨਾਟਕ' ਅਤੇ 'ਸੰਗੀਤ ਪ੍ਰਧਾਨ ਦੁਖਾਂਤ ਨਾਟਕ ਦੇ ਰੂਪ ਵਿਚ ਰੰਗ-ਮੰਚ ਤੇ ਆਉਣ ਵਾਲਾ ਪਹਿਲਾ ਨਾਟਕ' ਕਿਹਾ ਹੈ। ਰਘੂਨਾਥ ਕਾਂਤਾ ਦੀ ਦੁਖਾਂਤ ਪ੍ਰੇਮ ਕਥਾ ਵਿਚ ਉਹਨਾਂ ਨੇ ਲੋਭ ਵਿਰੋਧੀ ਵਿਆਹ ਦੀ ਸਮੱਸਿਆ ਨੂੰ ਹੱਥ ਵਿਚ ਲਿਆ ਹੈ। ਪ੍ਰਾਧਿਆਪਕ ਪਰਾਡਕਰ ਦਾ ਇਹ ਕਹਿਣਾ ਪੂਰੀ ਤਰ੍ਹਾਂ ਸੱਚ ਹੈ ਕਿ "ਇਸ ਸਮਾਜਕ-ਦੁਖਾਂਤ ਨਾਟਕ ਵਿਚ ਅਦਭੁਤ ਕਹਾਣੀ ਦਾ ਆਸਰਾ ਨਾ ਲੈ ਕੇ ਕੋਲਹਟਕਰ ਸਪੱਸ਼ਟ ਜੀਵਨ ਦੀ ਯਥਾਰਥਕਤਾ ਵਲ ਖਿਚੇ ਹੋਏ ਪ੍ਰਤੀਤ ਹੁੰਦੇ ਹਨ।"

ਇਸ ਤੋਂ ਮਗਰੋਂ ਉਹਨਾਂ ਨੇ 'ਸ਼ਿਵ ਪਵਿਤ੍ਰਯ' 'ਸ਼੍ਰਮਸਾਫਲਯ' ਅਤੇ 'ਮਾਯਾਵਿਵਾਹ' ਨਾਂ ਦੇ ਤਿੰਨ ਨਾਟਕ ੧੯੨੧ ਤੋਂ ੨੮ ਵਿਚਕਾਰ ਲਿਖੇ। ਕੋਲਹਟਕਰ ਦੀ ਨਾਟ-ਪ੍ਰਤੀਭਾ ਦੇ ਜ਼ਵਾਲ ਦੇ ਦਿਨਾਂ ਵਿਚ ਲਿਖੇ ਗਏ ਇਹ ਨਾਟਕ ਰੰਗਮੰਚ ਤੋਂ ਉਹਨਾਂ ਦੇ ਲੁਕਣ-ਭਾਵ ਦੇ ਸਾਖੀ ਹਨ। ਸਿਰਫ 'ਮਾਯਾਵਿਵਾਹ' ਨਾਂ ਦਾ ਇਕ ਨਾਟਕ ਹੀ ਰੰਗਮੰਚ ਉਤੇ ਆ ਸਕਿਆ ਹੈ। ਦੂਜੇ ਨਾਟਕਾਂ ਨੂੰ ਤਾਂ ਪੇਸ਼ ਨਹੀਂ ਕੀਤਾ ਗਿਆ। 'ਸ਼ਿਵ ਪਵਿਤ੍ਰਯ' ਉਹਨਾਂ ਦਾ ਇਕੋ ਇਕ ਇਤਿਹਾਸਕ ਨਾਟਕ ਹੈ। ਇਹ ਸ਼ਿਵਾਜੀ ਤੇ ਲਿਖਿਆ ਗਿਆ ਹੈ। ਪਰ ਕਲਾ ਪਖੋਂ ਸਾਧਾਰਣ ਹੀ ਹੈ। 'ਸ਼੍ਰਮਸਾਫਲਯ' ਦਾ ਵਿਸ਼ਾ

ਇਹ ਦਸਣਾ ਹੈ, ਕਿ 'ਮਥੇ ਦੀਆਂ ਰੇਖਾਵਾਂ' ਨਾਲੋਂ ਬਾਹਾਂ ਦਾ ਬਲ ਵਧੇਰੇ ਉਤਮ ਹੈ। ਇਸ ਨਾਟਕ ਵਿਚ ਆਤਮ ਭਾਸ਼ਣਾਂ ਨੂੰ ਤਿਲਾਂਜਲੀ ਦੇ ਦਿਤੀ ਹੈ । 'ਮਾਯਾਵਿਵਾਹ' ਉਹਨਾਂ ਦਾ ਅੰਤਮ ਅਤੇ ਦੁਖਾਂਤ ਨਾਟਕ ਹੈ। ਕੋਲਹਟਕਰ ਦਾ ਇਹ ਦੁਖਾਂਤ ਨਾਟਕ ਉਹਨਾਂ ਦੀ ਮੌਤ ਤੋਂ ੧੨ ਵਰ੍ਹੇ ਮਗਰੋਂ 'ਯੁਗਵਾਣੀ' ਵਿਚ ਛਪਿਆ। ਇਹ ਤਿੰਨੇ ਨਾਟਕ ਮਰਾਠੀ ਰੰਗਮੰਚ ਉਤੇ ਵਰਜਿਤ ਹੀ ਰਹੇ।

ਕੋਲਹਟਕਰ ਦੇ ਅਰੰਭ ਦੇ ੬ ਨਾਟਕ ਕਲਾ ਅਤੇ ਵਿਸ਼ੇ ਦੋਹਾਂ ਪਖਾਂ ਤੋਂ ਮਹੱਤਵਪੂਰਨ ਹਨ। ਇਹਨਾਂ ਨਾਟਕਾਂ ਨੇ ਹੀ ਮਰਾਠੀ ਸਟੇਜ ਨੂੰ ਨਵਾਂ ਮੋੜ ਪ੍ਰਦਾਨ ਕੀਤਾ ਹੈ। ੧੮੯੬ ਤੋਂ ਲੈ ਕੇ ੧੯੧੧ ਤੱਕ ਮਰਾਠੀ ਰੰਗਮੰਚ ਤੇ ਉਹਨਾਂ ਦਾ ਚਰਚਾ ਰਿਹਾ। ੧੯੧੧ ਵਿਚ ਖਾਡਿਲਕਰ ਰਚਿਤ 'ਸੰਗੀਤ ਮਾਨਾਪਮਾਨ' ਰੰਗਮੰਚ ਉਤੇ ਕੋਲਹਟਕਰ ਨੂੰ ਜਿਹੜਾ ਇਕਾਧਿਕਾਰ ਪ੍ਰਾਪਤ ਸੀ, ਇਹ ਖਤਮ ਹੋ ਗਿਆ। ੧੯੧੨ ਵਿਚ ਗਡਕਰੀ ਦੇ ਲਿਖੇ 'ਪ੍ਰੇਮ ਸਨਿਆਸ' ਦੇ ਸਟੇਜ ਉਤੇ ਆਉਂਦਿਆਂ ਹੀ ਕੋਲ-ਹਟਕਰ ਦੀ ਲੋਕਪ੍ਰਿਅਤਾ-ਵੇਗ ਵਿਚ ਕਮੀ ਹੋਣ ਲੱਗੀ। ਪਰ ਖਾਡਿਲਕਰ ਅਤੇ ਗਡਕਰੀ ਦੋਨੋਂ ਹੀ ਕੋਲਹਟਕਰ ਦੇ ਨਾਟ-ਢੰਗ ਤੋਂ ਪ੍ਰਭਾਵਿਤ ਹੋਏ ਸਨ। ਗਡਕਰੀ ਦੀ ਨਾਟ-ਦੁਨੀਆਂ ਕੋਲਹਟਕਰ ਦੀ ਨਾਟ-ਸ਼ੈਲੀ ਹੀ ਵਧੇਰੇ ਵਿਕਸਿਤ ਰੂਪ ਸੀ। ਇਸ ਕਰ ਕੇ ਗ. ਤ੍ਰਯੰ ਮਡਖੋਲਕਰ ਕਹਿੰਦੇ ਹਨ—"ਕੋਲਹਟਕਰ ਦੀ ਨਾਟ-ਕਲਾ ਦਾ ਮੁਲੰਕਣ ਕਰਨਾ ਹੀ ਤਾਂ ਸਾਡੇ ਲਈ ਜਿਥੇ ਉਹਨਾਂ ਦੀ ਆਪਣੀ ਸਟੇਜੀ ਲੋਕਪ੍ਰਿਅਤਾ ਦਾ ਲੇਖਾ ਜੋਖਾ ਕਰਨਾ ਹੋਵੇਗਾ, ਉਥੇ ਸਾਨੂੰ ਇਹ ਵੀ ਵੇਖਣਾ ਪਵੇਗਾ ਕਿ ਉਹਨਾਂ ਨੇ ਆਪਣੀ ਕਲਾ ਤੋਂ ਖਾਡਿਲਕਰ ਅਤੇ ਗਡਕਰੀ ਨੂੰ ਕਿੰਨਾ ਕੁ ਪ੍ਰਭਾਵਿਤ ਕੀਤਾ ਹੈ।" ਮਰਾਠੀ ਰੰਗਮੰਚ ਦੇ ਪ੍ਰਤਿਭਾਸ਼ਾਲੀ ਨਾਟਕਕਾਰ ਕਿਰਲੋਸਕਰ, ਦੇਵਲ, ਕੋਲਹਟਕਰ, ਖਾਡਿਲਕਰ ਅਤੇ ਗਡਕਰੀ ਨੂੰ 'ਨਾਟ-ਪੰਚਕ' ਦੇ ਤੌਰ ਤੇ ਜਾਣਿਆ ਜਾਂਦਾ ਹੈ। ਕੋਲਹਟਕਰ ਨੇ ਜਦੋਂ ਨਾਟਕ ਲਿਖਣਾ ਸ਼ੁਰੂ ਕੀਤਾ ਉਸ ਵੇਲੇ ਵਿਸ਼ਵ ਦੇ ਰੰਗਮੰਚ ਤੋਂ ਕਿਰਲੋਸਕਰ ਦਾ ਅੰਤ ਹੋ ਚੁਕਿਆ ਸੀ। ਬਾਕੀ ਦੇਵਲ, ਗਡਕਰੀ ਅਤੇ ਖਾਡਿਲਕਰ ਤਿੰਨਾਂ ਨਾਟਕਕਾਰਾਂ ਦੀਆਂ ਰਚਨਾਵਾਂ ਤੇ ਕੋਲਹਟਕਰ ਦਾ ਪ੍ਰਭਾਵ ਚੋਖਾ ਲਭਦਾ ਹੈ। ਇਸ ਤੋਂ ਉਹਨਾਂ ਦੇ ਨਾਟਕਕਲਾ ਦੇ ਯੁੱਗ-ਪਰਵਰਤਕ ਰੂਪ ਦਾ ਪਤਾ ਲਗਦਾ ਹੈ।

ਸ਼ੈਕਸਪੀਅਰ ਅਤੇ ਮੌਲੀਅਰ ਦੇ ਕਲਪਨਾ ਪ੍ਰਧਾਨ ਸੁਖਾਂਤ ਨਾਟਕਾਂ ਅਤੇ ਹਾਸਰਸੀ ਨਾਟਕਾਂ ਦਾ ਕੋਲਹਟਕਰ ਦੀਆਂ ਨਾਟ ਕਿਰਤਾਂ ਤੇ ਖਾਸ ਪ੍ਰਭਾਵ ਲਭਦਾ ਹੈ। ਉਹਨਾਂ ਨੂੰ ਜਿਹੜੇ ਨਾਟਕ ਲਿਖਣ ਦੀ ਪ੍ਰੇਰਣਾ ਮਿਲੀ ਉਹ ਉਹਨਾਂ ਦੇ ਚਚੇਰੇ ਪਿਤਾਮਾ ਮਹਾਦੇਵ ਸ਼ਾਸਤ੍ਰੀ ਕੋਲਹਟਕਰ ਦੇ ਰਚੇ ਹੋਏ ਸ਼ੈਕਸਪੀਅਰ ਦੇ 'ਅਥੈਲੋ' ਨਾਂ ਦੇ ਵਿਸ਼ਵ-ਪ੍ਰਸਿੱਧ ਨਾਟਕ ਦਾ ਉਲਥਾ ਪੜ੍ਹ ਕੇ ਹੀ ਮਿਲੀ ਸੀ। ਕੋਲਹਟਕਰ ਦੇ ਸਮੇਂ ਵਿਚ ਸ਼ੈਕਸਪੀਅਰ ਦੇ ਕਈ ਨਾਟਕ ਮਰਾਠੀ ਵਿਚ ਅਨੁਵਾਦ ਹੋ ਚੁਕੇ ਸਨ, ਅਤੇ 'ਆਰਿਯੋ-ਧਾਰਕ' 'ਸ਼ਾਹੂਨਗਰਵਾਸੀ' ਆਦਿਕ ਨਾਟ-ਮੰਡਲੀਆਂ ਰਾਹੀਂ ਸਟੇਜ ਵੀ ਹੋ ਚੁਕੇ ਸਨ।

ਕੋਲਹਟਕਰ ਦੀ ਨਾਟਕਲਾ ਦਾ ਅਧਿਅੱਨ ਕਰਦਿਆਂ ਸ੍ਰੀ ਵਿ. ਦ. ਸਾਠੇ ਨੇ ਅਨੇਕ ਅਜਿਹੀਆਂ ਗਲਾਂ ਉਹਨਾਂ ਦੇ ਨਾਟਕਾਂ ਵਿਚ ਦੇਖੀਆਂ ਜਿਹੜੀਆਂ ਸਪਸ਼ਟ ਤੌਰ ਤੇ ਸ਼ੈਕਸਪੀਅਰ ਦਾ ਪ੍ਰਭਾਵ ਪ੍ਰਗਟ ਕਰਦੀਆਂ ਹਨ। ਗੇਂਦ ਦੀ ਗੁੰਝਲ, ਮੁਖ ਯੁੱਧ

ਪ੍ਰਸੰਗ ਪਾਲਕ ਅਤੇ ਪੂਰਨ ਹੋਰ ਛੋਟੇ ਯੁੱਧ ਪ੍ਰਸੰਗ, ਇਕ ਜਾਂ ਦੋ ਉਪ-ਕਥਾਵਾਂ ਨਾਲ ਕਿਸੇ ਪ੍ਰਸੰਗ ਦੀ ਉਸਾਰੀ, ਭੇਸ਼ ਬਦਲੀ ਅਤੇ ਸੰਦੇਸ਼ ਭੇਜਣ ਵਿਚ ਹੋਣ ਵਾਲੀ ਗੜਬੜ, ਪਤ੍ਰ ਆਦਿਕ ਦੀ ਸਹਾਇਤਾ ਨਾਲ ਰਹੱਸ ਦਾ ਪਾਲਣ, ਲੜਾਈ, ਦਵੰਧ, ਸ਼ਾਨਦਾਰ ਰਾਜ ਦਰਬਾਰ ਆਦਿਕ ਦੀ ਵਰਤੋਂ ਕਰਕੇ ਪੇਸ਼ਕਾਰੀ ਦੇ ਮਹੱਤਵ ਵਿਚ ਵਾਧਾ ਕਰਨਾ ਆਦਿਕ ਬਾਹਰੀ ਢਾਂਚੇ ਬਾਰੇ ਵਰਣਨ ਸ਼ੈਕਸਪੀਅਰ ਦੀ ਹੀ ਨਾਟਕ ਪ੍ਰਣਾਲੀ ਦੇ ਪ੍ਰਭਾਵ ਦਾ ਸੂਚਕ ਹੈ। 'ਕੋਲਹਟਕਰ ਲੇਖ ਸੰਗ੍ਰਹਿ' ਨਾਂ ਦੀ ਪੁਸਤਕ ਦੀ ਲੰਬੀ ਪ੍ਰਸ-ਤਾਵਨਾ ਵਿਚ ਨ. ਚਿੰ. ਕੇਲਕਰ ਨੇ ਕੁਝ ਅਜਿਹੇ ਸਥਾਨ ਪ੍ਰਗਟ ਕੀਤੇ ਹਨ, ਜਿਹੜੇ ਸ਼ੈਕਸਪੀਅਰ ਦੇ ਨਾਟਕਾਂ ਵਿਚ ਵੀ ਉਸੇ ਰੂਪ ਵਿਚ ਆਉਂਦੇ ਹਨ। 'ਵੀਰਤਨਯ' ਵਿਚ ਬਕੁਲ ਅਤੇ ਉਸਦੇ ਹਤਿਆਰੇ ਦਾ ਦ੍ਰਿਸ਼ ਤਾਂ ਸ਼ੈਕਸਪੀਅਰ ਦੇ 'ਕਿੰਗਜਾਨ' ਨਾਟਕ ਦੇ ਰਾਜ ਪੁਤ੍ਰ ਅਤੇ ਉਸਦੇ ਹਤਿਆਰੇ ਦੇ ਦ੍ਰਿਸ਼ ਦਾ ਸਾਫ ਤਰਜਮਾ ਜਾਂ ਧਾਰਵ ਹੈ ... ਅਪਣੇ ਰਾਜ ਤੋਂ ਹੱਥ ਧੋ ਕੇ, ਵਿਰਕਤ ਅਵਸਥਾ ਵਿਚ ਜੰਗਲ ਵਿਚ ਜਾ ਕੇ ਰਹਿਣ ਵਾਲੇ 'ਪ੍ਰੇਮ ਸ਼ੋਧਨ' ਨਾਟਕ ਦੇ ਰਾਜਾ ਦਾ ਦ੍ਰਿਸ਼ ਸ਼ੈਕਸਪੀਅਰ ਦੀਆਂ ਰਚਨਾਵਾਂ ਵਿਚ ਵੀ ਆਉਂਦਾ ਹੈ।" ਤਾਂ ਭੀ ਉਹ ਕਹਿੰਦੇ ਹਨ ਕਿ 'ਕੋਲਹਟਕਰ ਦੀਆਂ ਰਚਨਾਵਾਂ ਵਧੇਰੇ ਕਰ ਕੇ ਮੌਲਿਕ ਹੀ ਰਹਿੰਦੀਆਂ ਹਨ।' ਕੋਲਹਟਕਰ ਨੇ ਕਈ ਸਾਹਿੱਤਕ ਪ੍ਰਭਾਵਾਂ ਨੂੰ ਆਪਣੇ ਵਿਚ ਰਚਾਇਆ ਹੈ ਅਤੇ ਉਹਨਾਂ ਸਾਰਿਆਂ ਵਿਚੋਂ ਆਪਣੀ ਇਕ ਮੌਲਿਕ ਨਾਟ-ਸ੍ਰਿਸ਼ਟੀ ਉਸਾਰੀ ਹੈ। ਕੋਲਹਟਕਰ ਆਪਣੇ ਆਤਮ-ਚਰਿਤ੍ਰ ਵਿਚ ਲਿਖਦੇ ਹਨ— "ਅਨੇਕ ਪੁਸਤਕਾਂ ਦੇ ਪੜ੍ਹ ਜਾਣ ਮਗਰੋਂ ਉਹਨਾਂ ਦਾ ਵਿਸ਼ਾ ਵਸਤੂ ਮੈਨੂੰ ਵਖਰਿਆਂ ਯਾਦ ਰਹਿੰਦਾ, ਉਹਨਾਂ ਦਾ ਇਕ ਮਿਲਵਾਂ ਜੁਲਵਾਂ ਸੰਸਕਾਰ ਮਨ ਉਤੇ ਰਹਿੰਦਾ ਹੈ ਅਤੇ ਉਹ ਮਨ ਦਾ ਇਕ ਸਥਾਈ ਅੰਗ ਬਣ ਜਾਂਦਾ ਹੈ। ਮੈਨੂੰ ਸੁੱਝਣ ਵਾਲੇ ਵਿਸ਼ੇ-ਵਸਤੂ ਦੀ ਪ੍ਰੇਰਨਾ ਭਾਵੇਂ ਹੋਰ ਲੇਖਕਾਂ ਦੇ ਗ੍ਰੰਥਾਂ ਵਿਚ ਹੋਵੇ ਤਾਂ ਭੀ ਉਹ ਵਿਸ਼ਾ ਵਸਤੂ ਮੇਰੀ ਆਪਣੀ ਮਨੋ ਰਚਨਾ ਅਨੁਸਾਰ ਰੂਪ ਧਾਰਨ ਕਰ ਲੈਂਦਾ ਹੈ। ਇਸੇ ਕਰ ਕੇ ਮਾਮਾ ਸਾਹਿਬ ਵਰੇਰਕਰ ਨੂੰ 'ਮੂਕਨਾਇਕ' ਨਾਂ ਦੇ ਨਾਟਕ ਨੇ ਨਾਟ-ਕਲਾ ਦੇ ਢੰਗ ਵਿਚ ਜਿਹੜਾ ਪਰੀਵਰਤਣ ਪੇਸ਼ ਕਰ ਦਿਤਾ ਹੈ, ਉਹਦੇ ਸਬੰਧ ਵਿਚ ਲਿਖਦਿਆਂ ਕਹਿਣਾ ਪਿਆ ਹੈ ਕਿ "ਉਸ ਨਾਟਕ ਤੇ ਨਾ ਸ਼ੈਕਸਪੀਅਰ ਦਾ ਪ੍ਰਭਾਵ ਹੈ, ਨਾ ਮੋਲੀਅਰ ਦਾ। ਉਹਨੀਂ ਦਿਨੀਂ ਇਬਸਨ ਨੂੰ ਜਾਣਨ ਵਾਲੇ ਲੋਕ ਬਹੁਤ ਘਟ ਸਨ। ਪਰ ਉਸਦਾ ਵੀ ਪ੍ਰਭਾਵ ਇਸ ਨਾਟਕ ਉਤੇ ਨਜ਼ਰ ਨਹੀਂ ਆਉਂਦਾ ਸੀ। ਕਾਲੀਦਾਸ ਦੀ ਨਕਲ ਤਾਂ ਸੀ ਹੀ ਨਹੀਂ। ਭਾਸ ਦੇ ਨਾਟਕ ਉਹਨੀ ਦਿਨੀਂ ਹਾਲੇ ਪ੍ਰਕਾਸ਼ ਵਿਚ ਨਹੀਂ ਸੀ ਆਏ। ਨਿਰਸੰਦੇਹ ਇਹ ਸੈਲੀ ਸ਼੍ਰੀਪਾਦ ਕ੍ਰਿਸ਼ਣ ਦੀ ਆਪਣੀ ਸੀ।" 'ਸ਼ਿਵ ਪਵਿਤ੍ਰਯ' ਨਾਟਕ ਦੀ ਹੀ ਇਕ ਕਹਾਣੀ ਅਜਿਹੀ ਹੈ ਜਿਸਦਾ ਆਧਾਰ ਇਤਿਹਾਸ ਵਿਚ ਮਿਲਦਾ ਹੈ। ਬਾਕੀ ਉਹਨਾਂ ਦੇ ਸਾਰੇ ਨਾਟਕ ਪੂਰੀ ਤਰ੍ਹਾਂ ਮੌਲਿਕ ਹਨ। ਅਨੁਵਾਦ ਅਤੇ ਰੂਪਾਂਤਰਣ ਦੀ ਦਲਦਲ ਵਿਚੋਂ ਮਰਾਠੀ ਨਾਟਕ ਨੂੰ ਬਾਹਰ ਕਢ ਕੇ ਕੋਲਹਟਕਰ ਨੇ ਮੌਲਿਕ ਨਾਟਕਾਂ ਰਾਹੀਂ ਜਿਹੜਾ ਆਪਣਾ ਸੁਤੰਤਰ ਰੂਪ ਪ੍ਰਦਾਨ ਕੀਤਾ ਹੈ। ਉਸਨੂੰ ਕੌਣ ਬਹੁ-ਮੁਲਾ ਨਹੀਂ ਕਹੇਗਾ ?

ਕੋਲਹਟਕਰ ਦੇ ਕਲਪਣਾ ਪ੍ਰਧਾਨ ਨਾਟਕਾਂ ਦੀ ਇਕ ਮੁਖ ਵਿਸ਼ੇਸ਼ਤਾ ਇਹ ਹੈ,

ਕਿ ਉਹਨਾਂ ਵਿਚੋਂ ਵਧੇਰੇ ਨਾਨਕ ਨਾਇਕਾ ਪ੍ਰਧਾਨ ਨਾਟਕ ਹਨ । ਆਪਣੇ ਆਤਮ ਚਰਿਤ੍ਰ ਵਿਚ ਉਹਨਾਂ ਨੇ ਇਕ ਥਾਂ ਲਿਖਿਆ ਹੈ, ਕਿ 'ਮੇਰੇ ਨਾਟਕਾਂ ਵਿਚ ਨਾਇਕ ਦੇ ਮੁਕਾਬਿਲੇ ਤੇ ਨਾਇਕਾ ਵਧੇਰੇ ਆਕਰਸ਼ਿਤ ਪ੍ਰਤੀਤ ਹੁੰਦੀ ਹੈ ।' ਕੋਲਹਟਕਰ ਦੀਆਂ ਹੋਰ ਵਿਸ਼ੇਸ਼ਤਾਈਆਂ ਦੀ ਤਰ੍ਹਾਂ ਇਸ ਵਿਸ਼ੇਸ਼ਤਾ ਦਾ ਵੀ ਪ੍ਰਭਾਵ ਉਹਨਾਂ ਦੇ ਸਮਕਾਲੀਨ ਮਰਾਠੀ ਨਾਟਕਾਂ ਤੇ ਪਿਆ ਹੈ । ਪ੍ਰਸਿਧ ਪਾਤ੍ਰ ਅਤੇ ਨਾਟਕਕਾਰ ਗੋਵਿੰਦ ਰਾਓ ਟੇਂਬੇ ਦੇ ਕਥਨਾਅਨੁਸਾਰ ਮਰਾਠੀ ਨਾਟਕਾਂ ਦੀ ਰਚਨਾ-ਤਕਨੀਕ, ਪਦਾਂ ਦੀਆਂ ਤਰਜ਼ਾਂ, ਭਾਸ਼ਾ ਸ਼ੈਲੀ ਆਦਿਕ ਗੱਲਾਂ ਵਿਚ ਕੋਲਹਟਕਰ ਦੇ ਸਮੇਂ ਤੋਂ ਕ੍ਰਾਂਤੀ ਹੋਣ ਲਗੀ ਸੀ । ਪਰ ਸਭ ਤੋਂ ਵਡੀ ਕ੍ਰਾਂਤੀ ਇਹ ਸੀ, ਕਿ ਲਖਕ ਨਾਇਕਾਂ ਦੀ ਥਾਂ ਨਾਇਕਾਵਾਂ ਨੂੰ ਵਧੇਰੇ ਪ੍ਰਧਾਨਤਾ ਦੇਣ ਲੱਗ ਪਏ ਸਨ । ਇਕ ਥਾਂ ਸ੍ਰੀ ਟੇਂਬੇ ਲਿਖਦੇ ਹਨ—'ਵੀਰਤਨਯ' ਤੋਂ ਮਗਰੋਂ ਦੇ ਕੋਲਹਟਕਰ ਦੇ ਨਾਟਕ, 'ਮਾਨਾਪਮਾਨ' ਅਤੇ ਉਸਦੇ ਮਗਰੋਂ ਦੇ ਖਾਡਿਲਕਰ ਦੇ ਨਾਟਕ ਅਤੇ ਗਡਕਰੀ ਦੇ ਵਧੇਰੇ ਨਾਟਕ ਨਾਇਕਾਂ ਦੀ ਥਾਂ ਨਾਇਕਾਵਾਂ ਅਤੇ ਉਪ-ਨਾਇਕਾਵਾਂ ਦੇ ਨੇੜ ਤੇੜ ਹੀ ਵਧੇਰੇ ਘੁੰਮਦੇ ਦਿਸਦੇ ਹਨ ।' ਇਸ ਤੋਂ ਸਪੱਸ਼ਟ ਹੈ, ਕਿ ਕੋਲਹਟਕਰ ਦੇ ਸਰਾਪਤ ਆਦਰਸ਼ਾਂ ਦਾ ਹੀ ਰੰਗਮੰਚ ਦੇ ਖੇਤ੍ਰ ਵਿਚ ਅਨੁਸਰਣ ਕੀਤਾ ਕੀਤਾ ਜਾਂਦਾ ਸੀ ।

ਕੋਲਹਟਕਰ ਦੇ ਨਾਟਕਾਂ ਦੀ ਇਕ ਹੋਰ ਦਿਲਕਸ਼ ਵਿਸ਼ੇਸ਼ਤਾ ਹੈ—'ਜਾਦੂ ਸ਼ਕਤੀ ਅਤੇ ਉਤਮ ਹਾਸਰਸ 'ਸੌਭਦ੍ਰ ਵਰਗੀਆਂ ਕੁਝਕੁ ਅਲੋਚਨਾਵਾਂ ਨੂੰ ਛਡ ਕੇ, ਉਹਨੀਂ ਦਿਨੀਂ ਰਚ ਗਏ ਬਹੁਤੇ ਨਾਟਕਾਂ ਵਿਚ ਉੱਤਾਨ (ਤੇਜ਼ੀ) ਅਤੇ ਭੇਦੀ ਸਰੂਪ ਦੇ ਸ਼ਿੰਗਾਰ ਦੀ ਭਰਮਾਰ ਰਿਹਾ ਕਰਦੀ ਸੀ। ਕੋਲਕਟਕਰ ਦੇ ਨਾਟਕਾਂ ਤੋਂ ਇਸ ਪ੍ਰਵਿਰਤੀ ਵਿਚ ਬਦਲੀ ਆਈ ਹੈ । ਕੋਲਹਟਕਰ ਦਾ ਸ਼ਿੰਗਾਰ ਵਿਦਵਾਨ (ਵਿਦਗਧ) ਸ਼ਿੰਗਾਰ ਹੈ । ਅਨਨ ਪ੍ਰੇਮ ਦੀਆਂ ਸੁਰੀਲੀਆਂ ਅਤੇ ਧੂਹਪਾਊ ਪੰਗਤੀਆਂ ਉਹਨਾਂ ਦੇ ਨਾਟਕਾਂ ਵਿਚ ਮਿਲਦੀਆਂ ਸਨ । ਕੋਲਹਟਕਰ ਦਾ ਮੱਤ ਸੀ, ਕਿ ਸ਼ਿੰਗਾਰ ਦਾ ਸਥਾਈ ਭਾਵ 'ਰਤਿ' (ਕਾਮ) ਨਾ ਹੋ ਕੇ ਪ੍ਰੀਤ ਹੋਣਾ ਚਾਹੀਦਾ ਹੈ । ਇਸ ਤੋਂ ਪ੍ਰਤੀਤ ਹੁੰਦਾ ਹੈ, ਕਿ ਉਹਨਾਂ ਦੀ ਸ਼ਿੰਗਾਰ ਵਿਸ਼ਇਕ ਰੁਚੀ ਅਤੇ ਦ੍ਰਿਸ਼ਟੀਕੋਣ ਇਕ ਦਮ ਅਧੁਨਿਕ ਸੀ । ਸੋ 'ਸ਼ਿੰਗਾਰ' ਨਾਂ ਦੇਣ ਦੀ ਥਾਂ ਪ੍ਰਣਯ (ਪਿਆਰਾ) ਨਾਂ ਦੇਣਾ ਵਧੇਰੇ ਉਚਿਤ ਸਿੱਧ ਹੋਇਆ । ਪਹਿਲੀ ਵਾਰ ਪ੍ਰੀਤਭਾਵਨਾ ਦਾ ਮਿਠਾ ਪ੍ਰਦਰਸ਼ਨ ਕੋਲਹਟਕਰ ਦੇ ਨਾਟਕਾਂ ਰਾਹੀਂ ਮਰਾਠੀ ਰੰਗਮੰਚ ਉਤੇ ਕੀਤਾ ਗਿਆ । ਪਹਿਲੇ ਜਿਹੜਾ ਪ੍ਰਦਰਸ਼ਨ ਹੁੰਦਾ ਸੀ, ਉਹ ਸ਼ਿੰਗਾਰ ਦਾ ਹੀ ਸੀ । ਬਗੀਚੇ ਵਿਚ ਸੁੱਤੇ ਵਿਕ੍ਰਾਂਤ ਦੀ ਚੁੰਮੀ ਲੈਣ ਲਈ ਸਰੋਜੀਨੀ ਉਸਦੇ ਕੋਲ ਜਾਂਦੀ ਹੈ ਪਰ ਉਸਦੀ ਨੀਂਦ ਵਿਚ ਵਿਘਨ ਪੈ ਜਾਣ ਦੇ ਡਰ ਤੋਂ ਉਹ ਪਿਛੇ ਹਟ ਜਾਂਦੀ ਹੈ । ਵਿਕ੍ਰਾਂਤ ਅਤੇ ਸਰੋਜੀਨੀ ਅਚੁੰਮੇ ਚੁੰਮਣ ਦਾ ਇਹ ਪ੍ਰਯੋਗ ਅਲੋ-ਚਕਾਂ ਦੇ ਕਹਿਣ ਅਨੁਸਾਰ ਬਹੁਚ ਹੀ ਮੋਹਕ ਬਣਿਆ ਹੈ । ਸਰੋਜੀਨੀ ਦੇ ਪ੍ਰੇਮ ਪੂਰਨ ਕਰਮ ਤੋਂ ਮੋਹਿਤ ਹੋ ਕੇ ਵਿਕ੍ਰਾਂਤ ਕਹਿੰਦਾ ਹੈ—"ਨਰਿਪ ਝਾਲੋਂ ਦੇਵੀ ਤਰਿਹੋ ਹੇ ਜਾਰਿਕਤ ਹੋਵੇਂ ਨਾਹੀਂ । ਯਾ ਸਵਾਸਾਂਠੇ ਤਾਡਨਿ ਲਾਜਵਿ ਮਲਯਾਫਤਲਿਚਯਾ ਵਾਤਾ । ਕੰਕਣਰਾਣ ਹਾ ਬੰਦਿ ਜਨਾਤੇ ਸਤੁਤਿ ਪਾਠਾਤੇ ਗਾਤਾ ।" ਮਲਿਆਚਲ ਤੋਂ ਆਉਣ ਵਾਲੇ ਮਾਰੂਤ ਨੂੰ ਸ਼ਰਮਿੰਦਾ ਕਰਨ ਵਾਲੇ ਸਾਹ ਅਤੇ ਕੈਦੀਆਂ ਦੇ ਉਸਤਤ ਪਾਠ ਨਾਲ

ਵੀ ਵਧੇਰੇ ਉਚੇ ਕੰਕਣਰਾਵ ਦੀ ਮਹਿਮਾ ਨਾਲ ਇਸ ਪ੍ਰਮ-ਭਰਪੂਰ ਪ੍ਰਸੰਗ ਦੇ ਸਬੰਧ ਵਿਚ ਲਿਖਦਿਆਂ ਮ. ਤ੍ਰਯੰ. ਮਾਡਖੋਲਕਰ ਕਹਿੰਦੇ ਹਨ—ਕੋਲਹਟਕਰ ਨੇ ਅਧੁਨਿਕ ਕਾਲ ਦੀ ਸੁਸਿਖਿਅਤ ਅਤੇ ਪ੍ਰੇਮੀ ਯੁਵਤੀ ਦੇ ਆਪਣੇ ਪ੍ਰੇਮੀ ਨਾਲ ਇਕਾਂਤ ਵਿਚ ਕੀਤੇ ਜਾਣ ਵਾਲੇ ਵਿਹਾਰ ਦੀ ਠੀਕ ਠੀਕ ਕਲਪਣਾ ਕਰ ਕੇ ਹੀ, ਨਾਟਕ ਵਿਚ ਇਸ ਪ੍ਰਸੰਗ ਨੂੰ ਥਾਂ ਦਿਤਾ ਹੋਵੇਗਾ।'' 'ਮੂਕਨਾਇਕ' ਦੇ ਇਸ ਪ੍ਰਯੋਗ ਨੂੰ ਦੇਖ ਕੇ ਉਹਨਾਂ ਨੂੰ ਆਪਣੇ ਆਪ ਹੀ ਵਾਤਸਾਇਨ ਦੇ ਕਾਮ ਸੂਤਰਾਂ ਵਿਚੋਂ "ਸੁਪਤਸਯ ਮੁਖਮ ਵਿਲੋਕਯੰਤਯਾ ਸਵਾਭਿ ਪ੍ਰਾਯੇਣ ਚੁੰਬਨੰ ਰਾਗਦੀਪਨਮ" ਇਸ ਸੂਤ੍ਰ ਦੀ ਯਾਦ ਆ ਗਈ ਹੋਵੇਗੀ। ਪ੍ਰੇਮ ਦੀਆਂ ਭਿੰਨ ਭਿੰਨ ਛੋਹਾਂ ਨਾਲ ਭਰਪੂਰ ਉਹਨਾਂ ਦੇ ਇਸ ਨਾਟਕ ਦਾ ਸਮਕਾਲੀਨ ਜੁਆਨ ਪੀੜ੍ਹੀ ਨੂੰ ਮੋਹਿਤ ਕਰ ਲੈਣਾ ਕੋਈ ਅਚੰਭੇ ਦੀ ਗੱਲ ਨਹੀਂ।

ਮਨੋਰੰਜਨ ਕੋਲਹਟਕਰ ਦੀ ਪ੍ਰਤਿਭਾ ਦੀ ਇਕ ਵਿਸ਼ੇਸ਼ਤਾ ਹੈ। ਉਹਨਾਂ ਦੀ ਪ੍ਰਤਿਭਾ ਦੀ ਇਕ ਵਿਸ਼ੇਸ਼ਤਾ ਦਾ ਪ੍ਰਤਿਬਿੰਬ ਉਹਨਾਂ ਦੇ ਨਾਟਕਾਂ ਉਤੇ ਵੀ ਪਿਆ ਹੈ। 'ਸਹਿਚਾਰਿਣੀ' ਅਤੇ 'ਪਰਵਰਤਣ' ਇਹ ਦੋ ਨਾਟਕ ਤਾਂ ਸ਼ੁੱਧ ਹਾਸਰਸੀ ਹੀ ਹਨ। ਉਨ੍ਹਾਂ ਦੇ ਦੂਜੇ ਨਾਟਕਾਂ ਵਿਚ ਵੀ ਮਨੋਰੰਜਨ ਨੂੰ ਚੋਖੀ ਥਾਂ ਮਿਲਦੀ ਹੈ। ਕੋਲਹਟਕਰ ਦਾ ਮਨੋਰੰਜਨ ਪ੍ਰਸੰਨਤਾ-ਗੁਣ ਸਹਿਤ, ਸਰਲ ਅਤੇ ਉਚ ਰੁਚੀਆਂ ਦਾ ਪ੍ਰਤੀਨਿਧੀ ਹੈ। ਸੰਸਕ੍ਰਿਤ ਨਾਟਕਲਾ ਦੇ ਵਿਦੂਸ਼ਕ ਵਾਂਗ ਉਹ ਕੇਵਲ ਇਕ ਹੀ ਪਾਤ੍ਰ ਵਿਚ ਸੀਮਿਤ ਨਹੀਂ ਰਿਹਾ। ਇਹ ਠੀਕ ਹੈ ਕਿ ਮਨੋਰੰਜਨ ਰਚਨਾ ਲਈ ਕੋਲਹਟਕਰ ਨੇ ਆਪਣੇ ਕਈ ਨਾਟਕਾਂ ਵਿਚ ਸੁਤੰਤਰ ਪਾਤਰਾਂ ਦੀ ਗੋਂਦ ਗੁੰਦੀ ਹੈ। ਫੇਰ ਵੀ ਉਹਨਾਂ ਦੇ ਸਾਰੇ ਪਾਤ੍ਰ ਹਸਮੁਖ ਹਨ। ਉਹਨਾਂ ਦੇ ਸੁਸਿਖਿਅਤ ਅਤੇ ਵਿਦਵਾਨ ਨਾਇਕ ਵਾਕ-ਆਸ਼੍ਰਿਤ ਮਨੋਰੰਜਨ ਦੀ ਵਰਤੋਂ ਕਰਦੇ ਹਨ। ਅਤੇ ਅਧੁਨਿਕ ਨਾਇਕਾਵਾਂ ਉਹਨਾਂ ਦਾ ਉਸੇ ਢੰਗ ਨਾਲ ਉਤਰ ਦਿੰਦੀਆਂ ਹਨ। ਉਪ-ਨਾਇਕ—ਉਪ-ਨਾਇਕਾ ਹੀ ਨਹੀਂ ਵਿਰੋਧੀ ਪਾਤ੍ਰ ਤੱਕ ਮਨੋਰੰਜਨ ਉਸਾਰੀ ਵਿਚ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਹਿੱਸਾ ਪਾਉਂਦੇ ਹਨ। ਕੋਲਹਟਕਰ ਨੇ ਆਪਣੇ ਵਿਰੋਧੀ ਪਾਤ੍ਰਾਂ ਦੇ ਵਿਰੋਧ ਦੇ ਨਾਲ ਹੀ ਕਾਇਰਤਾ ਅਤੇ ਮੂਰਖਤਾ ਵੀ ਪਾ ਦਿਤੀ ਹੈ, ਜਿਸ ਨਾਲ ਮੂਰਖਤਾ ਉਤੇ ਬਹੁਤ ਹੱਸਣ ਦੀ ਦਰਸ਼ਕਾਂ ਦੀ ਇਛਾ ਪੂਰੀ ਹੋ ਜਾਂਦੀ ਹੈ। ਉਹਨਾਂ ਨੇ ਇਸ ਮਨੋਰੰਜਨ ਦੀ ਸਥਾਪਨਾ ਇਸ ਮੁਹਾਰਤ ਨਾਲ ਕੀਤੀ, ਕਿ ਉਹ ਮੁਖ ਪਲਾਟ ਵਿਚ ਕੋਈ ਵਿਘਨ ਨਾ ਪਾਵੇ ਅਤੇ ਉਸਦਾ ਪੂਰਕ ਵੀ ਸਿੱਧ ਹੋ ਜਾਵੇ। ਕੋਲਹਟਕਰ ਦੇ ਸੂਖਮ ਅਤੇ ਨਰਮ-ਹਾਸਰਸ ਦੇ ਕਾਰਣ ਉਹਨਾਂ ਦੇ ਨਾਟਕੀ ਵਾਰਤਾਲਾਪਾਂ ਵਿਚ ਰੰਗ ਭਰ ਜਾਂਦਾ ਹੈ। ਉਹਨਾਂ ਦੇ ਹਾਸਰਸ ਦੇ ਵਿਸਥਾਰ ਅਤੇ ਕਲਪਣਾ-ਸੁੰਦਰਤਾ ਨੂੰ ਵੇਖ ਕੇ ਦਰਸ਼ਕ ਦੰਗ ਰਹਿ ਜਾਂਦੇ ਹਨ। ਉਹਨਾਂ ਦੇ ਨਾਟਕਾਂ ਵਿਚ ਜਿਸ ਹਾਸਰਸ ਦੀ ਦੁਨੀਆਂ ਬਣੀ ਹੁੰਦੀ ਹੈ, ਉਸਦਾ ਮਰਾਠੀ ਨਟ-ਜਗਤ ਉਤੇ ਬਹੁਤ ਹੀ ਗਹਿਰਾ ਪ੍ਰਭਾਵ ਪਿਆ ਹੈ! ਖਾਡਿਲਕਰ, ਗਡਕਰੀ, ਮਾਧਵ ਰਾਓ ਜੋਸ਼ੀ, ਵਰੇਰਕਰ, ਅਤਰੇ ਰਾਂਗਣੇਕਰ ਪ੍ਰਭ੍ਰਿਤੀ ਮਰਾਠੀ ਦੇ ਪ੍ਰਮੁਖ ਨਾਟਕਕਾਰ ਕੋਲਹਟਕਰ ਦੀ ਹਾਸਰਸੀ ਤਕਨੀਕ ਦੇ ਰਿਣੀ ਹਨ। ਮ. ਤ੍ਰਯੰ. ਮਾਡਖੋਲਕਰ ਦੇ ਕਥਨਾਨੁਸਾਰ 'ਕੋਲਹਟਕਰ ਨੇ ਆਪਣੇ ਨਾਟਕਾਂ ਵਿਚ ਪਛਮੀ ਨਾਟਕਾਂ ਦੇ ਹਾਸਰਸ ਦੇ ਸਨਮੁਖ ਚੰਗੇਰੇ ਹਾਸਰਸ ਨੂੰ ਜਨਮ ਦੇ ਕੇ ਇਕ ਨਵੇਂ ਪ੍ਰਕਾਰ ਦੇ ਰੰਗ ਨੂੰ ਜਨਮ ਦਿਤਾ

ਹੈ । ਉਹਨਾਂ ਤੋਂ ਪਹਿਲੇ ਮਹਾਨ ਲੇਖਕਾਂ ਨੇ ਸ਼ੈਕਸਪੀਅਰ, ਮੋਲੀਅਰ, ਗੋਲਡਸਮਿੱਥ, ਸ਼ੇਰਿਡਨ ਆਦਿ ਪਛਮੀ ਨਾਟਕਕਾਰਾਂ ਦੀਆਂ ਰਚਨਾਵਾਂ ਦਾ ਮਰਾਠੀ ਵਿਚ ਸੁੰਦਰ ਅਨੁਵਾਦ ਕੀਤਾ ਹੈ । ਪਰ ਉਹ ਪਛਮੀ ਨਾਟਕਾਂ ਦੇ ਹਾਸਰਸ ਦੀ ਮਰਾਠੀ ਵਿਚ ਅਵਤਾਰਣਾਂ ਕਰਨ ਵਿਚ ਸਫਲ ਨਹੀਂ ਹੋ ਸਕੇ । ਇਹ ਜਾਦੂ ਤਾਂ ਕੋਲਹਟਕਰ ਦੀ ਨਵ-ਉਸਾਰੀ ਯੋਗ ਪ੍ਰਤਿਭਾ ਨੇ 'ਵੀਰਤਨਯ' ਅਤੇ 'ਮੂਕਨਾਇਕ' ਨਾਂ ਦੇ ਆਪਣੇ ਆਰੰਭਿਕ ਨਾਟਕਾਂ ਵਿਚ ਇੰਨੀ ਪ੍ਰਭਾਵਸ਼ਾਲੀ ਤਕਨੀਕ ਨਾਲ ਕਰ ਦਿਖਾਇਆ, ਕਿ ਉਹਨਾਂ ਦੇ ਸਮਕਾਲੀਨ ਨਾਟਕਾਂ ਵਿਚੋਂ ਵਿਦੂਸ਼ਕ ਨੂੰ ਸਦਾ ਲਈ ਦੇਸ਼-ਨਿਕਾਲਾ ਮਿਲ ਗਿਆ ਅਤੇ ਉਹਨਾਂ ਦੇ ਨਿਸ਼ਚਿਤ ਵਿਸ਼ੇ ਅਤੇ ਪ੍ਰਧਾਨ ਰਸ ਦਾ ਮਾਲਕ ਹਾਸਰਸ ਅਨਿਖੜ ਅੰਗ ਬਣ ਗਿਆ ।' ਉਹ ਹਾਸਰਸੀ ਅਤੇ ਗੰਭੀਰ ਦ੍ਰਿਸ਼ਾਂ ਦੀ ਯੋਜਨਾ ਰੰਗ-ਮੰਚ ਉਤੇ ਵਾਰੀ ਵਾਰੀ ਕੀਤਾ ਕਰਦੇ ਸਨ । ਉਹਨਾਂ ਦੀ ਇਸ ਤਕਨੀਕ ਦਾ ਅਨੁਕਰਣ ਵੀ ਕਈ ਸਮਕਾਲੀ ਮਰਾਠੀ ਨਾਟਕਕਾਰਾਂ ਨੇ ਕੀਤਾ ਹੈ । ਕੋਲਹਟਕਰ ਦੇ ਨਾਟਕਾਂ ਦਾ ਸਹਾਰਾ ਲੈ ਕੇ ਮਰਾਠੀ ਰੰਗ ਮੰਚ ਤੇ ਜੋ ਨਵੀਨ ਹਾਸਯੁੱਗ ਹੋਂਦ ਵਿਚ ਆਇਆ ਹੈ, ਉਹ ਇੰਨਾ ਵਿਸ਼ੇਸ਼ਤਾ ਭਰਪੂਰ ਅਤੇ ਕਾਲਪਨਿਕ ਸੀ, ਕਿ ਉਸਦਾ ਪ੍ਰਭਾਵ ਮਰਾਠੀ ਰੰਗ-ਮੰਚ ਤੇ ਅੱਜ ਇਕ ਪੌਣੀ ਸਦੀ ਲੰਘ ਜਾਣ ਮਗਰੋਂ ਵੀ ਉਸੇ ਤਰ੍ਹਾਂ ਕਾਇਮ ਹੈ ।

ਲੋਕਾਂ ਵਿਚ ਹਾਸਰਸ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕੋਲਹਟਕਰ ਦੇ ਨਾਟਕ ਸਮੱਸਿਆ ਪ੍ਰਧਾਨ ਜਾਂ ਕਲਾ ਪ੍ਰਧਾਨ ਵਧੇਰੇ ਹਨ, ਇਹ ਠੀਕ ਹੈ, ਕਿ ਉਹਨਾਂ ਨਾਟਕਾਂ ਵਿਚ ਕਈ ਸਮਾਜਿਕ ਸਮੱਸਿਆਵਾਂ ਦਾ ਵਰਣਨ ਹੈ ਤਾਂ ਭੀ ਉਹਨਾਂ ਦਾ ਮੁਖ ਉਦੇਸ਼ ਕਲਾ ਦਾ ਆਨੰਦ ਹੀ ਪ੍ਰਤੀਤ ਹੁੰਦਾ ਹੈ । ਉਤੇਜਨਾਂ ਨੂੰ ਉਹਨਾਂ ਕਦੇ ਵੀ ਨਾਟਕ ਦਾ ਅਨਿਖੜ ਅੰਗ ਨਹੀਂ ਮੰਨਿਆ । ਕਲਾ ਦੀ ਰਖਿਆ ਕਰਦਿਆਂ ਜੇ ਸਮਾਜ ਦਾ ਜਾਗ੍ਰਿਤੀ ਕਾਰਜ ਵੀ ਸਰ ਜਾਵੇ ਉਹਨਾਂ ਨੂੰ ਉਸ ਨਾਲ ਕੋਈ ਮੁਸ਼ਕਿਲ ਨਹੀਂ ਸੀ । ਅਤੇ ਉਹਨਾਂ ਨੇ ਇਸ ਤਰ੍ਹਾਂ ਕੀਤਾ ਵੀ ਹੈ । ਇਸ ਤਰ੍ਹਾਂ ਉਹਨਾਂ ਦੇ ਉਹ ਨਾਟਕ, ਜਿਨ੍ਹਾਂ ਵਿਚ ਸਮਾਜਿਕ ਜਾਗ੍ਰਿਤੀ ਨੂੰ ਪ੍ਰਮੁਖਤਾ ਮਿਲੀ ਹੈ, ਕਲਾ ਪਖੋਂ ਕਿਸੇ ਤਰ੍ਹਾਂ ਵੀ ਘਟੀਆ ਨਹੀਂ ਹਨ । "ਮੂਕਨਾਇਕ" ਇਸਦਾ ਇਕ ਚੰਗਾ ਉਦਾਹਰਣ ਹੈ । ਕੋਲਹਟਕਰ ਦੀ ਭਾਸ਼ਾ ਸੁੰਦਰਤਾ, ਸੰਪੂਰਨ ਕਲਪਣਾ ਅਤੇ ਕਾਵਿ ਆਤਮਿਕਤਾ ਕਰਕੇ ਉਹਨਾਂ ਦੇ ਨਾਟਕ ਸਮਾਜਿਕ ਸਮੱਸਿਆਵਾਂ ਦੇ ਬਾਵਜੂਦ ਕਲਾਤਮਿਕ ਬਣੇ ਰਹੇ ਹਨ ।

'ਸੰਗੀਤ ਪ੍ਰਧਾਨ ਰੰਗਮੰਚ' ਮਰਾਠੀ-ਭਾਸ਼ੀਆਂ ਦੀ ਵਿਸ਼ੇਸ਼ ਪ੍ਰੀਤ ਦਾ ਵਿਸ਼ਾ ਹੈ । ਮਰਾਠੀ ਨਾਟ-ਕਵਿਤਾ ਅਤੇ ਨਾਟ-ਸੰਗੀਤ ਨੂੰ ਵੀ ਪ੍ਰੰਪਰਾ ਦਾ ਤਿਆਗ ਕਰਕੇ ਕੋਲਹਟਕਰ ਨੇ ਜਾਣ-ਬੁਝ ਕੇ ਆਪਣੇ ਨਾਟਕਾਂ ਵਿਚ ਸ਼ੁਰੂ ਹੀ ਤੋਂ ਇਕ ਨਵਾਂ ਚੋਲਾ ਪਹਿਨਾਇਆ ਹੈ । ਉਹਨਾਂ ਤੋਂ ਪਹਿਲੇ ਨਾਟਕਕਾਰਾਂ ਦਾ ਨਾਟਕਵਿਤਾ ਵਲ ਵੇਖਣ ਦਾ ਦ੍ਰਿਸ਼ਟੀਕੋਣ ਹੀ ਵਖਰਾ ਸੀ । ਉਹਨਾਂ ਦੇ ਪਦ ਕਹਾਣੀ ਨਾਲ ਜੁੜੇ ਰਹਿੰਦੇ ਸਨ ਅਤੇ ਵਾਰਤਾਲਾਪ ਦਾ ਹੀ ਇਕ ਅੰਗ ਹੋਇਆ ਕਰਦੇ ਸਨ । ਪਰ ਕੋਲਹਟਕਰ ਨੇ ਉਹਨਾਂ ਨੂੰ ਨਾਟਕਾਂ ਵਿਚ ਇਕ ਸੁਤੰਤਰ ਥਾਂ ਦਿਤਾ । ਆਪਣੇ ਇਕ ਅਲੋਚਨਾਤਮਿਕ ਲੇਖ ਵਿਚ "ਸੌਭਦ੍ਰ" ਦੇ ਦੋ ਪਦਾਂ ਦਾ ਉਦਾਹਰਣ ਦੇ ਕੇ ਉਹਨਾਂ ਨੇ ਦੱਸਿਆ ਕਿ ਉਹ ਪਦ ਗੋਂਦ ਦਾ ਅਨਿਖੜ ਅੰਗ ਹੋਣ ਕਰਕੇ ਹੀ ਕਮਜ਼ੋਰ ਹੋ ਗਏ ਹਨ । ਉਹਨਾਂ ਦਾ ਕਹਿਣਾ ਸੀ-

"ਸਾਧਾਰਣ ਵਿਚਾਰਾਂ ਨਾਲੋਂ ਵਧੇਰੇ ਉਨਿਤ ਵਿਚਾਰਾਂ ਦੇ ਪ੍ਰਗਟਾਵੇ ਲਈ ਆਪਣੇ ਨਾਟਕਾਂ ਦੇ ਪਾਤ੍ਰਾਂ ਦੇ ਮੂੰਹ ਵਿਚ ਕਵਿਤਾ ਪਾਈ ਹੈ, ਜਿਨ੍ਹਾਂ ਨੂੰ ਵਾਰਤਕ ਰਾਹੀਂ ਝਲਿਆ ਨਹੀਂ ਸੀ ਜਾ ਸਕਦਾ। ਉਹਨਾਂ ਦੀ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਕਰਕੇ ਹੀ ਮਰਾਠੀ ਸੰਗੀਤ ਪ੍ਰਧਾਨ ਨਾਟਕਾਂ ਵਿਚ ਪਦਾਂ ਦੀ ਗਿਣਤੀ ਲਗਾਤਾਰ ਘਟਦੀ ਗਈ ਅਤੇ ਵਾਰਤਕੀ ਵਾਰਤਾਲਾਪ ਨੂੰ ਵਧੇਰੇ ਅਵਸਰ ਮਿਲਣ ਲਗਿਆ। ਇਸ ਦਾ ਦੂਜਾ ਨਤੀਜਾ ਇਹ ਨਿਕਲਿਆ ਕਿ ਨਾਟ-ਕਵਿਤਾ ਵਿਚ ਵਧੇਰੇ ਕਾਵਿਆਤਮਿਕਤਾ ਆਉਣ ਲੱਗੀ। ਕਲਹਟਕਰ ਦੇ ਸਮੇਂ ਤੋਂ ਹੀ ਨਾਟ-ਕਵਿਤਾ ਨੇ ਆਪਣਾ ਰੰਗ ਰੂਪ ਬਦਲਿਆ। ਉਹ ਵਰਣਨੀ ਕਵਿਤਾ ਨਾ ਰਹਿ ਕੇ ਸ਼ੁਧ ਕਵਿਤਾ ਬਣ ਗਈ। ਇਹੀ ਕਾਰਨ ਹੈ, ਕਿ ਇਕ ਪ੍ਰਸਿੱਧ ਸੰਗੀਤ ਨਿਰਦੇਸ਼ਕ ਨੇ ਉਹਨਾਂ ਨੂੰ 'ਮਰਾਠੀ ਰੰਗਮੰਚੀ ਕਲਾ ਸੰਗੀਤ ਦਾ ਪਰ-ਵਰਤਕ' ਕਿਹਾ ਹੈ।

ਗੋਬਿੰਦ ਰਾਓ ਟੇਂਬੇ ਦੇ ਕਥਨਾਨੁਸਾਰ, ਕੋਲਹਟਕਰ ਦੇ ਸਮੇਂ ਤੋਂ ਹੀ 'ਸੰਗੀਤ ਦੇ ਧਰਮ ਪਰਿਵਰਤਣ ਦਾ ਯੁਧ' ਸ਼ੁਰੂ ਹੋਇਆ। ਸੰਗੀਤ ਨਾਟਕ ਦਾ ਪ੍ਰਬ ਸ਼ੁਰੂ ਕਰਨ ਵਾਲੇ ਕਿਰਲੋਸਕਰ ਦੇ ਅਤੇ ਉਹਨਾਂ ਦੇ ਮਗਰੋਂ ਦੇ ਦੇਵਲ ਦੇ ਪਦ ਵਧੇਰੇ ਕਰਕੇ ਲਾਵਣੀਨਮਾ (ਇਕ ਛੰਦ-ਖਿਆਲ) ਹੋਇਆ ਕਰਦੇ ਸਨ। ਉਹਨਾਂ ਨੂੰ ਰਸ ਅਨੁਸਾਰ ਰਾਗ ਵਿਸ਼ੇਸ਼ ਵਿਚ ਗਾਇਆ ਜਾਂਦਾ ਸੀ। ਇਸੇ ਕਰ ਕੇ ਉਹਨਾਂ ਲਾਵਣੀਨੁਮਾ ਪਦਾਂ ਦੀ ਇਕਰੂਪਤਾ ਉਸ ਸਮੇਂ ਦੇ ਸੰਗੀਤਰਸੀਆਂ ਨੂੰ ਕਦੇ ਚੁਭੀ ਨਹੀਂ ਹੋਵੇਗੀ।' ਇਹ ਗੱਲ ਮਾਮਾ ਬਰੇਰਕਰ ਨੇ ਇਕ ਥਾਂ ਕਹੀ ਹੈ। ਗੋਬਿੰਦ ਰਾਓ ਟੇਂਬੇ ਦਾ ਕਹਿਣਾ ਹੈ ਕਿ 'ਸ਼ਾਕੁੰਤਲ' ਨਾਟਕ ਵਿਚ ਸੰਗੀਤ ਦੀ ਉਚ ਕ੍ਰਾਂਤੀ ਸਿਰਫ ੨੫ ਪਦਾਂ ਤੱਕ ਹੀ ਸੀਮਿਤ ਰਹੀ; ਬਾਕੀ ਦਾ ਸੰਗੀਤ ਸੂਤਰਧਾਰੀ ਸੰਗੀਤ ਦੀ ਪ੍ਰੰਪਰਾ ਵਿਚ ਰਿਹਾ।" ਉਹਨਾਂ ਨੇ 'ਪੁਰਾਣੀ ਪ੍ਰੰਪਰਾ ਨੂੰ ਪੂਰੀ ਤਰ੍ਹਾਂ ਭੰਗ ਕਰਨ' ਦਾ ਜੋ ਮਾਣ ਕੋਲ੍ਹਟਕਰ ਨੂੰ ਦਿਤਾ ਹੈ, ਉਹ ਬਿਲਕੁਲ ਠੀਕ ਹੈ। ਉਹਨਾਂ ਨੇ ਸਾਸ਼ਤ੍ਰੀ ਰਾਗਾਂ ਅਤੇ ਪਾਰਸੀ ਗੁਜਰਾਤੀ ਸਟੇਜੀ ਰਾਗਾਂ ਦਾ ਸੁਮੇਲ ਕਰਕੇ ਮਰਾਠੀ ਨਾਟ-ਸੰਗੀਤ ਨੂੰ ਸੰਪੂਰਨ ਬਣਾਇਆ। ਪ੍ਰਸਿਧ ਸੰਗੀਤਕਾਰ ਸ਼ਾਂਤਾਰਾਮ ਦੇਸਾਈ ਲਿਖਦੇ ਹਨ—"ਮਰਾਠੀ ਨਾਟ-ਜਗਤ ਵਿਚ ਪਦਾਂ ਦੀਆਂ ਤਰਜ਼ਾਂ ਵਲ ਦਰਸ਼ਕਾਂ ਦਾ ਧਿਆਨ ਸਭ ਤੋਂ ਪਹਿਲਾਂ ਸੁਰਗਵਾਸੀ ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਨੇ ਖਿਚਿਆ। ਤਰਜ਼ ਦਾ ਬਰਾਬਰ ਦਾ ਮਰਾਠੀ ਸ਼ਬਦ 'ਚਾਲ' ਜਿਸ ਅਰਥ ਵਿਚ ਸ੍ਰੀ ਕ੍ਰਿ. ਕੋਲਹਟਕਰ ਦੇ 'ਵੀਰਤਨਯ' ਨਾਂ ਦੇ ਨਾਟਕ ਤੋਂ ਸੰਗੀਤ ਜਗਤ ਵਿਚ ਚਾਲੂ ਹੋਇਆ ਹੈ, ਉਸ ਅਰਥ ਵਿਚ ਉਸ ਤੋਂ ਰਹਿਲਾਂ ਉਸਦੀ ਵਰਤੋਂ ਨਹੀਂ ਸੀ ਹੋਈ। ਇਸ ਤੋਂ ਨਾਟ-ਸੰਗੀਤ ਦੇ ਖੇਤ੍ਰ ਵਿਚ ਸ੍ਰੀਪਾਦ ਕ੍ਰਿਸ਼ਣ ਦੇ ਕਾਰਜ ਦਾ ਮਹੱਤਵ ਜਾਣਿਆ ਜਾ ਸਕਦਾ ਹੈ।

ਕੋਲਹਟਕਰ ਨੇ ਆਪਣੇ ਪਹਿਲੇ ਨਾਟਕ ਤੋਂ ਹੀ ਨਾਟ-ਸੰਗੀਤ ਲਿਆਉਣ ਦਾ ਯਤਨ ਕੀਤਾ। ਨਵੀਨਤਾ ਪ੍ਰਤੀ ਅਸੀਮ ਖਿੱਚ ਕਰਕੇ ਪਾਰਸੀ, ਗੁਜਰਾਤੀ ਸਟੇਜੀ ਨਾਟ ਸੰਗੀਤ ਵਲ ਝੁਕੇ। 'ਵੀਰਤਨਯ' ਦੀ ਪ੍ਰਸਤਾਵਨਾ ਵਿਚ ਉਹ ਲਿਖਦੇ ਹਨ ਕਿ "ਇਸ ਪੁਸਤਕ ਰਚਨਾ ਦੇ ਕੁਝ ਉਦੇਸ਼ ਹਨ। ਇਕ ਇਹ ਕਿ ਸ਼ਿੰਗਾਰ ਰਸ ਦੇ ਨਾਲ ਨਾਲ ਵੀਰ ਰਸ ਦੀ ਵੀ ਗੋਂਦ ਗੁੰਦੀ ਜਾਵੇ। ਅਤੇ ਦੂਜਾ ਇਹ ਕਿ ਪਦਾਂ ਦਾ ਨਵੀਆਂ ਤਰਜ਼ਾਂ ਵਿਚ

ਪ੍ਰਚਾਰ ਕੀਤਾ ਜਾਵੇ। ਨਾਟਕ ਵਿਚ ਆਏ ਪਦਾਂ ਦੀ ਤਰਜ਼ ਆਮ ਕਰਕੇ ਬੰਬਈ ਦੇ ਪਾਰਸੀ ਅਤੇ ਗੁਜਰਾਤੀ ਨਾਟਕਾਂ ਦੀਆਂ ਤਰਜ਼ਾਂ ਚੋਂ ਲਈ ਗਈ ਹੈ 'ਬਲਸਾਗਰ ਤੁਮਹੀ' 'ਮਜਵਰੀ ਹੇ ਆਲੇ' ਆਦਿਕ ਪੁਰਾਣੇ ਜਾਣੇ ਪਛਾਣੇ ਮਿਤ੍ਰਾਂ ਦੀ ਅਣਹੋਂਦ ਵਿਚ ਸਰੋਤਿਆਂ ਦੀ ਹੋਣ ਵਾਲੀ ਨਿਰਾਸ਼ਾ ਆਸ਼ਾ ਹੈ ਕਿ ਕੁਝ ਅੰਸ਼ ਵਿਚ ਤਰਜ਼ਾਂ ਦੀ ਵਿਚਿ-ਤ੍ਰਤਾ ਨਾਲ ਦੂਰ ਹੋ ਜਾਵੇਗੀ।" ਪਰ ਸੰਗੀਤ ਰਚਨਾਵਾਂ ਦਾ ਇਹ ਨਵਾਂ—ਪਣ ਕੁਝ ਦਰਸ਼ਕਾਂ ਨੂੰ ਚੰਗਾ ਨਹੀਂ ਲੱਗਿਆ। ਕੋਲਹਟਕਰ ਨੇ, ਆਪਣੇ ਆਤਮ-ਚਰਿਤ੍ਰ ਵਿਚ ਇਕ ਥਾਂ ਆਪ ਲਿਖਿਆ ਹੈ—"ਨਾਟਕ ਦੇ ਵਿਰੋਧੀਆਂ ਨੇ ਸ਼ੋਰ ਮਚਾਉਣਾ ਸ਼ੁਰੂ ਕੀਤਾ ਕਿ 'ਤਰਜ਼ ਪਾਰਸੀ ਨਾਟਕਾਂ ਤੋਂ ਕਿਉਂ ਲਈ ਗਈ ਹੈ ?" ਉਹਨਾਂ ਦੀ ਇਸ ਵਿਅਕ-ਤੀਗਤ ਘਾਟ ਨੂੰ ਇਸ ਤਰ੍ਹਾਂ ਨੈਤਿਕ ਆਧਾਰ ਮਿਲ ਜਾਣ ਉਤੇ, ਹੋਰ ਦਰਸ਼ਕਾਂ ਦਾ ਸਮਰਥਨ ਵੀ ਉਹਨਾਂ ਨੂੰ ਮਿਲਿਆ ਅਤੇ ਨਾਟਘਰ ਵਿਚ 'ਨਾਂ ਭੂਤੋਂ ਨਾ ਵਵਿਸ਼ਯਤਿ' ਸਰੂਪ ਦਾ ਸ਼ੋਰ ਮੱਚ ਗਿਆ।"

ਕੋਲਹਟਕਰ ਨੇ ਜਿਸ ਪ੍ਰਕਾਰ ਦੀ ਸੰਗੀਤ ਯੋਜਨਾ ਸਵੀਕਾਰ ਕੀਤੀ ਸੀ, ਉਸਦਾ ਪ੍ਰਭਾਵ ਉਹਨਾਂ ਦੀ ਗੱਦ ਰਚਨਾ ਤੇ ਵੀ ਹੋਇਆ ਅਤੇ ਉਹ ਕਾਫੀ ਦੁਖਾਂਤਿਕ ਹੋ ਗਈ ਹੈ। ਇਸ ਬਾਰੇ ਕੋਲਹਟਕਰ ਨੇ ਲਿਖਿਆ ਹੈ "ਵੀਰਤਨਯ ਅਤੇ ਮੂਕਨਾਇਕ ਨਾਟਕਾਂ ਦੀ ਕਵਿਤਾ ਦੇ ਦੁਖਾਂਤਿਕ ਹੋਣ ਦਾ ਕਾਰਣ ਇਹ ਹੈ, ਕਿ ਇਹ ਪਦ ਜਿਨਾਂ ਤਰਜ਼ਾਂ ਉਤੇ ਲਿਖੇ ਗਏ ਹਨ, ਉਹਨਾਂ ਵਿਚ 'ਹਰਸਵ' ਅਖਰਾਂ ਦੀ ਬਹੁਤਾਤ ਹੋਣ ਕਰ ਕੇ ਅਤੇ ਉਹਨਾਂ ਦੇ ਵਿਸ਼ੇਸ਼ ਗਠਜੋੜ ਕਰਕੇ ਸੰਸਕ੍ਰਿਤ ਸ਼ਬਦਾਂ ਦੇ ਪ੍ਰਬੰਧ ਦੀ ਲੋੜ ਪਈ, ਜਿਸ ਦੇ ਫਲਸਰੂਪ ਉਹਨਾਂ ਦੀ ਰਚਨਾ ਚੋਖੀ ਮੁਸ਼ਕਲ ਹੋ ਗਈ। ਪਰ ਇਸ ਮੁਸ਼ਕਲ ਕਾਰਣ ਉਹਨਾਂ ਦੇ ਕਈ ਪਦਾਂ ਦੀਆਂ ਸੁੰਦਰ ਕਲਪਨਾਵਾਂ ਅਗੰਮੀ ਹੋ ਗਈਆਂ ਹਨ। ਬਿੰਬਾਵਲੀ ਦੇ ਸੁਆਦ ਨਾਲ ਬੋਲੀ ਜੜ੍ਹ ਅਤੇ ਮੰਦਬੁੱਧ ਹੁੰਦੀ ਹੈ, ਇਹ ਸੱਚ ਹੈ, ਪਰ ਤੁਹਾਡੀ ਬਿੰਬਾਵਲੀ ਬਰਾਬਰ ਦੇ ਪਧਰ ਦਾ ਸਪਰਸ਼ ਹੋਏ ਬਿਨਾਂ ਹੀ ਅੱਜ ਮੇਰੀ ਇਹ ਹਾਲਤ ਕਿਉਂ ਹੋ ਗਈ ਹੈ।"

"ਭਾਰਤੀ ਜੜਾ ਸੁਧੀਹਿ ਮੰਦਧੀ ਬਨੇ।
ਜਨੀ ਵਦੇ ਅਸੇ ਮੰਜ਼ੁ ਭਾਸ਼ਣੇ।
ਮਧੁਰ ਮਧੁਰ ਬਿੰਬਸਮ ਅਧਰ ਚੁੰਤ੍ਰਿਲਾ ਨਚ ਦੰਤੇ।
ਮਧੁਮਧੂਨਿ ਰਸਨਾ ਕਾ ਅਦੂਰ ਗਤਿਕਾ ਹੀ ਹੋਤੇ।"

ਅਜਿਹੀ ਸ਼ਬਦ-ਜੜ੍ਹ ਰਚਨਾ ਉਹਨਾਂ ਨੇ ਕੀਤੀ ਹੈ। ਇਸੇ ਕਰ ਕੇ ਚਿੰਤਾ-ਮਣ ਰਾਉ ਕੋਲਹਟਕਰ ਨੇ ਲਿਖਿਆ ਹੈ, ਕਿ "ਸ੍ਰੀਪਾਦ ਕ੍ਰਿਸ਼ਣ ਦੀਆਂ ਭਾਵਨਾਵਾਂ ਦਾ ਆਨੰਦ ਲੈਣ ਲਈ ਬੁਧੀ ਦੀ ਧਾਰ ਤੇਜ਼ ਕਰਨੀ ਪੈਂਦੀ ਹੈ।" ਤਾਂ ਭੀ 'ਉਗਿਚ ਕਾ ਕਾਂਤਾ ਗੰਜਿਤਾ ਦਾਸੀ ਦੀਨਾ' ਜਾਂ 'ਸਹਜ ਕਸ਼ੀ ਖੇਲਵਿਤੇ ਲਲਨਾ' ਵਰਗੇ ਪਦ ਆਪਣੇ ਅਰਥ-ਗੋਰਵ ਅਤੇ ਸੁਰਮਧੁਰਤਾ ਦੋਹਾਂ ਹੀ ਪਖਾਂ ਤੋਂ ਮਰਾਠੀ ਸਟੇਜ ਉਤੇ ਲੋਕ ਪ੍ਰਿਯੇ ਹੋ ਗਏ ਹਨ।

ਇਸ ਤਰ੍ਹਾਂ ਮਰਾਠੀ ਸਟੇਜ ਨੂੰ ਪੂਰੀ ਤਰ੍ਹਾਂ ਬਦਲ ਕੇ ਕੋਲਹਟਕਰ ਦੇ ਨਾਟਕ ਰੰਗਮੰਚ ਤੋਂ ਆਪ ਓਝਲ ਹੋ ਗਏ। ਇਸਦਾ ਮੁਖ ਕਾਰਨ ਭਾਵਨਾਵਾਂ ਦੀ ਤੀਬਰਤਾ

ਦੀ ਥਾਂ ਵਚਿਤ੍ਰਤਾ ਅਤੇ ਚਮਤਕਾਰੀ ਅੰਸ਼ ਤੇ ਵਧੇਰੇ ਜ਼ੋਰ ਦੇਣਾ ਅਤੇ ਯੋਗ ਨਾਟਕੀ ਸੰਘਰਸ਼ ਦੀ ਕਮੀ ਹੈ। ਲਗਦਾ ਹੈ, ਕਿ ਨਾਟਕੀਅਤਾ ਦੀ ਥਾਂ ਵਾਕ-ਆਧਾਰੀ ਹਾਸਰਸੀ ਵਾਰਤਾਲਾਪ, ਗੁੰਝਲਦਾਰ ਅਤੇ ਰਹੱਸਮਈ ਗੋਂਦਾਂ ਅਤੇ ਸੁਰ-ਆਨੰਦੀ ਸੰਗੀਤ ਨੂੰ ਉਹਨਾਂ ਦੇ ਨਾਟਕਾਂ ਵਿਚ ਵਧੇਰੇ ਥਾਂ ਮਿਲਿਆ ਹੈ। ਸਥਾਈ ਕਲਾ-ਮੁਲਾਂ ਦੀ ਘਾਟ ਵਿਚ ਕੋਲ-ਹਟਕਰ ਦੀ ਨਾਟ-ਸ੍ਰਿਸ਼ਟੀ ਛੇਤੀ ਹੀ ਅਲੋਪ ਹੋ ਗਈ। ਪਰ ਮਜ਼ੇ ਦੀ ਗੱਲ ਇਹ ਹੈ, ਕਿ ਉਹਨਾਂ ਦੇ ਸਮਕਾਲੀ ਨਾਟਕਾਰਾਂ ਨੇ ਉਹਨਾਂ ਦੀ ਹੀ ਨਾਟਕੀ-ਤਕਨੀਕ ਦੀ ਸੁੰਦਰ ਵਰਤੋਂ ਕਰਕੇ ਮਰਾਠੀ ਸਟੇਜ ਦੀ ਚੰਗੀ ਪ੍ਰਗਤੀ ਕੀਤੀ ਹੈ। ਇਸ ਕਰਕੇ ਕੋਲਹਟਕਰ ਨੂੰ 'ਨਾਟਕਕਾਰਾਂ ਦੇ ਨਾਟਕਕਾਰ' ਕਿਹਾ ਜਾਂਦਾ ਹੈ। ੧੮੯੬ ਤੋਂ ਲੈ ਕੇ ੧੯੧੧ ਤੱਕ ਨਾਟ-ਨੱਭ ਉਤੇ ਕੋਲਹਟਕਰ ਬੜੇ ਤੇਜ਼ ਸਹਿਤ ਚਮਕਦੇ ਰਹੇ। ਕਿਰਲੋਸਕਰ, ਗੰਧਰਵ, ਭਰਤ, ਬਲਵੰਤ, ਸ਼ਿਵਰਾਜ ਲਲਿਤ ਕਲਾ ਦਰਸ਼ ਪ੍ਰਭ੍ਰਿਤੀ ਅਗਾਂਹਵਧੂ ਨਾਟਕ ਕਿੱਤੇ ਵਾਲੀਆਂ ਮੰਡਲੀਆਂ ਨੇ ਉਹਨਾਂ ਦੇ ਨਾਟਕਾਂ ਨੂੰ ਸਟੇਜ ਕਰ ਕੇ, ਆਪਣੇ ਆਪ ਨੂੰ ਖੁਸ਼ ਕਿਸਮਤ ਮੰਨਿਆ। ਬਾਲਗੰਧਰਵ, ਗਣਪਤ ਰਾਉ ਬੋਡਸ, ਨਾਨਾ ਸਾਹਿਬ ਗੋਗਲੇਕਰ ਪ੍ਰਭ੍ਰਿਤੀ ਮਾਹਿਰ ਨੇ ਉਹਨਾਂ ਦੇ ਨਾਟਕਾਂ ਵਿਚ ਕੰਮ ਕਰਨ ਕਰ ਕੇ ਹੀ ਨਾਮਨਾ ਪ੍ਰਾਪਤ ਕੀਤੀ। ਗਡਕਰੀ, ਵਰੇਰਕਰ ਪ੍ਰਭ੍ਰਿਤੀ ਨਾਟਕਕਾਰਾਂ ਨੇ ਉਹਨਾਂ ਨੂੰ ਆਪਣੇ ਗੁਰੂ ਮੰਨਿਆ। ਟੇਂਬੇ ਪ੍ਰਭ੍ਰਿਤੀ ਨੂੰ ਉਹਨਾਂ ਦੀ ਨਾਟ-ਕਲਾ ਵਿਚ ਪਰਬਤਾਂ ਦੀ ਉਚਾਈ ਪ੍ਰਤੀਤ ਹੋਈ। ਮਰਾਠੀ ਨਾਟ-ਸਾਹਿੱਤ ਉਤੇ ਉਹਨਾਂ ਦਾ ਜੋ ਸਰਵਾਂਗੀ ਪ੍ਰਭਾਵ ਪਿਆ' ਉਸ ਲਈ ਇਹ ਬਹੁਤ ਦੇਰ ਤੱਕ ਉਹਨਾਂ ਦਾ ਰਿਣੀ ਰਹੇਗਾ।

## ਅਧੁਨਿਕ ਸਮੀਖਿਆ ਦੇ ਜਨਕ

ਅੰਗਰੇਜ਼ੀ ਸੰਸਕ੍ਰਿਤੀ ਦੇ ਸੰਪਰਕ ਵਿਚ ਆਉਣ ਮਗਰੋਂ ੧੯ਵੀਂ ਸਦੀ ਵਿਚ ਮਰਾਠੀ ਸਾਹਿੱਤ ਵਿਚ ਨਵੇਂ ਨਵੇਂ ਸਾਹਿਤਕ ਰੂਪਾਂ ਨੇ ਜਨਮ ਲਿਆ। ਪਰ ਉਹਨਾਂ ਦਾ ਮੁਲਅੰਕਣ ਅਤੇ ਰਸ ਮਾਨਣ ਵਾਲੇ ਨਵੇ' ਸਮੀਖਿਆਕਾਰਾਂ ਦੀ ਕਮੀ ਬਹੁਤ ਚੁਭਦੀ ਸੀ ਇਸ ਕਰ ਕੇ ਨਵੀਨ ਸਾਹਿਤ ਅਤੇ ਪੁਰਾਣੇ ਸਮੀਖਿਆ ਸਾਸ਼ਤਰ ਇਹਨਾਂ ਦੋਹਾਂ ਦਾ ਬੜਾ ਵਚਿਤ੍ਰ ਗੱਠਜੋੜ ਹੋ ਰਿਹਾ। 'ਪੁਰਾਤਨ ਖਿਆਲੀ ਆਲੋਚਕ' ਨਵੀਨ ਵਿਸ਼ਿਆਂ ਅਤੇ ਸਾਹਿੱਤਕ ਅੰਗਾਂ ਦਾ ਮੂਲਿਆਂਅਕਣ ਕਰਦਿਆਂ 'ਹਜ਼ਾਰਾਂ ਵਰ੍ਹੇ ਪੁਰਾਣੀਆਂ ਤਰਜ਼ਾਂ ਦੀ' ਵਰਤੋਂ ਕਰਦੇ ਹੁੰਦੇ ਸਨ।। ਅਜਿਹੀ ਹਾਲਤ ਵਿਚ ਕੋਲਹਟਕਰ ਨੇ ਆਪਣੇ ਯੋਗ ਅਤੇ ਸ਼ਾਸਤ੍ਰੀ ਅਲੋਚਨਾ ਸਾਹਿੱਤ ਨਾਲ ਮਰਾਠੀ ਸਾਹਿੱਤ ਵਿਚ ਨਵੀਨ ਆਲੋਚਨਾ ਪ੍ਰਣਾਲੀ ਦੀ ਘਾਟ ਨੂੰ ਪੂਰਿਆ। ਇਸ ਖੇਤ੍ਰ ਵਿਚ ਉਹਨਾਂ ਦਾ ਕਾਰਜ ਇੰਨਾ ਮੌਲਿਕ ਅਤੇ ਵਿਸ਼ਾਲ ਹੈ ਕਿ ਕੁਸੁਮਾਵਤੀ ਦੇਸ਼ ਪਾਂਡੇ ਵਰਗੇ ਮਾਹਿਰ ਅਲੋਚਕਾਂ ਨੇ ਉਹਨਾਂ ਨੂੰ ਸਪੱਸ਼ਟ ਸਮੀਖਿਆ ਦੇ ਜਨਕ' ਕਹਿਕੇ ਗੌਰਵ ਦਿਤਾ ਹੈ। ਉਨ੍ਹਾਂ ਦੇ ਸਮੀਖਿਆ ਦੌਰ ਤੇ' ਅਧੁਨਿਕ' ਰਚਨਾ ਦੇ ਰੂਪ ਅਤੇ ਮਹੱਤਵ ਤੇ ਚਾਨਣਾ ਪਾਉਂਦਿਆਂ ਬਾ. ਭ. ਪਾਠਕ ਲਿਖਦੇ ਹਨ-"ਅੰਗਰੇਜ਼ੀ ਸਮੀਖਿਆ ਪ੍ਰਣਾਲੀ ਦਾ ਆਸਰਾ ਲੈ ਕੇ ਨਾਟਕਾਂ ਅਤੇ ਨਾਵਲਾਂ ਦੀਆਂ ਗੋਂਦਾਂ ਪਾਤ੍ਰ-ਚਿਤ੍ਰਣ, ਦੇ ਗੁਣਾਂ ਔਗੁਣਾਂ ਦਾ ਸ਼ਾਨਦਾਰ ਢੰਗ ਨਾਲ ਕੰਮ ਵਿਵੇਚਨ ਕਰਨ ਵਾਲੇ ਸ੍ਰੀਪਾਦ ਕ੍ਰਿਸ਼ਨ ਕੋਲਹਟਕਰ ਮਰਾਠੀ ਦੇ ਪਹਿਲੇ ਸਮੀਖਿਅਕ ਸਨ। ਸਾਹਿੱਤ-ਕਲਾ ਬਾਰੇ ਉਹਨਾਂ ਨੇ ਜਿਹੜੇ ਸਿਧਾਂਤ ਕੱਢੇ ਹਨ ਉਹਨਾਂ ਨੂੰ ਮਰਾਠੀ ਆਧੁਨਿਕ ਸਮੀਖਿਆ

ਸਾਸ਼ਤ੍ਰ ਦਾ ਆਧਾਰ ਕਿਹਾ ਜਾ ਸਕਦਾ ਹੈ।" ਪਾਠਕ ਦਾ ਇਹ ਕਥਨ ਯਥਾਰਥ ਹੁੰਦਿਆਂ ਹੋਇਆਂ ਵੀ ਇਕ ਪੱਖੋਂ ਅਧੂਰਾ ਹੈ। ਕਿਉਂਕਿ ਸ਼੍ਰੀ ਪਾਦ ਕ੍ਰਿਸ਼ਣ ਨੇ ਸਿਰਫ ਸਾਹਿੱਤ ਕਲ ਦਾ ਹੀ ਨਹੀਂ ਸਗੋਂ ਸਮੁੱਚੀਆਂ ਲਲਿਤਕਲਾਵਾਂ ਦਾ ਵਿਗਿਆਨਕ ਅਤੇ ਤੁਲਨਾਤਮਿਕ ਮੁਲਿਆਂਕਣ ਕੀਤਾ ਹੈ। ਸਾਰੇ ਨਵੀਨ ਮਰਾਠੀ ਸਾਹਿੱਤ ਦੇ ਸਬੰਧ ਵਿਚ ਵੀ ਉਹਨਾਂ ਦੀ ਅਲੋਚਨਾਤਮਕ ਰਚਨਾ ਦਾ ਮਹੱਤਵ ਅਸਾਧਾਰਨ ਹੈ।

ਅਸਲ ਵਿਚ ਆਧੁਨਿਕ ਸਮੀਖਿਆ ਵੀ ਪਛਮ ਦੀ ਦੇਣ ਹੈ। ਉਸਤੋਂ ਪਹਿਲਾਂ ਮਰਾਠੀ ਦੀ ਮੌਲਿਕ ਸਾਹਿੱਤਕ ਮੁਲਿਆਂਕਣ ਦੀ ਅਤੇ ਸਮੀਖਿਆ ਦੀ ਪ੍ਰਣਾਲੀ ਸੀ ਹੀ ਨਹੀਂ, ਇਹ ਕਹਿਣਾ ਉਚਿੱਤ ਨਹੀਂ ਹੋਵੇਗਾ। ਅਜਿਹੀ ਗੱਲ ਨਹੀਂ ਹੈ ਕਿ ਪ੍ਰਾਚੀਨ ਮਰਾਠੀ ਕਵੀਆਂ ਨੇ ਪ੍ਰਸੰਗ ਆਧਾਰੀ ਸਾਹਿੱਤ ਬਾਰੇ ਕੋਈ ਮੌਲਿਕ ਵਿਚਾਰ ਪ੍ਰਗਟ ਨਹੀਂ ਕੀਤੇ। ਪਰ ਉਹ ਬਹੁਤ ਹੀ ਘਟ ਅਤੇ ਵਿੱਖਰੇ ਹੋਏ ਸਨ, ਇਸ ਲਈ ਉਹਨਾਂ ਦੇ ਆਧਾਰ ਤੇ ਇਕ ਸੁਤੰਤਰ ਸਮੀਖਿਆ ਸ਼ਾਸਤ੍ਰ ਨਹੀਂ ਬਣ ਸਕਿਆ। ਅੰਗ੍ਰੇਜ਼ੀ ਤੋਂ ਪਹਿਲੇ ਸਮੇਂ ਵਿਚ ਨਗੇਸ਼ ਅਤੇ ਵਿੱਚਲੀ ਦੀ 'ਰਸਮੰਜਰੀ' ਸੰਸਕ੍ਰਿਤ ਸਾਹਿੱਤ ਸ਼ਾਸਤ੍ਰ ਦੀ ਰਿਣੀ ਹੈ। ਪਹਿਲਾਂ ਪਹਿਲਾਂ ਅੰਗ੍ਰੇਜ਼ੀ ਦੇ ਮਾਧਿਅਮ ਨਾਲ ਜਿਹੜਾ ਸਾਹਿੱਤ ਬਾਰੇ ਮੁਲਿਆਂਕਣ ਹੋਇਆ ਉਸਦਾ ਆਧਾਰ ਵੀ ਸੰਸਕ੍ਰਿਤ ਦਾ ਸਾਹਿੱਤ ਸ਼ਾਸਤ੍ਰ ਹੀ ਸੀ। ਮਰਾਠੀ ਸਾਹਿੱਤ ਵਿਚ ਜਿਹੜੀ ਵਿਸ਼ਾ-ਸਾਹਿੱਤ ਸਿਰਜਣਾ ਹੋਈ, ਉਹ ਸੰਸਕ੍ਰਿਤ ਦਾ ਅਨੁਵਾਦ ਹੀ ਸੀ, ਇਹ ਕਹਿਣਾ ਕੋਈ ਅੱਤਕਥਨੀ ਨਹੀਂ ਹੋਵੇਗਾ। ਗਣੇਸ਼ ਸ਼ਾਸਤ੍ਰੀ ਲੇਲੇ ਦਾ 'ਸਾਹਿੱਤ ਸ਼ਾਸਤ੍ਰ' ਜ. ਵਿ. ਦਾਖਲੇ ਦਾ 'ਅਲੰਕਾਰ ਦਰਸ਼ਨ' ਕੇਮਰੇਕਰ ਸ਼ਾਸ਼ਤ੍ਰੀ ਦਾ 'ਅਲੰਕਾਰ ਵਿਲਾਸ' ਅਤੇ ਅੰਗ੍ਰੇਜ਼ੀ ਦੀਆਂ ਸਾਹਿੱਤ ਸਮੀਖਿਅਕ ਵਿਸ਼ੇ ਬਾਰੇ ਪੁਸਤਕਾਂ ਸਭੀ ਸੰਸਕ੍ਰਿਤ ਸਾਹਿੱਤ ਸ਼ਾਸਤ੍ਰ ਦੇ ਸਿਧਾਂਤਾਂ ਦਾ ਪੁਨਰ ਲੇਖਣ ਸਨ। ਉਸ ਤੋਂ ਪਹਿਲਾਂ ਦੇ ਇਕ ਦੋ ਫੁਟਕਲ ਗ੍ਰੰਥਾਂ ਨੂੰ ਅਲੋਚਨਾ ਮੰਨ ਲਿਆ ਜਾਵੇ ਤਾਂ ਕਹਿਣਾ ਪਵੇਗਾ, ਕਿ ਚਿਪਲੂਣਕਰ ਦੀ 'ਨਿਬੰਧ ਮਾਲਾ' ਸਮੇਂ ਤੋਂ ਹੀ ਮਰਾਠੀ ਸਾਹਿੱਤ ਦੀ ਸਮੀਖਿਆ ਨੇ ਇਕ ਨਿਸ਼ਚਿਤ ਆਕਾਰ ਧਾਰਨ ਕਰ ਲਿਆ ਸੀ। ਮਰਾਠੀ ਸਾਹਿੱਤ ਵਿਚ ਜਿਹੜੀਆਂ ਭਾਂਤ ਭਾਂਤ ਦੀਆਂ ਗਦਾਤਿਮਕ ਸਾਹਿੱਤਕ ਵਿਧੀਆਂ ਜਨਮ ਲੈ ਰਹੀਆਂ ਸਨ, ਉਹਨਾਂ ਦੇ ਰੂਪ ਨੂੰ ਨਿਸ਼ਚਿਤ ਕਰਨ ਅਤੇ ਉਹਨਾਂ ਦਾ ਮੂਲਿਆਂਕਣ ਕਰਨ ਦੀ ਲੋੜ ਮਸੂਸ ਹੋਣ ਲੱਗੀ ਸੀ। ਸ੍ਰੀਪਾਦ ਕ੍ਰਿਸ਼ਣ ਨੇ ਆਪਣੇ ਸਮੀਖਿਆ ਲੇਖਾਂ ਰਾਹੀਂ ਇਸੇ ਦੀ ਪੂਰਤੀ ਕੀਤੀ ਹੈ।

ਸਾਹਿੱਤ ਦੇ ਸਬੰਧ ਵਿਚ ਵਿਗਿਆਨਿਕ ਵਿਵੇਚਨ ਕਰਕੇ ਸਮੀਖਿਆ ਸ਼ਾਸਤ੍ਰ ਦੇ ਨਿਸ਼ਚਿਤ ਸਿਧਾਂਤਾਂ ਦਾ ਮੁੱਲ ਸਥਿਰ ਕਰਨਾ ਅਤੇ ਉਸ ਰਾਹੀਂ ਸਾਹਿੱਤਕ ਰਚਨਾਵਾਂ ਦੀ ਪ੍ਰੀਖਿਆ ਕਰਨਾ, ਇਹ ਦੋਵੇਂ ਗੱਲਾਂ ਸਮੀਖਿਆ ਦੇ ਅੰਗ ਹਨ। ਇਹਨਾਂ ਦੋਹਾਂ ਦੀ ਹੀ ਕੋਲਹਟਕਰ ਨੇ ਮਹਾਰਤ ਨਾਲ ਵਰਤੋਂ ਕੀਤੀ। ਉਹਨਾਂ ਦੇ ਸਮੀਖਿਆ ਲੇਖਾਂ ਰਾਹੀਂ ਕਲਾ ਬਾਰੇ ਸਿਧਾਂਤਾਂ ਦਾ ਮੁੱਲ ਵੀ ਸਥਾਪਿਤ ਹੋਣ ਲਗਿਆ ਸੀ, ਜਿਸਦੇ ਆਧਾਰ ਤੇ ਸਾਹਿੱਤਕ ਰਚਨਾਵਾਂ ਦੀ ਆਲੋਚਨਾ ਦਾ ਰਾਹ ਵੀ ਵਿਸ਼ਾਲ ਹੋ ਰਿਹਾ ਸੀ। ਉਹਨਾਂ ਦਾ ਸਮਾਂ ਤਕਨੀਕੀ ਕਲਪਣਾ ਦੇ ਆਰੰਭ ਦਾ ਸਮਾ ਸੀ। ਇਸ ਗੱਲ਼ ਨੂੰ ਮੁਖ ਰਖਦਿਆਂ ਹੀ ਉਹਨਾਂ ਨੇ ਸਾਹਿੱਤਕ ਸੁੰਦਰਤਾ ਦਾ ਸੂਖਮ ਵਿਸ਼ਲੇਸ਼ਣ ਅਤੇ ਰਸ-ਸੁਆਦਨ ਕੀਤਾ

ਅਤੇ ਸਾਹਿੱਤ ਦੇ ਵਿਸ਼ੇ ਸਬੰਧੀ ਤਕਨੀਕ ਦਾ ਵੀ ਵਿਵੇਚਨ ਕੀਤਾ। ਕੁਸ਼ਮਾਵਤੀ ਦੇਸ਼ਪਾਂਡੇ ਦੇ ਇਸ ਕਥਨ ਵਿਚ ਥੋੜੀ ਜਿਹੀ ਘਾਟ ਰਹਿ ਗਈ। ਉਹਨਾਂ ਦੇ ਸੁੰਦਰਤਾ-ਵਾਦ ਨੂੰ ਬੁਧੀ ਪ੍ਰਮਾਣੀਕਤਾ ਦਾ ਸਖਤ ਸਹਾਰਾ ਸੀ। ਉਹਨਾਂ ਵਿਚ ਸ਼ੁਧ-ਵਿਗਿਆਨਕ ਦ੍ਰਿਸ਼ਟੀ ਵੀ ਸੀ। ਇਸ ਕਰਕੇ 'ਸੁੰਦਰਤਾ' ਸਬੰਧੀ ਕਲਪਨਾਵਾਂ ਦਾ ਵਿਵੇਚਨ ਵੀ ਉਹਨਾਂ ਨੇ ਸ਼ੁੱਧ ਵਿਗਿਆਨਕ ਪ੍ਰਣਾਲੀ ਨਾਲ ਹੀ ਕੀਤਾ। ਇਹੀ ਕਾਰਨ ਹੈ, ਕਿ ਉਹਨਾਂ ਦੀ ਸਮੀਖਿਆ ਵਿਚ ਰੋਚਕਤਾ ਓਨੀ ਨਹੀਂ ਹੈ, ਜਿੰਨੀ ਵਿਸ਼ਲੇਸ਼ਣਾਤਮਿਕਤਾ ਹੈ। ਕੋਲ-ਹਟਕਰ ਨੇ ਸਮੀਖਿਆ ਨੂੰ ਵਿਗਿਆਨ ਅਤੇ ਕਲਾਤਕਨੀਕ ਦੇ ਵਿਚਕਾਰ ਦੀ ਵਿਧੀ ਮੰਨਿਆ ਹੈ। ਪਰ ਉਹਨਾਂ ਦੀ ਸਮੀਖਿਆ ਰਚਨਾ ਵਿਚ ਉਹਨਾਂ ਦਾ ਝੁਕਾਅ ਵਿਗਿ-ਆਨਿਕਤਾ ਵੱਲ ਵਧੇਰੇ ਹੈ। ਇਕ ਪੱਖੋਂ ਉਹਨਾਂ ਦੀ ਇਸ ਪ੍ਰਵਿਰਤੀ ਨੇ ਮਰਾਠੀ ਸਾਹਿੱਤ ਦਾ ਉਪਕਾਰ ਵੀ ਕੀਤਾ ਹੈ। ਕੋਲਹਟਕਰ ਨੇ ਆਪਣੇ ਸਾਹਿੱਤਕ ਜੀਵਨ ਦਾ ਆਰੰਭ ਹੀ ਸਮੀਖਿਆਤਮਿਕ ਲੇਖਾਂ ਤੋਂ ਕੀਤਾ। 'ਵਿਕਰਮ ਸ਼ਸ਼ੀਕਲਾ' ਨਾਂ ਦੇ ਨਾਟਕ ਸਬੰਧੀ ਉਹਨਾਂ ਦਾ ਸਮੀਖਿਆ—ਲੇਖ ੧੮੯੩ ਵਿਚ 'ਵਿਵਧਗਿਆਨ ਵਿਸਤਾਰ' ਵਿਚ ਛਪਿਆ। ਉਸਤੋਂ ਮਗਰੋਂ ੧੯੨੮ ਤੱਕ ਉਹਨਾਂ ਨੇ ਬਹੁਤ ਸਾਰੇ ਸਮੀਖਿਆ ਲੇਖ ਲਿਖੇ। ਇਹਨਾਂ ਵਿਚ ਪੁਸਤਕਾਂ ਦੀ ਸਮੀਖਿਆ ਨੂੰ ਮਹੱਤਵ ਮਿਲਿਆ। ਉਹਨਾਂ ਨੇ ਪੁਸਤਕਾਂ ਦੀ ਸਮੀਖਿਆ ਦੇ ਬਹਾਨੇ ਕਈ ਸਾਹਿੱਤਕ ਸਮੱਸਿਆਵਾਂ ਦਾ ਪ੍ਰਗਟਾਵਾ ਕੀਤਾ ਹੈ। ਪੁਸਤਕ ਦੀ ਸਮੀਖਿਆ ਨਾਲੋਂ ਉਹਨਾਂ ਦੇ ਲੇਖਾਂ ਵਿਚ ਸਾਹਿੱਤ ਸਬੰਧੀ ਵਿਗਿਆ-ਨਕ ਚਰਚਾ ਹੀ ਵਧੇਰੇ ਮਿਲਦੀ ਹੈ। ਨ. ਚਿੰ. ਕੇਲਕਰ ਦੀ 'ਤੋਤਿਆਚੇ ਬੰਡ' ਨਾਂ ਦੀ ਪੁਸਤਕ ਉਤੇ ਉਹਨਾਂ ਨੇ ੧੧੧ ਸਫੇ ਦੀ ਲੰਬੀ ਸਮੀਖਿਆ ਲਿਖੀ ਹੈ, ਜਿਸਤੋਂ ਉਹਨਾਂ ਦੀ ਸਮੀਖਿਆ ਸਮਰੱਥਾ ਦਾ ਪਤਾ ਲਗਦਾ ਹੈ। ਪਰ ਇਸ ਸਮੀਖਿਆ ਉਤੇ ਕਿੰਤੂ ਕਰਦਿਆਂ ਕੇਲਕਰ ਕਹਿੰਦੇ ਹਨ—"ਇਸ ਵਿਚ ਪੁਸਤਕ ਬਾਰੇ ਬਹੁਤ ਘਟ ਲਿਖਿਆ ਗਿਆ ਹੈ, ਬਾਕੀ ਸਾਰਾ ਲੇਖ ਨਾਟਕ-ਕਲਾ ਬਾਰੇ ਇਕ ਸੁਤੰਤਰ ਨਿਬੰਧ ਹੈ।" ਉਹਨਾਂ ਨੇ ਇਸ ਸਮੀਖਿਆ ਨੂੰ 'ਨਾਟਕ ਸਬੰਧੀ ਤੱਤਗਿਆਨ ਦਾ ਪ੍ਰਚੰਡ ਵਿਵੇਚਨ' ਵੀ ਕਿਹਾ ਹੈ। ਕੋਲਹਟਕਰ ਨੇ ਆਪਣੇ ਸਮੀਖਿਆ ਲੇਖਾਂ ਵਿਚ ਸਾਹਿੱਤਿਕਤਾ ਦਾ ਜਿਹੜਾ ਵਿਸ਼ਾਲ ਵਿਵੇਚਨ ਕੀਤਾ ਹੈ, ਉਸਦੇ ਕੁਝ ਕਾਰਣ ਹਨ। ਉਹਨਾਂ ਤੋਂ ਪਹਿਲਾਂ ਆਲੋ-ਚਨਾ ਸਾਹਿੱਤ ਦੀ ਘਾਟ ਹੋਣ ਕਰਕੇ ਪੁਸਤਕਾਂ ਦੀ ਸਮੀਖਿਆ ਕਰਨ ਵੇਲੇ ਇਸ ਤਰ੍ਹਾਂ ਦੀ ਸਾਹਿੱਤਕ ਰਚਨਾ ਦੇ ਸਰੂਪ, ਰਚਨਾ, ਤਕਨੀਕ ਬਾਰੇ ਪੂਰਨ ਵਿਵੇਚਨ ਕਰਕੇ, ਪ੍ਰਾਪਤ ਨਿਰਣਿਆਂ ਦੇ ਆਧਾਰ ਤੇ ਉਹਨਾਂ ਨੂੰ ਸਾਹਿੱਤਕ ਰਚਨਾਵਾਂ ਦੀ ਸਮੀਖਿਆ ਕਰਨੀ ਪਈ। 'ਤੋਤਿਆਚੇ ਬੰਡ' ਨਾਂ ਦੇ ਮਰਾਠੀ ਨਾਟਕ ਦੀਆਂ ਸਮੀਖਿਆਂਵਾਂ ਵਿਚ ਕੋਮਲ ਕਲਾ ਦੇ ਵਿਸ਼ਾਲ ਵਿਵੇਚਨ ਰਾਹੀਂ ਉਹਨਾਂ ਨੇ ਮਧਕਾਲੀਨ ਮੁੱਲ ਨਿਸ਼ਚਿਤ ਕੀਤੇ। ਅਤੇ ਉਹਨਾਂ ਦੇ ਆਧਾਰ ਤੇ ਇਸ ਨਾਟਕ ਦੀ ਸਮੀਖਿਆ ਕੀਤੀ। ਕੋਲਹਟਕਰ ਨੇ ਜਿਨ੍ਹਾਂ ਨਾਟਕਾਂ ਦੀ ਆਲੋਚਨਾ ਕੀਤੀ, ਉਹ ਅੱਜ ਅਲੋਪ ਹਨ; ਤਾਂ ਭੀ ਕੋਲਹਟਕਰ ਦੀ ਸਮੀਖਿਆ ਤਾਜ਼ੀ ਪ੍ਰਤੀਤ ਹੋ ਰਹੀ ਹੈ। ਇਸਦਾ ਕਾਰਣ ਉਹਨਾਂ ਵਲੋਂ ਸਮੀਖਿਆ ਦੇ ਮੂਲ ਸਿਧਾਂਤਕ ਮੂਲਾਂ ਅਤੇ ਵਿਗਿਆਨਕ ਵਿਚਾਰਾਂ ਨੂੰ ਦਿਤੀ ਗਈ ਪ੍ਰਮੁੱਖਤਾ ਹੈ।

ਕੋਲਹਟਕਰ ਵਲੋਂ ਕੀਤੀ ਗਈ ਪੁਸਤਕ-ਸਮੀਖਿਆ ਵਿਚ ਸੁਭਾਵਿਕ ਤੌਰ ਤੇ

ਨਾਟਕਾਂ ਨੂੰ ਪਹਿਲ ਦਿਤੀ ਗਈ ਹੈ। 'ਸੰਗੀਤ ਸ਼ਾਪਸੰਭ੍ਰਮ', 'ਸੰਗੀਤ ਚੰਦ੍ਰ ਸੇਨਾ', 'ਸੰਗੀਤ ਮਾਤ੍ਰੀਸਿਕਸ਼ਾ ਪ੍ਰਭਾਵ', 'ਸੰਗੀਤ ਰੂੜੀਵਿਨਾਸਨ', 'ਸੰਗੀਤ ਸੌਭਦ੍ਰ' ਵਰਗੇ ਪੰਦਰਾਂ ਨਾਟਕਾਂ ਦੀ ਉਹਨਾਂ ਨੇ ਸਮੀਖਿਆ ਕੀਤੀ। ਮਜੂਮਦਾਰ ਦੀ ਕਿਰਤ 'ਕਿਰਲੋਸ-ਕਰ ਚਰਿਤ੍ਰ' ਦੀ ਸ਼ਾਨਦਾਰ ਜਾਣ ਪਛਾਣ ਕਰਵਾਈ ਹੈ। ਨਾਟਕ ਸਬੰਧੀ ਪੁਸਤਕਾਂ ਦੀਆਂ ਵਿਵੇਚਨਾ ਭਰਪੂਰ ਤਿੰਨ ਭੂਮਿਕਾਵਾਂ ਲਿਖੀਆਂ ਹਨ। ਇਸ ਤੋਂ ਬਿਨਾਂ ਉਹਨਾਂ ਨੇ ਹੋਰ ਲੇਖਾਂ ਵਿਚ ਵੀ ਨਾਟ-ਕਲਾ ਅਤੇ ਨਾਟ-ਸਾਹਿੱਤ ਭਰਪੂਰ ਵਿਵੇਚਨ ਕੀਤਾ ਹੈ। ਕੁਲ ਮਿਲਾਕੇ, ਇਹ ਸਾਰੇ ਲੇਖ ੪੦੦ ਸਫਿਆਂ ਵਿਚ ਹਨ।

ਨਾਟਕ ਦੀ ਵਿਆਖਿਆ ਕਰਦਿਆਂ, ਕੋਲਹਟਕਰ ਨੇ ਲਿਖਿਆ ਹੈ—ਵਰਣਨੀ ਕਾਵਿ ਦਾ ਸਮਾਵੇਸ਼ ਸ਼ਰੁਤ ਕਾਵਿ ਵਿਚ ਕੀਤਾ ਜਾਂਦਾ ਹੈ। ਉਸੇ ਵਿਚ ਜਦੋਂ ਨਾਟ ਨਾਂ ਦਾ ਦ੍ਰਿਸ਼-ਭਾਗ ਜੋੜ ਦਿਤਾ ਜਾਂਦਾ ਹੈ, ਤਾਂ ਉਹ ਨਾਟਕ ਨਾਂ ਦਾ ਕਾਵਿ ਬਣ ਜਾਂਦਾ ਹੈ। ਮਾਹਿਮ ਭੱਟ ਨੇ ਆਪਣੇ 'ਵਿਅਕਤੀ ਵਿਵੇਕ' ਵਿਚ ਕਿਹਾ ਹੈ—ਵਿਭਾਗ ਅਨੁਭਾਗ ਆਦ ਦੇ ਵਰਣਨ ਨਾਲ ਜਿਹੜਾ ਅਨੰਦ ਬੱਝਦਾ ਹੈ, ਉਹ 'ਕਾਵਿ' ਕਹਾਉਂਦਾ ਹੈ ਅਤੇ ਪਾਤ੍ਰਾਂ ਰਾਹੀਂ ਜਦੋਂ ਉਹਨਾਂ ਨੂੰ ਪੇਸ਼ ਕੀਤਾ ਜਾਂਦਾ ਹੈ, ਤਾਂ ਉਹ 'ਨਾਟ' ਬਣ ਜਾਂਦਾ ਹੈ। 'ਬਰਣਾਤਮਿਕ ਕਾਵਿ' ਸ਼ਬਦ ਤੋਂ ਬੁਨਿਆਦੀ ਸੰਵਾਦ ਆਦਿਕ ਨਾਟਕ ਦੇ ਕਲਾਤ-ਮਿਕ ਭਾਗ ਦਾ ਗਿਆਨ ਹੁੰਦਾ ਹੈ ਅਤੇ 'ਦ੍ਰਿਸ਼ਾਤਮਿਕ ਨਾਟ' ਤੋਂ ਨਾਟ ਕਲਾ ਅਤੇ ਉਸਦੀ ਪੇਸ਼ਕਾਰੀ ਅਤੇ ਨਿਭਾਅ ਆਦਿਕ ਉਪ-ਅੰਗਾਂ ਦੀ ਸੂਚਨਾ ਮਿਲਦੀ ਹੈ। 'ਲਲਿਤ ਕਲਾਵਾਂ' ਦੀਆਂ ਕਿਰਤਾਂ ਅੱਖਾਂ ਅਤੇ ਕੰਨਾਂ ਰਾਹੀਂ ਗ੍ਰਹਿਣ ਹੁੰਦੀਆਂ ਹਨ। ਉਹਨਾਂ ਦਾ ਮੱਤ ਸੀ ਕਿ ਨਾਟ ਕਲਾ ਇਕੋ ਸਮੇਂ ਉਪ੍ਰੰਤ ਦੋਹਾਂ ਇੰਦਰੀਆਂ ਨੂੰ ਸੰਤੁਸ਼ਟ ਕਰਦੀ ਹੈ। ਇਸ ਕਰਕੇ ਉਹ ਸਰਵ-ਸ੍ਰੇਸ਼ਟ ਕਲਾ ਹੈ। ਭਾਰਤੀ ਨਾਟ ਸ਼ਾਸਤ੍ਰ ਵਿਚ ਨਾਟ ਕਲਾ ਨੂੰ ਸਾਰੀਆਂ ਕਲਾਵਾਂ ਦਾ ਆਧਾਰ ਮੰਨਿਆਂ ਜਾਂਦਾ ਹੈ। ਕੋਲਹਟਕਰ ਨੇ ਵੀ ਨਾਟ, ਸੰਗੀਤ, ਚਿਤ੍ਰ ਆਦਿਕ ਕਲਾਵਾਂ ਨੂੰ ਨਾਟਕ ਦੀ ਪੂਰਨ ਕਲਾ ਮੰਨਿਆ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਕੋਲਹਟਕਰ ਦੀ ਨਾਟਕ ਸਬੰਧੀ ਧਾਰਣਾ ਕਿੰਨੀ ਵਿਸ਼ਾਲ ਅਤੇ ਸਰਵ-ਸੰਗ੍ਰਹਿਕ ਸੀ।

ਉਹਨਾਂ ਨੇ ਮਨੋਰੰਜਨ ਰਾਹੀਂ ਆਨੰਦ-ਉਪਜਾਉਣ ਨੂੰ ਨਾਟ ਕਲਾ ਅਤੇ ਹੋਰ ਕਲਾਵਾਂ ਦਾ ਵੀ ਮੁਖ ਉਦੇਸ਼ ਕਿਹਾ ਹੈ। 'ਸੰਗੀਤ ਪ੍ਰੇਮਾਭਾਸ' ਨਾਂ ਦੇ ਨਾਟਕ ਦੀ ਸਮੀਖਿਆ ਕਰਦਿਆਂ ਉਹਨਾਂ ਨੇ ਲਿਖਿਆ ਹੈ—ਕੋਮਲ ਕਲਾ ਦੇ ਹੋਰ ਅੰਗਾਂ ਵਾਂਗ ਨਾਟਕ ਦਾ ਮੁਖ ਕਾਰਜ ਵੀ, 'ਰਸਿਕ ਮਨੋਰੰਜਨ' ਹੀ ਹੈ। ਉਹਨਾਂ ਨੇ ਇਥੇ 'ਮਨੋਰੰਜਨ' ਸ਼ਬਦ ਨੂੰ ਵਿਸ਼ਾਲ ਅਰਥਾਂ ਵਿਚ ਲਿਆ ਹੈ। ਮਨੋਰੰਜਨ ਬੌਧਿਕ ਵੀ ਅਤੇ ਭਾਵਨਾਤਮਿਕ ਵੀ ਹੁੰਦਾ ਹੈ। ਖੋਜ ਨਾਲ ਅਤੇ ਭਿੰਨ ਭਿੰਨ ਵਸਤਾਂ ਦੇ ਪੂਰਨ ਮੇਲ ਨਾਲ ਹੋਣ ਵਾਲਾ ਅਤੇ ਅਲੰਕਾਰਾਂ ਦੇ ਚਮਤਕਾਰ ਨਾਲ ਆਉਣ ਵਾਲਾ ਸੁਆਦ ਬੌਧਿਕ ਹੁੰਦਾ ਹੈ। ਭਾਵਨਾਵਾਂ ਦੀ ਤ੍ਰਿਪਤੀ ਨਾਲ ਆਉਣ ਵਾਲੇ ਰਸਾਤਮਿਕ ਆਨੰਦ ਦਾ ਸਰੂਪ ਭਾਵਨਾਤਮਿਕ ਹੁੰਦਾ ਹੈ। ਕੋਲਹਟਕਰ ਦਾ ਕਹਿਣਾ ਹੈ, ਕਿ "ਕਿਸੇ ਵੀ ਵਸਤੂ ਦੀ ਮਨੋਰੰਜਨ ਪ੍ਰਤੀਤੀ ਲਈ ਉਸ ਵਸਤੂ ਰਾਹੀਂ ਕਲਪਣਾ ਅਤੇ ਬੁਧੀ ਦੋਹਾਂ ਦਾ ਸੰਤੁਸ਼ਟ ਹੋਣਾ ਜ਼ਰੂਰੀ ਹੈ।"

'ਵਿਚਿੱਤ੍ਰਤਾ ਕਾਵਿਮਈ ਹੈ, ਅਤੇ ਆਨੰਦ ਰਸਦਾਇਕ ਹੈ ਅਤੇ ਉਹ

ਵਿਚਿੱਤ੍ਰਤਾ ਹੀ ਆਨੰਦ ਦਾ ਕਾਰਣ ਬਣਦੀ ਹੈ।' ਇਹ ਕੋਲਹਟਕਰ ਦਾ ਪੇਸ਼ ਕੀਤਾ ਹੋਇਆ ਨਾਟ ਸਿਧਾਂਤ ਹੈ।

ਪੱਛਮੀ ਸਮੀਖਿਆ ਸ਼ਾਸਤਰ ਵਿਚ 'ਸੁੰਦਰਤਾ' ਨੂੰ ਅਤੇ ਸੰਸਕ੍ਰਿਤ ਕਾਵਿ ਸ਼ਾਸਤਰ ਵਿਚ 'ਰਸ' ਨੂੰ ਕਾਵਿ-ਅਨੰਦ ਦਾ ਕਰਤਾ ਮੰਨਿਆ ਜਾਂਦਾ ਹੈ। ਕਲਾਂ ਦੇ ਵਿਰਾਟ ਅਤੇ ਵਿਸ਼ਾਲ ਸਰੂਪ ਦੀ ਪ੍ਰੀਭਾਸ਼ਾ ਦਿੰਦਿਆਂ, ਉਹਨਾਂ ਦੇ ਧਿਆਨ ਵਿਚ ਆਇਆ ਕਿ ਇਹ ਲੱਛਣ ਅਧੂਰੇ ਹਨ। ਇਸ ਕਰਕੇ, ਉਹਨਾਂ ਨੇ ਕਿਹਾ, ਕਿ ਕਾਵਿ ਦੀ ਆਤਮਾਂ 'ਵਿਚਿੱਤ੍ਰਤਾ, ਚਮਤਕਾਰ ਅਤੇ ਅਗਿਆਤ ਵਸਤੂ ਹੈ।' ਕੋਲਹਟਕਰ ਦੀ ਕਸਵੱਟੀ ਕਿਸੇ ਕਲਾ ਕਿਰਤ ਦੀ ਰਸਿਕਤਾ ਲਈ ਇਹ ਹੈ, ਕਿ 'ਨਿਸਰਗ ਦਾ ਝੁਕਾਅ ਵਿਚਿੱਤ੍ਰਤਾ ਵੱਲ ਹੈ, ਅਤੇ ਕਲਾ ਦਾ ਝੁਕਾਅ ਇਕਾਈ ਵੱਲ। ਕਲਪਣਾ ਵਿਚ ਵਿਦਮਾਨ ਉਦੇਸ਼ ਨੂੰ ਨਾ ਵਿਗਾੜਦਿਆਂ ਹੋਇਆ ਨਿਸਰਗਮਈ ਵਿਚਿੱਤ੍ਰਤਾ ਜਿਸ ਕਿਰਤ ਵਿਚ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ, ਉਹ ਕਿਰਤ ਹੀ ਉਤਮ ਹੈ।' ਉਹਨਾਂ ਨੇ 'ਵਿਚਿੱਤ੍ਰ' ਸ਼ਬਦ ਨੂੰ ਵੀ ਇਕ ਵਿਸ਼ੇਸ਼ ਅਤੇ ਵਿਸ਼ਾਲ ਅਰਥ ਵਿਚ ਲਿਆ ਹੈ। ਉਸਦੀ ਵਿਆ-ਖਿਆ ਕਰਦਿਆਂ ਉਹ ਕਹਿੰਦੇ ਹਨ, ਕਿ "ਵਿਚਿੱਤ੍ਰਤਾ ਵਿਚ ਸੁੰਦਰਤਾ ਦਾ ਸੁਮੇਲ ਤਾਂ ਹੁੰਦਾ ਹੀ ਹੈ, ਨਾਲ ਹੀ ਕਰੁਣਾ ਵੀਰ, ਭਿਆਨਿਕ, ਅਦਭੁਤ, ਸ਼ਾਂਤ ਆਦਿਕ ਰਸਾਂ ਦਾ ਵੀ ਸੁਮੇਲ ਹੁੰਦਾ ਹੈ।" 'ਵੇਣੀ ਸੰਹਾਰ' ਦੇ ਰਣਖੇਤਰ ਦਾ ਅਤੇ 'ਹੈਮਲੇਟ' ਦੇ ਸ਼ਮਸ਼ਾਨ ਦਾ ਦ੍ਰਿਸ਼ 'ਸੁੰਦਰਤਾ' ਵਿਚ ਨਹੀਂ ਗਿਣਿਆ ਜਾ ਸਕਦਾ। ਦੁਖਾਂਤ ਕਾਵਿ ਨਾਟਕ ਅਤੇ ਨਾਵਲ ਵਿਚ ਜਿਹੜਾ ਸਾਨੂੰ ਸੁਆਦ ਮਿਲਦਾ ਹੈ, ਉਸਦੀ ਵੇਦਨਾ ਅਨੁਕੂਲ ਹੀ ਹੋਵੇ, ਅਜਿਹੀ ਗੱਲ ਨਹੀਂ ਹੁੰਦੀ। ਉਹ ਰਸ ਪ੍ਰਸੰਗ ਸੁੰਦਰ ਹੀ ਹੋਵੇ, ਇਹ ਗੱਲ ਵੀ ਨਹੀਂ ਹੁੰਦੀ। ਤਾਂ ਭੀ ਦੁਸ਼ਿਅੰਤ ਅਤੇ ਸ਼ਕੁੰਤਲਾ ਦੇ ਪਹਿਲੇ ਮੇਲ ਤੋਂ ਲੈ ਕੇ, ਉਥੇਲੋ ਰਾਹੀਂ ਕੀਤੀ ਗਈ ਡੈਸਡੀ ਮੋਨਾ ਦੀ ਹੱਤਿਆ ਤੱਕ ਦੇ ਅਨੁਕੂਲ ਅਤੇ ਪ੍ਰਤਿਕੂਲ ਵੇਦਨਾਵਾਂਨੂੰ ਜਨਮ ਦੇਣ ਵਾਲੇ ਸਾਰੇ ਰਸ ਪ੍ਰਸੰਗ ਵਿਚਿੱਤ੍ਰ ਸ਼ਬਦ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ।" ਕੋਲਹਟਕਰ ਦੇ ਇਸ ਸਿਧਾਂਤ ਤੇ ਅਨੇਕ ਇਤਰਾਜ਼ ਕੀਤੇ ਜਾ ਸਕਦੇ ਹਨ। ਤਾਂ ਭੀ ਇਹ ਤਾਂ ਮੰਨਣਾ ਹੀ ਪਏਗਾ, ਕਿ ਸਾਹਿੱਤ ਦੇ ਖੇਤਰ ਨੂੰ ਵਧੇਰੇ ਵਿਸ਼ਾਲ ਬਣਾਉਣ ਦਾ ਜਤਨ ਇਸ ਸਿਧਾਂਤ ਦੇ ਪਿਛੇ ਕੰਮ ਕਰ ਰਿਹਾ ਹੈ। ਉਹ ਏਹੀ ਕਹਿਣਾ ਚਾਹੁੰਦੇ ਹਨ, ਕਿ ਸਾਹਿੱਤ ਇਕ ਅੱਤ ਵਿਆਪਤ ਵਸਤੂ ਹੈ ਅਤੇ ਸਿਰਫ ਰਸ ਅਤੇ ਸੁੰਦਰਤਾ ਦੀ ਪ੍ਰੀਭਾਸ਼ਾ ਵਿਚ ਆਉਣ ਵਾਲੀ ਵਸਤੂ ਨਹੀਂ,ਸਗੋਂ ਜੀਵਨ ਦੇ ਕਿਸੇ ਵੀ ਰੂਪ ਦੇ ਵਰਣਨ ਤੋਂ ਉਸਨੂੰ ਕੋਈ ਪ੍ਰਹੇਜ਼ ਨਹੀਂ ਹੈ।

ਕੋਲਹਟਕਰ ਮਹਾਂਰਾਸ਼ਟਰ ਵਿਚ 'ਕਲਾ. ਕਲਾ ਲਈ' ਮੰਨਣ ਵਾਲੇ ਦਲ ਦੇ ਨੇਤਾ ਸਨ। ਉਹਨਾਂ ਦਾ ਸਪੱਸ਼ਟ ਮੱਤ ਸੀ, ਕਿ ਸ਼ੁੱਧ ਕਲਾ, ਵਿਗਿਆਨ ਅਤੇ ਨੀਤੀ ਦੇ ਕਾਰਜਖੇਤਰ ਇਕ ਦੂਜੇ ਤੋਂ ਪੂਰੀ ਤਰ੍ਹਾਂ ਵੱਖਰੇ ਹਨ। ਅਤੇ ਉਹਨਾਂ ਨੂੰ ਇਕ ਦੂਜੇ ਦੇ ਖੇਤਰ ਉਤੇ ਜ਼ਬਰਦਸਤੀ ਕਬਜ਼ਾ ਕਰਨ ਤੋਂ ਦੂਰ ਰਹਿਣਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਹੈ, ਕਿ ਮਨੁਖ ਕਵਿਤਾ ਰਾਹੀਂ ਪੈਸਾ, ਨਾਮ, ਵਿਹਾਰਕ ਗਿਆਨ, ਅਤੇ ਸੰਕਟ ਨਿਵਾਰਕ ਉਪਦੇਸ਼ ਪ੍ਰਾਪਤ ਕਰ ਸਕਦਾ ਹੈ, ਪਰ ਇਹ ਸਭੀ ਤੁਛ ਗੱਲਾਂ ਹਨ। ਉਹਨਾਂ ਦੇ ਕ੍ਰਾਂਤੀਕਾਰੀ ਵਿਚਾਰ ਤਾਂ ਇਸ ਹੱਦ ਤਕ ਪੁਜੇ ਹਨ ਕਿ "ਬੋਧ ਦਾ ਕਲਾ ਦੀ

ਸਬਲਤਾ ਅਤੇ ਨਿਰਬਲਤਾ ਨਾਲ ਕੋਈ ਸਬੰਧ ਨਹੀਂ ਹੈ। ਜੇ ਕੋਮਲ ਕਲਾ ਆਪਣੇ ਆਪ ਵਿਚ ਉੱਤਮ ਹੋਵੇ ਤਾਂ ਉਸਦੇ ਬੋਧਹੀਣ, ਅਗਿਆਨਮਈ ਅਤੇ ਨੀਤੀਮੁਕਤ ਹੋਣ ਤੇ ਵੀ ਉਸਦੀ ਯੋਗਤਾ ਤੇ ਕੋਈ ਆਂਚ ਨਹੀਂ ਆਉਂਦੀ। ਉਹ ਲਿਖਦੇ ਹਨ—"ਸੈਕਸ਼ਪੀਅਰ ਦੇ ਨਾਟਕ ਵਿਚ ਪੇਸ਼ ਅਗਿਆਨ, ਭਰਮ-ਉਪਜਾਊ ਹੋ ਸਕਦਾ ਹੈ, ਅਤੇ ਕਾਂਗ੍ਰੇਵ ਦੇ ਨਾਟਕ ਨੈਤਿਕ ਦ੍ਰਿਸ਼ਟੀ ਤੋਂ ਗ੍ਰਹਿਣਯੋਗ ਹੋ ਸਕਦੇ ਹਨ—ਪਰ ਸ਼ੁੱਧ ਕਲਾ ਹੋਣ ਦੇ ਨਾਤੇ ਉਹਨਾਂ ਦਾ ਮਹੱਤਵ ਘਟਦਾ ਨਹੀਂ।" ਵਿਚਾਰਾਂ ਵਿਚ ਨੰਗੇਜ਼ ਨੂੰ ਉਹਨਾਂ ਨੇ ਬਹੁਤ ਵਡਾ ਗੁਨਾਹ ਮੰਨਿਆ ਹੈ। ਪਰ ਨਾਲ ਹੀ ਉਹਨਾਂ ਨੇ ਇਹ ਵੀ ਮੰਨਿਆ ਹੈ, ਕਿ ਸੁੰਦਰਤਾ ਦੇ ਸਪਰਸ਼ ਨਾਲ ਨੰਗੇਜ਼ ਵਿਚ ਵੀ ਇਕ ਪ੍ਰਕਾਰ ਦੀ ਮਧੁਰਤਾ ਆ ਜਾਂਦੀ ਹੈ। ਉਹ ਲਿਖਦੇ ਹਨ, ਕਿ "ਨੰਗੇਜ਼ ਹਰ ਹਾਲਤ ਵਿਚ ਯੋਗ ਹੈ। ਪਰ ਜੇ ਉਹ ਕਿਸੇ ਅਜਿਹੇ ਸੁੰਦਰ ਵਿਚਾਰ ਨਾਲ ਜੁੜ ਜਾਵੇ ਕਿ ਉਸਦੇ ਹਟਾਏ ਜਾਣ ਤੇ ਉਹ ਸੁੰਦਰ ਵਿਚਾਰ ਹੀ ਪੇਸ਼ ਨਾ ਕੀਤਾ ਜਾ ਸਕੇ, ਉਹ ਨੰਗੇਜ਼ ਮੁਆਫ ਹੈ। ਕਿਉਂਕਿ ਇਹਨਾਂ ਅਵਸਰਾਂ ਤੇ ਸੁੰਦਰ ਵਿਚਾਰ ਦੇ ਮੁਖ ਹੋਣ ਕਰਕੇ, ਸਭ ਦਾ ਧਿਆਨ ਉਸ ਉਤੇ ਹੀ ਕੇਂਦ੍ਰਿਤ ਰਹਿੰਦਾ ਹੈ ਅਤੇ ਉਸ ਨਿਮਨ ਨੰਗੇਜ਼ ਵਲ ਨਹੀਂ ਜਾਂਦਾ।"

ਇਸ ਦਾ ਮਤਲਬ ਇਹ ਕਦੇ ਨਹੀਂ ਕਿ ਉਹਨਾਂ ਦੀ ਨਜ਼ਰ ਵਿਚ ਨੀਤੀ ਦਾ ਮਹੱਤਵ ਘੱਟ ਸੀ। ਉਹ ਇਹ ਜਾਣਦੇ ਸਨ, ਕਿ 'ਨੀਤੀ ਬੱਧ ਅਤੇ ਭਾਵਨਾਵਾਂ ਨੂੰ ਸ਼ੁੱਧਤਾ ਦੇ ਢਾਂਚੇ ਵਿਚ ਢਾਲਣ ਵਾਲੀ ਸੂਖਮ ਕਲਾ ਦਾ ਮਹੱਤਵ ਬਹੁਤ ਜ਼ਿਆਦਾ ਹੈ। ਪਰ ਉਹਨਾਂ ਨੇ ਜ਼ੋਰ ਦੇ ਕੇ ਇਹ ਗੱਲ ਕਹੀ ਹੈ, ਕਿ ਨੀਤੀ ਅਤੇ ਗਿਆਨ-ਨਿਪੁੰਨਤਾ ਦੀ ਸ਼ਕਤੀ ਅਤੇ ਅਸ਼ਕਤੀ ਦਾ ਮਾਪ ਤੋਲ ਨਹੀਂ ਹੋ ਸਕਦਾ। ਕਾਵਿ ਦੇ ਅਸੀਮ ਅਨੰਦਮਈ ਪ੍ਰਦੇਸ਼ ਵਿਚ ਸੀਮਿਤ ਇੱਛਾਵਾਂ ਅਤੇ ਸੁੰਗੜੇ ਹੋਏ ਉਦੇਸ਼ਾਂ ਦੇ ਘੋੜੇ ਤੇ ਸਵਾਰ ਘੋੜੇ ਸਹਿਤ ਦਾਖਲ ਹੋ ਕੇ ਉਸ ਪ੍ਰਦੇਸ਼ ਤੇ ਕਬਜ਼ਾ ਕਰ ਲੈਣ, ਅਤੇ ਉਥੇ ਆਪਣਾ 'ਝੰਡਾ ਗੱਡ ਦੇਣ' ਇਹ ਉਹਨਾਂ ਨੂੰ ਪਸੰਦ ਨਹੀਂ ਸੀ। ਉਹਨਾਂ ਨੂੰ ਜਾਪਦਾ ਸੀ, ਇਉਂ ਕਰਨ ਨਾਲ ਸਾਹਿੱਤ ਦਾ ਖੇਤਰ ਸੁੰਗੜ ਜਾਵੇਗਾ।

ਕੋਲਹਟਕਰ ਦੀ ਕਲਾ-ਆਲੋਚਨਾ ਅਨੁਸਾਰ, ਹਰ ਇਕ ਕਲਾਕਾਰ ਕਲਾ-ਕਿਰਤ ਦੀ ਉਪਜ ਸਮੇਂ ਜਾਣ ਕੇ ਜਾਂ ਅਣਜਾਣੇ ਕੁਝ ਨੇਮਾਂ ਦਾ ਪਾਲਣ ਜ਼ਰੂਰ ਕਰਦਾ ਹੈ। ਅਨਿਯਮਿਤ ਵਸਤਾਂ ਵੀ ਨੇਮ ਵਿਚ ਬੱਝ ਕੇ ਕੰਮ ਕਰਦੀਆਂ ਹਨ। ਪਰ ਉਹ ਸਭ ਕੁਝ ਅਣਜਾਣੇ ਹੀ ਹੁੰਦਾ ਰਹਿੰਦਾ ਹੈ। ਇਸ ਲਈ, ਉਸ ਵਿਚ ਸਮਗਤੀ ਦਿਸਦੀ ਨਹੀਂ। ਅਨਿਯਮਿਤ ਵਸਤੂ ਅਤੇ ਕਲਾਕਾਰ ਦੀ ਪ੍ਰਤਿਭਾ, ਉਸ ਸਮਗਤੀ ਨੂੰ ਪੈਦਾ ਕਰਦੇ ਹਨ। ਅਨਿਯਮਿਤ ਵਸਤੂ ਅਤੇ ਕਲਾਕਾਰ ਦੀ ਪ੍ਰਤਿਭਾ ਦੇ ਲੈਣ ਦੇਣ ਨਾਲ ਕਲਾ ਕਿਰਤ ਦੀ ਸਿਰਜਣਾ ਹੁੰਦੀ ਹੈ ਭਾਵ ਅਸਮ-ਗਤੀ ਵਿਚੋਂ ਸਮਗਤੀ ਅਤੇ ਅਪ੍ਰਬੰਧ ਵਿਚੋਂ ਪ੍ਰਬੰਧ ਪੈਦਾ ਕਰਦਾ ਹੈ। ਕੋਲਹਟਕਰ ਕਹਿੰਦੇ ਹਨ, ਕਿ "ਵਸਤੂ ਦੇ ਭਿੰਨ ਭਿੰਨ ਅੰਗਾਂ ਦੀ ਪਾਤਰਤਾ ਸਾਮ੍ਹਣੇ ਉਸਨੂੰ ਪੇਸ਼ ਕੀਤਾ ਜਾਵੇ, ਇਸਦਾ ਵਿਚਾਰ ਕਰਨਾ ਹੀ ਕਲਾ ਦਾ ਕੰਮ ਹੈ।" ਕਲਾਕਾਰ ਦੀ ਪ੍ਰਤਿਭਾ ਕਲਾਤਮਿਕ ਅਨੁਭੂਤੀ ਦੇ ਵਖੋ ਵਖਰੇ ਹਿਸਿਆਂ ਨੂੰ ਮਿਲਾਉਂਦੀ ਹੈ ਅਤੇ ਉਸ ਰਾਹੀਂ ਇਕ ਲੜੀਬੱਧ ਅਤੇ ਇਕਾਤਮਿਕ ਕਲਾਕਿਰਤ ਸਿਰਜਦੀ ਹੈ। ਇਸ ਸੰਜੋਗ ਦੇ ਨੇਮਾਂ ਨੂੰ ਇਕੱਠੇ ਕੀਤਾ ਜਾਵੇ ਤਾਂ ਉਸਤੋਂ

ਕਲਾਮਈ ਰਚਨਾ ਨਾਲ ਸਬੰਧਿਤ ਇਕ ਵਿਸ਼ੇਸ਼ ਸ਼ਾਸਤਰ ਬਣ ਜਾਂਦਾ ਹੈ। ਕਲਾਕਿਰਤ ਵਲੋਂ ਅਪਨਾਏ ਗਏ ਨੇਮਾਂ ਤੇ ਵਿਚਾਰ ਕਰਦਿਆਂ ਕੋਲਹਟਕਰ ਨੇ ਵਿਆਪਕ ਕਲਾਮਈ ਅਨੁਭੂਤੀ ਨੂੰ ਲਾਜ਼ਮੀ ਕਿਹਾ ਹੈ। ਕਲਾਕਿਰਤ ਦਾ ਭਰਪੂਰ ਅਧਿਅੱਨ ਕਰਕੇ ਜਾਣੇ ਗਏ ਨੇਮ ਹੀ ਸਰਵ-ਪ੍ਰਵਾਨ ਹੋ ਸਕਦੇ ਹਨ। ਨੇਮ ਦੀ ਉਤਪਤੀ ਕਲਾ ਲਈ ਜ਼ਰੂਰੀ ਭਾਗਾਂ ਵਿਚੋਂ ਕਿਸ ਭਾਗ ਨਾਲ ਹੁੰਦੀ ਹੈ ਇਸ ਦਾ ਫੈਸਲਾ ਹੋ ਜਾਣ ਮਗਰੋਂ ਹੀ ਉਸ ਨੂੰ ਸ਼ਾਸਤ੍ਰ ਵਿਚ ਥਾਂ ਦਿਤੀ ਜਾ ਸਕਦੀ ਹੈ। ਕੋਲਹਟਕਰ ਨੇ ਇਸ ਵਿਸ਼ੇ ਵਿਚ ਇਹ ਇਕ ਨਿਸ਼ਚਿਤ ਸ਼ਰਤ ਰੱਖ ਦਿਤੀ ਹੈ। ਵ. ਲ. ਕੁਲਕਰਣੀ ਦਾ ਇਹ ਕਥਨ ਸੱਚ ਹੈ, ਕਿ "ਵਿਸ਼ਲੇਸ਼ਣ ਕਰਨ ਅਤੇ ਹਰ ਇਕ ਵਿਸ਼ੇ ਦੇ ਨੇਮ ਨਿਰਧਾਰਣ ਵਿਚ ਪ੍ਰਵੀਨ ਉਹਨਾਂ ਦੀ ਬੁਧੀ ਤਰਕ, ਅਨੁਮਾਨ ਆਦਿਕ ਸਾਧਨਾਂ ਦਾ ਆਸਰਾ ਲੈ ਕੇ ਸੂਖਮ ਕਲਾਂਵਾਂ ਵਲ ਚਲਦੀ ਹੈ ਅਤੇ ਉਸਦੀ ਸਿਰਜਣਾ ਦੇ ਨੇਮ ਲੱਭ ਲੈਂਦੀ ਹੈ।"

ਨਾਟਕ ਦੇ ਬਹੁ-ਰੂਪੀ ਕਲਾਤਮਿਕ ਅੰਗਾਂ ਵਿਚੋਂ ਪਲਾਟ ਦੇ ਵਿਸ਼ੇ ਤੇ ਕੋਲ-ਹਟਕਰ ਨੇ ਵਧੇਰੇ ਵਿਸਥਾਰ-ਸਹਿਤ ਵਿਚਾਰ ਕੀਤਾ ਹੈ। 'ਦੋਨ ਸਮਾਜਿਕ ਨਾਟਕੇ' ਨਾਂ ਦੇ ਸਮੀਖਿਅਕ ਲੇਖ ਵਿਚ ਉਹਨਾਂ ਨੇ ਦਸਿਆ, ਕਿ ਪਲਾਟ ਦੇ ਤਿੰਨ ਗੁਣ ਵਿਸ਼ੇਸ਼ ਹੁੰਦੇ ਹਨ—੧. ਇਕ ਉਦੇਸ਼ਤਾ, ੨. ਨੇਮਸਿੱਧੀ ਅਤੇ ੩. ਸੁਤੰਤਰਤਾ। ਉਹਨਾਂ ਦਾ ਵਿਸ਼ੇਸ਼ ਬਲ ਇਸ ਗੱਲ ਉਤੇ ਹੈ, ਕਿ ਨਾਟਕ ਨੂੰ ਇਕ-ਕੇਂਦ੍ਰਿਤ ਹੋਣਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਹੈ, ਕਿ "ਅਨੇਕ ਕਿਰਨਾਂ ਜਦੋਂ ਇਕ ਹੀ ਨੁਕਤੇ ਤੇ ਕੇਂਦ੍ਰਿਤ ਹੁੰਦੀਆਂ ਹਨ, ਤਾਂ ਉਹ ਨੁਕਤਾ ਚਾਨਣਾ ਹੋ ਜਾਂਦਾ ਹੈ। ਉਸੇ ਤਰ੍ਹਾਂ ਨਾਟਕ ਦੇ ਹਰ ਦ੍ਰਿਸ਼, ਵਾਕ ਅਤੇ ਸ਼ਬਦ ਦਾ ਵੀ ਇਕ ਨਿਸ਼ਚਿਤ ਕੇਂਦਰ ਹੋਣਾ ਚਾਹੀਦਾ ਹੈ ਤਾਂ ਹੀ ਉਹ ਦਰਸ਼ਕ ਦੇ ਮਨ ਉਤੇ ਆਪਣਾ ਚੰਗਾ ਪ੍ਰਭਾਵ ਛਡ ਸਕਣਗੇ। ਇਸੇ ਨੂੰ ਕਹਿੰਦੇ ਹਨ—ਇਕ ਉਦੇਸ਼ਤਾ (ਉਦੇਸ਼ ਦੀ ਏਕਤਾ)। ਵਾਰਤਾਲਾਪ ਵਿਚ ਜਿਹੜੀਆਂ ਵੀ ਘਟਨਾਵਾਂ ਆਉਣ, ਉਹਨਾਂ ਪਿਛੇ ਇਕ ਨੇਮਬੱਧ ਕਾਰਜ-ਕਾਰਣ-ਭਾਵ ਹੋਣਾ ਚਾਹੀਦਾ ਹੈ।" ਵਾਸਤਵਿਕ ਜਗਤ ਵਿਚ ਦੇਵ ਦਾ ਖੇਲ ਜਿੰਨੀ ਮਾਤਰਾ ਵਿਚ ਦਿਸਦਾ ਹੈ, ਉਸ ਨਾਲੋਂ ਨਾਟਕ ਦੇ ਛੋਟੇ ਜਗਤ ਵਿਚ ਉਸ ਨੂੰ ਵਧੇਰੇ ਪੇਸ਼ ਕੀਤਾ ਜਾਵੇ ਤਾਂ ਸਾਰਾ ਪਲਾਟ ਅਸਭਾਵਿਕ ਬਣ ਜਾਂਦਾ ਹੈ। ਨਾਇਕ ਅਤੇ ਨਾਇਕਾਂ ਦੇ ਦੁੱਖ ਸੁੱਖ ਜਦੋਂ ਤਕ ਕੁਦਰਤੀ ਨੇਮਾਂ ਅਨੁਸਾਰ ਆਉਂਦੇ ਹਨ, ਅਤੇ ਉਹਨਾਂ ਦੇ ਵਰਣਨ ਵਿਚ ਅਸੁਭਾਵਿਕਤਾ ਨਹੀਂ ਰਹਿੰਦੀ, ਉਦੋਂ ਤੱਕ ਉਹਨਾਂ ਨੂੰ ਵੇਖਕੇ ਦਰਸ਼ਕ ਦੇ ਹਿਰਦੇ ਵਿਚ ਆਪਣੇ ਆਪ ਹੀ ਅਨੰਦ ਅਤੇ ਖੁਸ਼ੀ ਦੀ ਉਤਪਤੀ ਹੁੰਦੀ ਹੈ।" ਕੋਲਹਟਕਰ ਇਸੇ ਨੂੰ 'ਨੇਮਸਿਧੀ' ਦਾ ਨਾਂ ਦਿੰਦਾ ਹੈ। ਨੇਮ ਅਨੁਸਾਰ ਹਰ ਇਕ ਵਸਤੂ ਦੀ ਰਚਨਾ, ਨਾਟਕ ਤੋਂ ਬਾਹਰ ਦੀਆਂ ਚੀਜ਼ਾਂ ਨਾਲ ਨਾ ਹੋ ਕੇ, ਨਾਟਕ ਦੇ ਅੰਦਰਲੀਆਂ ਚੀਜ਼ਾਂ ਨਾਲ ਹੀ ਹੋਵੇ, ਤਾਂ ਉਸਨੂੰ 'ਸੁਤੰਤਰਤਾ' ਕਿਹਾ ਜਾਂਦਾ ਹੈ। ਉਹਨਾਂ ਨੇ ਇਕ ਹੋਰ ਬਹੁਤ ਮਹੱਤਵਪੂਰਨ ਗੱਲ ਕਹੀ ਹੈ। ਉਹ ਇਹ ਹੈ, ਕਿ 'ਨਾਟਕ ਦੀ ਆਤਮਾ ਚਿੰਤਨ ਨਹੀਂ, ਕਿਰਤ ਹੈ।' ਉਹਨਾਂ ਦੇ ਮੱਤ ਅਨੁਸਾਰ, ਪਲਾਟ ਵਿਚ ਕਿਰਤ ਦੀ ਪ੍ਰਧਾਨਤਾ ਹੋਵੇ ਤਾਂ ਅਭਿਨੈ ਲਈ ਵਧੇਰੇ ਅਵਸਰ ਮਿਲਦਾ ਹੈ। ਚਿੰਤਨ ਨੂੰ ਪ੍ਰਧਾਨਤਾ ਦਿਤੀ ਗਈ ਹੋਵੇ ਤਾਂ ਉਸ ਨਾਲ ਪਲਾਟ ਦੀ ਗਤੀ ਰੁਕ ਜਾਂਦੀ ਹੈ।'

ਪਲਾਟ ਵਿਚ ਰਹੱਸ ਹੋਵੇ ਤਾਂ ਉਹਨਾਂ ਦੇ ਵਿਚਾਰ ਅਨੁਸਾਰ ਉਸਦੀ ਰੌਚਿਕਤਾ ਵਧ ਜਾਂਦੀ ਹੈ ਨਾਟਕ ਅਤੇ ਰਹੱਸ ਨਾਲ ਸਬੰਧਿਤ ਕੁਝ ਬਹੁਤ ਹੀ ਮੌਲਿਕ ਵਿਚਾਰ ਉਹਨਾਂ ਨੇ 'ਤੋਤਿਆਂਚੇ ਬੰਡ' ਨਾਂ ਦੇ ਨਾਟਕ ਦੀ ਸਮੀਖਿਆ ਵਿਚ ਪ੍ਰਗਟ ਕੀਤੇ ਹਨ। ਉਹ ਕਹਿੰਦੇ ਹਨ—"ਰਹੱਸਮਈ ਕਾਵਿ ਵਿਚ ਰਹੱਸ ਟੁਟਣ ਨਾਲ ਪੈਦਾ ਹੋਣ ਵਾਲਾ ਅਨੰਦ ਵੀ ਬੌਧਿਕ ਹੁੰਦਾ ਹੈ। ਰਹੱਸ ਖੁਲ੍ਹਣ ਨਾਲ ਅਦਭੁਤ ਚਮਤਕਾਰ ਦੇ ਅਨੰਦ ਦੀ ਅਨੁਭੂਤੀ ਤੋਂ ਪਹਿਲਾਂ ਰਸੀਏ ਨੂੰ ਵਿਸ਼ੇਸ਼ ਕਲਪਣਾ ਸ਼ਕਤੀ ਅਤੇ ਵਿਵੇਕ ਸ਼ਕਤੀ ਦੀ ਵੀ ਵਰਤੋਂ ਕਰਨੀ ਪੈਂਦੀ ਹੈ। ਮਨੋਵਿਗਿਆਨ ਦਾ ਕੰਮ ਹੈ, ਕਿ ਕਿਸੇ ਵੀ ਸ਼ਕਤੀ ਨੂੰ ਲਾਭਦਾਇਕ ਕੰਮ ਮਿਲ ਜਾਵੇ ਤਾਂ ਉਸ ਨੂੰ ਅਨੰਦ ਆਉਂਦਾ ਹੈ। ਇਸ ਕਰਕੇ, ਜਦੋਂ ਮਨ ਕਿਸੇ ਰਹੱਸ ਦਾ ਪਤਾ ਕਰਨ ਲਈ ਰੁਝਿਆ ਰਹਿੰਦਾ ਹੈ, ਤਾਂ ਜਦੋਂ ਤਕ ਰਹੱਸ, ਰਹੱਸ ਬਣਿਆ ਰਹਿੰਦਾ ਹੈ. ਉਦੋਂ ਤਕ ਤਾਂ ਉਸ ਨੂੰ ਅਨੰਦ ਮਹਿਸੂਸ ਹੁੰਦਾ ਹੀ ਹੈ, ਪਰ ਰਹੱਸ ਦਾ ਪਤਾ ਲੱਗ ਜਾਣ ਤੇ ਵੀ ਅਨੰਦ ਆਉਂਦਾ ਹੈ ਅਤੇ ਉਸਦੀ ਮਾਤ੍ਰਾ ਉੱਨੀ ਹੀ ਵਧੇਰੇ ਹੁੰਦੀ ਹੈ। ਜਿੰਨੀ ਰਹੱਸ ਦੇ ਪਤਾ ਲੱਗਣ ਵਿਚ ਦੇਰੀ ਦੀ ਮਾਤਰਾ ਵਧੇਰੇ ਹੁੰਦੀ ਹੈ ਅਤੇ ਉਸਦੇ ਸਬੰਧ ਵਿਚ ਕਲਪਣਾ ਰਾਹੀਂ ਵਰਤੋਂ ਵਿਚ ਲਿਆਂਦੇ ਗਏ ਵਿਕਲਪਾਂ ਦੀ ਸੰਖਿਆ ਵਧੇਰੇ ਹੁੰਦੀ ਹੈ। ........., ਰਹੱਸ ਨੂੰ ਖੋਲ੍ਹਣ ਦੇ ਪ੍ਰਯਤਨ ਵਿਚ ਕਵੀ ਵਲੋਂ ਥਾਂ ਥਾਂ ਤੇ ਜਾਣ ਬੁਝ ਕੇ ਪੇਸ਼ ਕੀਤੀ ਗਈ ਭਰਮ-ਉਪਜਾਊ ਸਮੱਗਰੀ ਵਿਚੋਂ ਵਾਸਤਵਿਕਤਾ ਨੂੰ ਲੱਭਣਾ ਹੁੰਦਾ ਹੈ; ਇਸ ਕਰਕੇ, ਇਸ ਕਾਰਜ ਵਿਚ ਕਲਪਣਾ ਅਤੇ ਬੁਧੀ ਦੀ ਵਿਸ਼ੇਸ਼ ਸਹਾਇਤਾ ਚਾਹੀਦੀ ਹੁੰਦੀ ਹੈ। ਇਸ ਕਰਕੇ ਜਦੋਂ ਇਉਂ ਹੁੰਦਾ ਹੈ, ਕਿ ਵਿਅਕਤੀ ਆਪਣੀ ਕਲਪਣਾ ਦੇ ਸਹਾਰੇ ਉਕਤ ਰਹੱਸ ਦੇ ਭੇਦ ਸਬੰਧੀ ਜਿਹੜੀ ਆਪਣੀ ਕਲਪਣਾ ਬਣਾ ਬੈਠਦਾ ਹੈ, ਉਸਤੋਂ ਉਹ ਪੂਰੀ ਤਰ੍ਹਾਂ ਵੱਖਰਾ ਸਿੱਧ ਹੁੰਦਾ ਹੈ ਅਤੇ ਉਸ ਨਾਲ ਵੀ ਉਸ ਦੀ ਅਸਚਰਜਤਾ ਅਤੇ ਅਨੰਦ ਦੀ ਮਾਤ੍ਰਾ ਵੱਧ ਜਾਂਦੀ ਹੈ।" ਕੋਲਹਟਕਰ ਦੇ ਨਾਟਕਾਂ ਵਿਚ ਜਿਹੜੀ ਏਨੀ ਰਹੱਸ ਦੀ ਭਰਮਾਰ ਦੇਖਦੇ ਹਾਂ, ਉਸਦੇ ਪਿਛੇ ਉਹਨਾਂ ਦਾ ਕੀ ਆਸ਼ਾ ਰਿਹਾ ਹੋਵੇਗਾ, ਇਹ ਧਿਆਨ ਵਿਚ ਆ ਜਾਂਦਾ ਹੈ। 'ਪਰ ਰਹੱਸ ਦੇ ਕਾਰਣ ਜੇ ਹੋਰ ਪ੍ਰਕਾਰ ਦੇ ਕਾਵਿ-ਅਨੰਦ ਵਿਚ ਸੱਟ ਵਜਦੀ ਹੋਵੇ ਤਾਂ ਅਜਿਹੀ ਹਾਲਤ ਵਿਚ ਮਾਹਿਰ ਕਵੀ ਰਹੱਸ ਨੂੰ ਆਪਣੇ ਕਾਵਿ ਵਿਚ ਥਾਂ ਨਹੀਂ ਦੇਵੇਗਾ।' ਇਹ ਵੀ ਉਹਨਾਂ ਨੇ ਕਹਿ ਦਿਤਾ ਹੈ। ਰਹੱਸ ਦੇ ਨਾਲ ਨਾਲ ਪਲਾਟ ਦੀ ਰੌਚਿਕਤਾ ਵਿਚ ਬੁਧੀ ਲਈ 'ਮਨਵੇਧਕ' ਅਤੇ 'ਆਕਰਸ਼ਣ' ਨਾਮ ਦੇ ਗੁਣਾਂ ਨੂੰ ਵੀ ਜ਼ਰੂਰੀ ਮੰਨਿਆ ਹੈ। ਨਾਟਕ ਦੇ ਪਲਾਟ ਦੇ ਹਰ ਇਕ ਅੰਕ ਅਤੇ ਦ੍ਰਿਸ਼ ਨਾਲ ਰਸੀਏ ਦਾ ਮਨ ਵਿੰਨ੍ਹਿਆਂ ਜਾਣਾ ਚਾਹੀਦਾ ਹੈ ਅਤੇ ਨਾਲ ਹੀ ਕਥਾਨਕ ਵਿਸ਼ੇ ਵਿਚ ਉਤਸੁਕਤਾ ਵੀ ਪੈਦਾ ਹੋ ਜਾਣੀ ਚਾਹੀਦੀ ਹੈ ਜਿਸ ਨਾਲ 'ਅਗੇ ਕੀ ਹੋਏਗਾ' ਇਕ ਉਤਸ਼ਾਹ ਨਾਲ ਪਲਾਟ ਦੇ ਪ੍ਰਵਾਹ ਦੇ ਨਾਲ ਨਾਲ ਉਹ ਅੱਗੇ ਵੱਲ ਖਿੱਚਦਾ ਚਲਾ ਜਾਵੇ। ਪਲਾਟ-ਰੂਪੀ ਗੁਦਗੁਦੀ ਦਾ ਦਬਾਅ ਕਿਤੇ ਵੀ ਘਟਣਾ ਨਹੀਂ ਚਾਹੀਦਾ। ਜਿਥੇ 'ਮਨ ਵੇਧਕਤਾ' ਰਸੀਏ ਵਿਅਕਤੀ ਨੂੰ ਨਾਟਕ ਦੇ ਕਿਸੇ ਰਸਦਾਇਕ ਦ੍ਰਿਸ਼ ਤੇ ਪੁਚਾ ਕੇ ਲੀਨ ਕਰ ਦਿੰਦਾ ਹੈ, ਉਥੇ 'ਮਨ ਆਕਰਸ਼ਕਤਾ' ਉਸਦੀ ਉਤਸੁਕਤਾ ਨੂੰ ਜਗਾਕੇ ਉਸਨੂੰ ਨਾਟਕ ਪ੍ਰਵਾਹ ਨਾਲ ਖਿੱਚਦਾ ਹੋਇਆ ਲੈ ਜਾਂਦਾ ਹੈ।

ਨਾਟਕ ਤੋਂ ਬਿਨਾਂ ਨਾਵਲ, ਕਹਾਣੀ ਅਤੇ ਕਵਿਤਾ ਇਹਨਾਂ ਤਿੰਨ ਮੁਖ ਸਾਹਿਤਕ ਅੰਗਾਂ ਬਾਰੇ ਵੀ ਕੋਲਹਟਕਰ ਨੇ ਆਪਣੇ ਸਮੀਖਿਅਕ ਲੇਖਾਂ ਵਿਚ ਵਿਸ਼ਾਲ ਵਿਵੇਚਨ ਕੀਤਾ ਹੈ। ਭਿੰਨ ਭਿੰਨ ਮਨੁਖਾਂ ਦੇ ਸੁਭਾਅ ਅਤੇ ਉਹਨਾਂ ਦੀਆਂ ਭਾਵਨਾਵਾਂ ਹੀ ਨਾਵਲ ਦੇ ਪ੍ਰਮੁਖ ਵਿਸ਼ੇ ਹੁੰਦੇ ਹਨ। ਇਸ ਕਰਕੇ ਉਹਨਾਂ ਨੇ ਮੰਨਿਆ ਹੈ, ਕਿ ਜੀਵਨ ਦੀਆਂ ਅਨੁਭੂਤੀਆਂ ਨੂੰ ਇਕੱਤਰ ਕਰਨ ਦੀ ਵਿਸ਼ੇਸ਼ਤਾ ਮਨੋ-ਵਿਰਤੀ ਨਾਵਲ-ਰਚਨਾ ਲਈ ਜ਼ਰੂਰੀ ਹੈ। ਉਹ ਅੱਗੇ ਚਲ ਕੇ ਕਹਿੰਦੇ ਹਨ ਕਿ ਨਾਵਲ-ਰਚਨਾ ਨੂੰ ਇਕ ਹੀ ਸਮੇਂ ਅੰਤਰਮੁਖੀ ਅਤੇ ਬਾਹਰਮੁਖੀ ਰਹਿਣਾ ਪੈਂਦਾ ਹੈ। ਇਸ ਕਥਨ ਨੂੰ ਸਪੱਸ਼ਟ ਕਰਦੇ ਹੋਏ ਕੋਲਹਟਕਰ ਕਹਿੰਦੇ ਹਨ—'ਨਾਵਲ ਰਚਨਾ ਵਿਚ ਮਨੁਖੀ-ਸੁਭਾਅ ਦਾ ਸ਼ਾਨਦਾਰ ਗਿਆਨ, ਵਰਣਨਯੋਗ ਵਿਅਕਤੀ ਨਾਲ ਮੇਲ, ਭਿੰਨ ਭਿੰਨ ਭਾਵਨਾਵਾਂ ਨੂੰ ਪੇਸ਼ ਕਰਨ ਦੀ ਸਮਰੱਥਾ ਅਤੇ ਪਾਠਕ ਨੂੰ ਪ੍ਰਭਾਵਿਤ ਕਰ ਸਕਣ ਵਾਲੀ ਕਹਾਣੀ-ਦਸਣ ਦੀ ਯੋਗਤਾ ਆਦਿਕ ਗੁਣਾਂ ਦੀ ਹੋਂਦ ਬਹੁਤ ਜ਼ਰੂਰੀ ਹੈ। ਇਸਦੇ ਨਾਲ ਹੀ, ਜਗਤ-ਘਟਨਾ ਚੱਕਰ ਨੂੰ ਉਸੇ ਭਾਵ ਨਾਲ ਵੇਖਣ ਅਤੇ ਨਿਸ਼ਕਾਮ ਮਨ ਨਾਲ ਉਸ ਉਤੇ ਵਿਚਾਰ ਕਰਨ ਦੀ ਸੰਤੁਲਿਤ ਮਾਨਸਿਕ ਪਰਵਿਰਤੀ ਵੀ ਹੋਣੀ ਚਾਹੀਦੀ ਹੈ। ਇਹਨਾਂ ਗੁਣਾਂ ਦੀ ਪ੍ਰਾਪਤੀ ਲਈ, ਮਨੁਖ ਦਾ ਵਚਿਤ੍ਰਤਾ-ਪ੍ਰਿਏ ਅਤੇ ਬਾਹਰਮੁਖੀ ਦ੍ਰਿਸ਼ਟੀ ਵਾਲਾ ਹੋਣਾ ਜ਼ਰੂਰੀ ਹੈ। ਇਸਦੇ ਵਿਰੁਧ ਇਸ ਮਾਨਸਿਕ ਪਰਵਿਰਤੀ ਲਈ ਇਸ ਦਾ 'ਇਕ ਪੰਥੀ' ਅਤੇ ਅੰਤਰਮੁਖੀ ਦ੍ਰਿਸ਼ਟੀ ਵਾਲਾ ਹੋਣਾ ਵੀ ਜ਼ਰੂਰੀ ਹੈ। ਨਾਟਕ ਅਤੇ ਨਾਵਲ, ਇਹਨਾਂ ਦੋਹਾਂ ਦਾ ਸੁਮੇਲ ਉਹ 'ਕਾਵਿ' ਨਾਂ ਦੇ ਵਿਸ਼ਾਲ ਲੇਖ ਵਿਚ ਕਰਦੇ ਹਨ। ਕੋਲਹਟਕਰ ਨੇ ਕਈ ਥਾਂਈਂ 'ਕਾਵਿ' ਸ਼ਬਦ ਦੀ ਵਰਤੋਂ 'ਸੂਖਮ-ਕਲਾ' ਦੇ ਵਿਸ਼ਾਲ ਅਰਥਾਂ ਵਿਚ ਕੀਤੀ ਹੈ। ਪਰ ਕਿਉਂਕਿ ਨਾਟਕ ਦ੍ਰਿਸ਼ਟ ਵਸਤੂ ਹੁੰਦੀ ਹੈ, ਅਤੇ ਨਾਵਲ ਸ਼ਰੁਤ ਹੁੰਦਾ ਹੈ, ਇਸ ਕਰ ਕੇ, ਉਹਨਾਂ ਵਿਚ ਮਹੱਤਵਪੂਰਨ ਅੰਤਰ ਵੀ ਹੁੰਦਾ ਹੈ।' ਇਹ ਕਹਿ ਕੇ ਕੋਲਹਟਕਰ ਨੇ ਇਹਨਾਂ ਦੋਵੇਂ ਸਾਹਿਤਕ ਅੰਗਾਂ ਦੀ ਵਿਸਥਾਰ ਪੂਰਬਕ ਤੁਲਨਾ ਕੀਤੀ ਹੈ। ਪਾਤਰਾਂ ਦੇ ਭਾਵ ਅਤੇ ਸੁਭਾਅ ਨੂੰ ਪ੍ਰਗਟ ਕਰਨ ਦੇ ਸਾਧਨ ਵੀ ਸੀਮਿਤ ਹੁੰਦੇ ਹਨ। ਇਸ ਕਰਕੇ ਹਰ ਗੱਲ ਵਿਚ ਸੰਕੋਚ ਤੋਂ ਕੰਮ ਲੈਣਾ ਪੈਂਦਾ ਹੈ। ਪਰ ਨਾਵਲ ਵਿਚ ਇਹ ਸਾਰੇ ਬੰਧਨ ਨਹੀਂ ਹੁੰਦੇ। ਉਸ ਦਾ ਖੇਤਰ ਵਿਸ਼ਾਲ ਅਤੇ ਵਿਸਥਾਰਮਈ ਹੁੰਦਾ ਹੈ। ਤਾਂ ਭੀ ਨਾਟਕ ਜਾਂ ਨਾਵਲ ਵਿਚ ਰਸ ਦੀ ਅਤਿਅੰਤ ਉਤਸੁਕਤਾ ਨੂੰ ਸਾਧਣ ਲਈ ਰਸੀਆਂ ਦੇ ਮਨ ਨੂੰ ਕਿਸੇ ਖਾਸ ਵਿਸ਼ਿਆਂ ਤੇ ਕੇਂਦਰਿਤ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਕਰਕੇ, ਉਹਨਾਂ ਨੇ ਇਹ ਗੱਲ ਜ਼ੋਰ ਨਾਲ ਕਹੀ ਹੈ ਕਿ ਇਸ ਉਦੇਸ਼ ਦੀ ਪ੍ਰਾਪਤੀ ਲਈ, ਪਲਾਟ ਦੇ ਦੋ ਇਕ ਵਿਅਕਤੀਆਂ ਨੂੰ ਹੀ ਮਹਾਨਤਾ ਦੇਣੀ ਪੈਂਦੀ ਹੈ। ਕਲਾਕਿਰਤ ਦੀ ਉੱਚਤਾ ਵਿਚ ਵਾਧਾ ਕਰਨ ਲਈ ਕਲਾਤਮਿਕ ਸੰਜਮ ਦਾ ਵੀ ਉਹਨਾਂ ਨੇ ਜ਼ਿਕਰ ਕੀਤਾ ਹੈ। ਉਹਨਾਂ ਨੇ ਇਹ ਮਹੱਤਵ ਪੂਰਨ ਸਿਧਾਂਤ ਪੇਸ਼ ਕੀਤਾ ਹੈ, ਕਿ ਥੋੜੇ ਜਿਹੇ ਸਾਧਨਾਂ ਨਾਲ ਬਹੁਤ ਵੱਡਾ ਕਾਰਜ ਪੂਰਾ ਕਰਕੇ ਰਸੀਆਂ ਦੇ ਮਨ ਵਿਚ ਚਮਤਕਾਰ ਨੂੰ ਜਨਮ ਦੇਣਾ, ਸਾਰੀਆਂ ਕਲਾਵਾਂ ਦਾ ਇਕ ਉਦੇਸ਼ ਹੈ।

੧੯੨੨ ਵਿਚ ਦੂਜੇ ਮਹਾਰਾਸ਼ਟਰ ਕਵੀ ਸੰਮੇਲਨ ਦੇ ਪ੍ਰਧਾਨਗੀ ਪਦ ਤੋਂ

ਉਹਨਾਂ ਨੇ ਜੋ ਵਿਚਾਰ ਪ੍ਰਵਰਤਨ ਭਾਸ਼ਣ ਦਿਤਾ, ਉਸ ਵਿਚ ਕਾਵਿ ਕਲਾ ਦਾ ਬਹੁਤ ਹੀ ਸੂਖਮ ਅਤੇ ਮੂਲ-ਸਪੱਰਸ਼ੀ ਵਿਵੇਚਨ ਕੀਤਾ ਹੈ। ਉਹਨਾਂ ਨੇ ਦੱਸਿਆ, ਕਿ ਕਾਵਿ ਦੀ ਸੁੰਦਰਤਾ ਦੋ ਪੱਖੀ ਵਸਤੂ ਹੈ। ਉਹ ਜਿਥੇ ਵਿਸ਼ੇ ਅਤੇ ਭਾਸ਼ਾ, ਸੁੰਦਰਤਾ ਅਤੇ ਕਵੀ ਦੀ ਵਿਸ਼ੇਸ਼ ਮਨੋਰਚਨਾ ਤੋਂ ਪੈਦਾ ਹੁੰਦਾ ਹੈ, ਉਥੇ ਰਸੀਏ ਦੀ ਅਨੁਭੂਤੀ ਅਤੇ ਮਨੋਰਚਨਾ ਉਤੇ ਵੀ ਹਮਲਾ ਕਰਦਾ ਹੈ।' ਇਹ ਮਹੱਤਵਪੂਰਨ ਵਿਚਾਰ ਉਹਨਾਂ ਨੇ 'ਕਾਵਿ ਸਿਰਜਣ' ਅਤੇ 'ਕਾਵਿ ਮਾਨਵ' ਦੇ ਸੰਧਰਭ ਵਿਚ ਪੇਸ਼ ਕੀਤਾ ਹੈ। ਕਵੀ ਵਲੋਂ 'ਕਾਵਿ ਸਿਰਜਣ' ਅਤੇ ਰਸੀਏ ਵਲੋਂ 'ਕਾਵਿ ਮਾਨਵ' ਇਸ ਦੂਹਰੇ ਲੈਣ-ਦੇਣ ਨਾਲ ਰਸ ਉਪਜਾਊ ਪ੍ਰਕਿਰਿਆ ਪੂਰੀ ਹੁੰਦੀ ਹੈ। ਕਾਵਿ-ਵਸਤੂ ਦੇ ਇਕ ਹੋਣ ਤੇ ਵੀ ਕਵੀਆਂ ਦੀ ਮਨੋ-ਭਾਵਨਾ ਵਿਚ ਫਰਕ ਹੋਣ ਕਰਕੇ, ਉਸ ਦੇ ਕਾਵਿਮਈ ਪ੍ਰਗਟਾਅ ਵਿਚ ਫਰਕ ਆ ਜਾਂਦਾ ਹੈ। ਸਿਰਜਣ-ਪ੍ਰਕਿਰਿਆ ਵਿਚ ਕਵੀ ਭੇਦ ਨਾਲ ਜਿਵੇਂ ਭੇਦ ਪੈਦਾ ਹੁੰਦਾ ਹੈ, ਉਵੇਂ ਹੀ ਮਾਨਵ ਪ੍ਰਕਿਰਿਆ ਵਿਚ ਵੀ ਰਸ-ਭੇਦ ਨਾਲ ਭਿੰਨਤਾ ਹੋਵੇਗੀ। ਕਿਉਂਕਿ 'ਕਾਵਿ ਸੁਆਦ ਰਸੀਏ ਨਾਲ ਸਬੰਧਤ ਹੁੰਦਾ ਹੈ', ਅਤੇ ਉਸ 'ਸੁਆਦ, ਰਸਗ੍ਰਹੀ ਪਾਤਰ ਤੇ ਨਿਰਭਰ ਕਰਦਾ ਹੈ।' ਕਵੀ ਪ੍ਰਤਿਭਾ ਦਾ ਰੂਪ ਸਪੱਸ਼ਟ ਕਰਦਿਆਂ ਕੋਲਹਟਕਰ ਨੇ ਇਹ ਇਕ ਮੌਲਿਕ ਵਿਚਾਰ ਪੇਸ਼ ਕੀਤਾ ਹੈ, ਕਿ 'ਕਵੀ, ਵਚਿੱਤਰਤਾ ਉਪਜਾਉਣ ਲਈ ਕਲਪਣਾ ਦੇ ਜ਼ੋਰ ਤੇ ਭਿੰਨ ਭਿੰਨ ਪਦਾਰਥਾਂ ਦਾ ਵਖੋ ਵੱਖਰੇ ਨਵੇਂ ਰੂਪਾਂ ਵਿਚ ਸੰਜੋਗ ਕਰਦਾ ਹੈ।' ਬਿਲਕੁਲ ਇਸੇ 'ਸੰਕਲਪਣਾ' ਦੀ ਵਰਤੋਂ ਕਰਦੇ ਹੋਏ ਅੱਗੇ ਚਲ ਕੇ ਬਾ. ਸੀ. ਸਰਡੇਕਰ ਨੇ ਜ਼ੋਰ ਦੇ ਕੇ ਕਿਹਾ ਹੈ, ਕਿ ਸੁੰਦਰਤਾ ਅਤੇ ਵਚਿੱਤਰਤਾ ਇਹਨਾਂ ਦੋ ਕਲਪਣਾਵਾਂ ਵਿਚ ਕੋਈ ਵਿਰੋਧ ਨਹੀਂ ਹੈ। ਉਹ ਲਿਖਦੇ ਹਨ—'ਜੇ ਕਸ਼ਣੇ ਕਸ਼ਣੇ ਯੰਨਵਤਾ ਮੁਪੈਤਿ ਤਦੇਵ ਰੂਪੰ ਰਮਣੀਯਤਾਯਾ' : ਨੂੰ ਸੁੰਦਰਤਾ ਦੇ ਸਰੂਪ ਦਾ ਯਥਾਰਥਕ ਨਿਰੂਪਣ ਮੰਨ ਲਿਆ ਜਾਵੇ ਤਾਂ ਇਸ ਲੱਛਣ ਵਿਚ ਅਤੇ ਕਾਵਿ ਦੀ ਵਚਿੱਤਰਾਤਮਿਕਤਾ ਵਿਚ ਕੋਈ ਵਿਰੋਧ ਨਹੀਂ ਹੈ।' ਜਿਹੜੀ ਚੀਜ਼ ਸੁਭਾਵਿਕ ਤੌਰ ਤੇ ਸੁੰਦਰ ਹੋਵੇਗੀ, ਉਹ ਪ੍ਰਤਿਭਾ ਦੀ ਛੁਹ ਨਾਲ ਵੀ ਸੁੰਦਰ ਹੀ ਦਿਸੇਗੀ; ਪਰ ਕਾਵਿ ਦੀ ਕਲਪਨਿਕ ਦੁਨੀਆਂ ਵਿਚ ਸਰੂਪ ਵਲੋਂ ਭਿੰਨ ਸਾਧਾਰਣ ਚੀਜ਼ ਵੀ ਆਪਣੇ ਤੋਂ ਭਿੰਨ ਅਨੁਭਵ ਵਾਲੇ ਵਿਅਕਤੀ ਰਾਹੀਂ ਅਭਿੰਨ ਸਰੂਪ ਵਿਚ ਪੇਸ਼ ਕੀਤੇ ਜਾਣ ਕਾਰਣ ਸੁੰਦਰ ਹੀ ਪ੍ਰਤੀਤ ਹੋਣ ਲਗਦੀ ਹੈ।' ਇਕ ਵਿਸ਼ੇਸ਼ ਅਨੁਭੂਤੀ ਕਾਵਿ ਵਿਚ ਦਾਖਲ ਹੋਣ ਤੇ ਸਿਰਜਣ ਪ੍ਰਕਿਰਿਆ ਵਿਚ ਕਿਵੇਂ ਸੁੰਦਰ ਹੋ ਜਾਂਦੀ ਹੈ, ਇਹੀ ਗੱਲ ਕੋਲਹਟਕਰ ਨੇ ਉਪਰੋਕਤ ਕਥਨ ਵਿਚ ਦੱਸੀ ਹੈ

ਆਪਣੇ ਸਮੀਖਿਅਕ ਲੇਖਾਂ ਵਿਚ ਕੋਲਹਟਕਰ ਨੇ ਪ੍ਰਤਿਭਾ ਦੀ ਨਵੀਨ ਵਸਤੂ-ਨਿਰਮਾਣ ਸਮਰੱਥਾ ਉਤੇ ਜ਼ੋਰ ਦਿਤਾ ਹੈ, ਇਸ ਕਰਕੇ ਉਹਨਾਂ ਦਾ ਸਾਹਿੱਤ ਦੀ ਵਖੋ ਵੱਖਰੀ ਪ੍ਰਕਾਰ ਦਾ ਪ੍ਰੰਪਰਾਇਕ ਲੀਹਾਂ ਅਤੇ ਸਾਹਿੱਤਕ ਸੰਪ੍ਰਦਾਵਾਂ ਦੀ ਤੇਜ਼ ਆਲੋਚਨਾ ਕਰਨਾ ਸੁਭਾਵਿਕ ਹੀ ਸੀ। 'ਕਲਪਣਾ ਤੇ ਪ੍ਰੰਪਰਾ ਦਾ ਪਰਦਾ ਪੈ ਜਾਣ ਕਰਕੇ ਉਹ ਇਕ ਹੀ ਲੀਹ ਤੇ ਚਲਣ ਲੱਗ ਜਾਂਦੀ ਹੈ, ਜਿਸ ਨਾਲ ਉਸਦੀ ਦ੍ਰਿਸ਼ਟੀ ਅਤੇ ਗਤੀ ਦੀ ਦਿਸ਼ਾ ਇਕ ਹੀ ਬਣੀ ਰਹਿੰਦੀ ਹੈ।' ਅਜਿਹੀ ਪ੍ਰੰਪਰਾ ਕਾਰਣ ਸਾਹਿਤਕ ਪ੍ਰਗਟਾਅ ਵਿਚ ਤੰਗਦਿਲੀ ਆਉਣ ਲੱਗ ਜਾਂਦੀ ਹੈ ਅਤੇ ਕੁਝ ਸਮੇਂ ਮਗਰੋਂ ਉਹ ਨਿਰਜੀਵ ਹੋ

ਜਾਂਦਾ ਹੈ, ਇਹ ਗੱਲ ਕੋਲਹਟਕਰ ਭਲੀ ਭਾਂਤ ਸਮਝਦੇ ਸਨ। ਉਹਨਾਂ ਨੇ ਸੁਤੰਤਰ ਪ੍ਰਤਿਭਾ ਦੇ ਇਹ ਦੋ ਲੱਛਣ ਦੱਸੇ ਹਨ—੧. ਪ੍ਰੰਪਰਾ ਪ੍ਰਤੀ ਤੇਜ਼ ਨਾਸਤਿਕਤਾ ਅਤੇ ੨. ਪਰਬਲ ਆਤਮ ਵਿਸ਼ਵਾਸ। ਸੱਚਾ ਪ੍ਰਤਿਭਾਸ਼ਾਲੀ ਵਿਅਕਤੀ ਪ੍ਰੰਪਰਾਵਾਂ ਦੀ ਸੀਮਾਂ ਦਾ ਵਿਰੋਧ ਕਰਕੇ ਮੌਲਿਕ ਕਰਤਾ ਹੈ ਅਤੇ ਸਾਹਿੱਤ ਵਿਚ ਵਾਧਾ ਕਰਦਾ ਹੈ। ਦੂਜੇ ਸਾਹਿਤਕਾਰ ਪੁਰਾਣੀਆਂ ਪ੍ਰੰਪਰਾਵਾਂ ਦੀ ਲੀਹ ਤੇ ਹੀ ਚਲਦੇ ਰਹਿੰਦੇ ਹਨ। ਭਰਪੂਰ ਕਲਾ ਵਿਚ ਉਹਨਾਂ ਨੂੰ ਬਹੁਤ ਅਵਿਸ਼ਵਾਸ ਸੀ। ਉਹ ਲਿਖਦੇ ਹਨ—ਪਰਤੰਤਰ ਰਾਜ ਵਾਂਗ ਹੀ, ਪਰਾਈ ਕਲਾ ਦਾ ਵੀ ਕੋਈ ਸਨਮਾਨ ਨਹੀਂ ਹੁੰਦਾ। ਅੰਗਰੇਜ਼ਾਂ ਵਲੋਂ ਪ੍ਰਗਟ, ਰੂਪਾਂਤ੍ਰਿਤ ਅਤੇ ਹੋਰ ਪੁਸਤਕਾਂ ਤੇ ਆਧਾਰਿਤ ਰਚਨਾਵਾਂ ਦੀ ਜਿਹੜੀ ਭਰਮਾਰ ਦਿਖਾਈ ਦਿੰਦੀ ਹੈ, ਉਸ ਨੂੰ ਧਿਆਨ ਵਿਚ ਰਖਕੇ, ਉਹ ਲਿਖਦੇ ਹਨ—

'ਸਾਡਾ ਲੇਖਕ ਤਾਂ ਬਹੁਤ ਬੜੀ ਮਾਤਰਾ ਵਿਚ ਹੋਰ ਲੇਖਕਾਂ ਦਾ ਪ੍ਰਤਿਬਿੰਬ ਪਾਲਕ 'ਸ਼ੀਸ਼ ਮਹਿਲ' ਹੀ ਬਣ ਬੈਠਿਆ ਹੈ।" ਜਿਵੇਂ ਸਾਧਾਰਨ ਲੇਖਕ ਇਕ ਨਿਸ਼ਚਿਤ ਲੀਹ ਦਾ ਅਨੁਸਰਣ ਕਰਦਾ ਹੈ, ਉਸੇ ਤਰ੍ਹਾਂ ਸਮੀਖਿਅਕ ਵੀ ਪ੍ਰੰਪਰਾਇਕ ਮੁਲਾਂ ਦੀ ਕਸਵੱਟੀ ਤੇ ਹੀ ਨਵੇਂ ਸਾਹਿਤ ਨੂੰ ਕੱਸਣ ਦਾ ਯਤਨ ਕਰਿਆ ਕਰਦਾ ਹੈ। ਨਵੀਨਤਾ ਪ੍ਰਤੀ ਅਸਹਿਣਸ਼ੀਲਤਾ ਕਰਕੇ ਅਤੇ ਪਿਛਲੇ ਵਿਚਾਰਾਂ ਕਰਕੇ ਸਾਹਿੱਤ ਦੇ ਪ੍ਰੀਵਰਤਣ ਭੇਦ ਨੂੰ ਵੀ ਸਮਝ ਨਹੀਂ ਸਕਦਾ। 'ਸੁਤੰਤਰ ਪੁਸਤਕ ਰਚਨਾ ਤੇ ਥੋੜੀ ਜਿਹੀ ਸਮਰੱਥਾ ਦੇ ਹੁੰਦਿਆਂ ਵੀ ਆਪਣਾ ਮੱਤ ਦੇਣ ਦੀ ਬੇਵਕੂਫੀ ਕਰਨ ਵਾਲੇ' ਸਮੀਖਿਆਕਾਰਾਂ ਦੇ ਵਿਸ਼ੇ ਵਿਚ ਲਿਖਦੇ ਹੋਏ ਉਹਨਾਂ ਦੀ ਲੇਖਣੀ ਵਧੇਰੇ ਤੇਜ਼ ਹੋ ਗਈ ਹੈ। ਉਹ ਲਿਖਦੇ ਹਨ—"ਕਲਪਣਾ ਦੀ ਜਿਹੜੀ ਨਵੀਨਤਾ, ਰਸੀਏ ਵਿਅਕਤੀਆਂ ਦੀ ਰਚਨਾ ਵਿਚ ਅਸਚਰਜਤਾ ਅਤੇ ਅਨੰਦ ਭਰ ਦਿੰਦੀ ਹੈ, ਉਸਨੂੰ ਵੇਖਕੇ ਇਹਨਾਂ ਬੁਧੀਹੀਣ ਪੁਰਖਾਂ ਦੀਆਂ ਤਿਊੜੀਆਂ ਚੜ੍ਹ ਜਾਂਦੀਆਂ ਹਨ। ਜ਼ਮੀਨ ਤੇ ਰੇਂਗ ਕੇ ਚਲਣ ਵਾਲੇ ਇਹ ਕੀੜੇ ਗਰੁੜ ਦੀ ਉਚੀ ਉਡਾਣ ਨੂੰ ਕੀ ਜਾਣਨ ?" ਉਹ ਆਪ ਪ੍ਰੰਪਰਾ-ਵਿਰੋਧੀ ਸਨ; ਇਸ ਕਰਕੇ, ਉਹਨਾਂ ਨੂੰ ਪ੍ਰੰਪਰਾਵਾਦੀ ਲੇਖਕਾਂ ਦਾ ਵਿਰੋਧ ਝਲਣਾ ਪਿਆ। ਇਸ ਕਰਕੇ ਵਸਤੁ-ਸਥਿਤੀ ਤੇ ਚਾਨਣਾ ਪਾਉਂਦਿਆਂ ਉਹਨਾਂ ਦੇ ਲੇਖਾਂ ਵਿਚ ਤੇਜ਼ੀ ਦਾ ਆਉਣਾ ਸੁਭਾਵਿਕ ਹੀ ਸੀ।

ਚਰਿੱਤ੍ਰ-ਲਿਖਤ ਵਿਚ ਉਹਨਾਂ ਜਿਹੜੀ ਭੂਮਿਕਾ ਅਪਨਾਈ ਹੈ, ਉਸਨੂੰ ਵੇਖਣ ਨਾਲ ਸਪੱਸ਼ਟ ਪ੍ਰਤੀਤ ਹੁੰਦਾ ਹੈ, ਕਿ ਉਹਨਾਂ ਦੀ ਬਿਰਤੀ ਕਿੰਨੀ ਆਧੁਨਿਕ ਸੀ ਅਤੇ ਉਹਨਾਂ ਦੇ ਵਿਚਾਰ ਕਿੰਨੇ ਪ੍ਰਗਤੀਸ਼ੀਲ। "ਕਿਰਲੋਸਕਰ ਯਾਂਚੇ" ਚਰਿੱਤ੍ਰ ਨਾਂ ਦੇ ਸਮੀਖਿਆਤਮਿਕ ਲੇਖਾਂ ਵਿਚ ਅੱਨਾ ਸਾਹਿਬ, ਕਿਰਲੋਸਕਰ ਦੀ ਵਿਸ਼ਈ ਬਿਰਤੀ ਦਾ ਨਿਰਸੰਕੋਚ ਤੌਰ ਤੇ ਵਰਣਨ ਕਰਕੇ, ਉਹਨਾਂ ਨੇ ਚਰਿੱਤ੍ਰ-ਰਚਨਾ ਸਬੰਧੀ ਸਾਰੀਆਂ ਪ੍ਰਥਾਂਵਾਂ ਤੋੜ ਦਿਤੀਆਂ। ਪਰ ਉਹਨਾਂ ਦੇ ਇਸ ਵਰਣਨ ਦਾ ਉਦੇਸ਼ ਕੇਵਲ ਇਹੀ ਨਹੀਂ ਹੈ ਕਿ ਚਰਿੱਤ੍ਰ-ਨਾਇਕ ਦੀਆਂ ਸਾਰੀਆਂ ਸੱਚੀਆਂ ਗੱਲਾਂ ਸਾਹਮਣੇ ਆ ਜਾਣ। ਉਹਨਾਂ ਨੂੰ ਜਾਪਿਆ, ਕਿ ਕਿਰਲੋਸਕਰ ਦੀ ਬਿਰਤੀ ਦਾ ਪ੍ਰਭਾਵ, ਉਹਨਾਂ ਦੀਆਂ ਸਾਹਿੱਤਕ ਰਚਨਾਵਾਂ ਤੇ ਵੀ ਪਿਆ ਹੈ ਅਤੇ ਕੇਵਲ

ਇਸ ਪ੍ਰਭਾਵ ਵਲ ਲੋਕਾਂ ਦਾ ਧਿਆਨ ਖਿਚਣਾ ਹੀ ਉਹਨਾਂ ਦੇ ਇਸ ਵਰਣਨ ਦਾ ਮੁਖ ਮੰਤਵ ਸੀ। ਕੋਲ੍ਹਟਕਰ ਕਹਿੰਦੇ ਹਨ—"ਉਪਰੋਕਤ ਵਰਣਨ ਦਾ ਮਹੱਤਵ ਇਸ ਲਈ ਹੈ, ਕਿ ਉਸ ਤੋਂ ਅੰਨਾ ਸਾਹਿਬ ਦੇ ਵਿਸ਼ਈ ਸੁਭਾਅ ਦਾ ਪਤਾ ਲਗਦਾ ਹੈ। ਇਸੇ ਸੁਭਾਅ ਕਰਕੇ ਉਹ ਸਫਲਤਾ ਨਾਲ ਸ਼ਿੰਗਾਰ ਰਸ ਦੇ ਦ੍ਰਿਸ਼ ਪੇਸ਼ ਕਰ ਸਕੇ। ਉਸਦਾ 'ਰਾਮ ਰਾਜਜ ਵਿਯੋਗ' ਨਾਂ ਦਾ ਨਾਟਕ, 'ਸੌਭਦ੍ਰ' ਦੇ ਸਾਹਮਣੇ ਬਹੁਤ ਹੀ ਨੀਰਸ ਹੈ। ਇਸ ਦਾ ਸਿਰਫ ਇਹੀ ਕਾਰਣ ਸੀ ਕਿ ਇਸ ਨਾਟਕ ਦੇ ਪਲਾਟ ਵਿਚ ਉਹਨਾਂ ਦੇ ਪਿਆਰੇ ਰਸ ਲਈ ਕੋਈ ਗੁੰਜਾਇਸ਼ ਹੀ ਨਹੀਂ ਰਹੀ।" ਠੋਸ ਸੱਚਾਈ ਨੂੰ ਪੇਸ਼ ਕਰਨ ਵਿਚ ਮਰਾਠੀ ਚਰਿਤ੍ਰ-ਸਾਹਿੱਤ ਅੱਜ ਵੀ ਕਾਫੀ ਅੱਗੇ ਹੈ। ਅਜਿਹੀ ਅਵਸਥਾ ਵਿਚ ਅੱਜ ਤੋਂ ਕੋਈ ੬੫ ਵਰ੍ਹੇ ਪਹਿਲਾਂ ਲੇਖਕ ਦੇ ਵਿਅਕਤੀਗਤ ਜੀਵਨ ਅਤੇ ਉਸ ਦੀਆਂ ਰਚਨਾਂਵਾਂ ਦੇ ਪ੍ਰਸਪਰ ਸਬੰਧਾਂ ਦਾ ਮਨੋ-ਵਿਗਿਆਨਕ ਆਧਾਰ ਤੇ ਕੀਤਾ ਗਿਆ ਸੂਖਮ ਵਿਵੇਚਨ ਅਸਚਰਜਮਈ ਢੰਗ ਨਾਲ ਕ੍ਰਾਂਤੀਕਾਰੀ ਜਾਪਦਾ ਹੈ। ਕੋਲਹਟਕਰ ਦਾ ਕਹਿਣਾ ਹੈ, ਕਿ "ਉਹ ਹਰ ਇਕ ਆਦਮੀ ਚਰਿੱਤ੍ਰ-ਨਾਇਕ ਬਣਨ ਦਾ ਹੱਕਦਾਰ ਹੈ, ਜਿਹੜਾ ਸਮਾਜ ਉਤੇ ਸਪੱਸ਼ਟ ਅਤੇ ਸਥਾਈ ਪ੍ਰਭਾਵ ਪਾ ਸਕੇ।" ਕੋਲਰਟਕਰ ਨੇ ਇਹ ਦੱਸਣਾ ਚਾਹਿਆ ਹੈ, ਕਿ ਕਿਸੇ ਵੀ ਬੰਦੇ ਦੇ ਕਾਰਜਾਂ ਨੂੰ ਉਸੇ ਰੂਪ ਵਿਚ ਸਮਝਣ ਲਈ, ਉਸ ਦੇ ਨਿਜੀ ਜੀਵਨ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ।

ਜਿਸ ਸਾਹਿੱਤਕ ਰੂਪ ਦੀ ਸਮੀਖਿਆ ਕਰਨੀ ਹੁੰਦੀ ਹੈ, ਪਹਿਲਾਂ ਉਸ ਬਾਰੇ ਸਿਧਾਂਤਿਕ ਚਰਚਾ ਕਰਕੇ ਉਹ ਕੁਝ ਨਿਸ਼ਚਿਤ ਨੇਮਾਂ ਤੇ ਪੁਜਦੇ ਅਤੇ ਉਹਨਾਂ ਨੇਮਾਂ ਦੇ ਆਧਾਰ ਤੇ ਇਕ ਹਿਸਾਬ ਵਾਂਗ ਨਿਰਪੱਖ ਭਾਵ ਨਾਲ ਕਲਾਕਿਰਤ ਦਾ ਮੂਲਿਆਂਕਣ ਕਰਿਆ ਕਰਦੇ ਸਨ। ਕੋਲਹਟਕਰ ਦੇ ਲੇਖ ਸੰਗ੍ਰਹਿ ਵਿਚ ਜਿਹੜਾ ਸਮੀਖਿਅਕ ਰੂਪ ਸਾਹਮਣੇ ਆ ਜਾਂਦਾ ਹੈ, ਉਸ ਤੇ ਲਿਖਦਿਆਂ ਵ. ਲ. ਕੁਲਕਰਣੀ ਕਹਿੰਦੇ ਹਨ—"ਇਸ ਲੇਖ-ਸੰਗ੍ਰਹਿ ਨੂੰ ਪੜ੍ਹਨ ਮਗਰੋਂ ਜਿਹੜੇ ਕੋਲਹਟਕਰ ਸਾਡੀਆਂ ਅਖਾਂ ਸਾਹਮਣੇ ਆਉਂਦੇ ਹਨ, ਉਹ ਅਜਿਹੇ ਹਨ—ਉਹ ਬਹੁਤ ਹੀ ਜ਼ਬਤ-ਪ੍ਰੇਮੀ ਹਨ। ਹਰ ਕੰਮ ਠੀਕ ਢੰਗ ਨਾਲ ਕਰਨਾ ਚਾਹੁੰਦੇ ਹਨ। ਉਹਨਾਂ ਦਾ ਮਨ ਗਣਿਤ ਵਿਗਿਆਨੀ ਦਾ ਹੈ। ਹਰ ਕੰਮ ਨਾਪਿਆ ਤੋਲਿਆ ਹੋਇਆ ਕਰਦੇ ਹਨ। ਉਹਨਾਂ ਦੀ ਰਚਨਾ ਵਿਚ ਇਕ ਲੜੀ ਰਹਿੰਦੀ ਹੈ। ਬਾਰੀਕ ਤੋਂ ਬਾਰੀਕ ਗੱਲਾਂ ਦਾ ਪੂਰਾ ਧਿਆਨ ਰਖਦੇ ਹਨ ਅਤੇ ਉਹਨਾਂ ਦੇ ਗੁਣਾਂ-ਔਗਣਾਂ ਨੂੰ ਲਿਖ ਲੈਂਦੇ ਹਨ। ਵਿਆਖਿਆ ਅਤੇ ਵਰਗੀਕਰਣ ਰਾਹੀਂ ਵਧ ਤੋਂ ਵੱਧ ਨਿਰਦੋਸ਼ ਚੀਜ਼ ਨੂੰ ਲੱਭ ਲੈਣਾ ਉਹਨਾਂ ਦਾ ਸੁਭਾਅ ਹੈ।" 'ਕੋਲਹਟਕਰ ਲੇਖ ਸੰਗ੍ਰਹਿ' ਦੇ ਮੁਖ ਬੰਦ ਵਿਚ ਨ. ਚਿੰ. ਕੇਲਕਰ ਲਿਖਦੇ ਹਨ—' ਜਦੋਂ ਕੋਲਹਟਕਰ ਪੂਰੇ ਵਿਸਥਾਰ ਨਾਲ ਔਗਣ ਵੇਖਣ ਲਗਦੇ ਸਨ, ਤਾਂ ਉਹਨਾਂ ਦੀ ਨਿਗਾਹ ਤੋਂ ਮਾਤ੍ਰਾ ਅਤੇ ਅਨੁਸੂਰ ਤਕ ਵੀ ਬਚ ਨਹੀਂ ਸੀ ਸਕਦੇ। ਵਿਆਕਰਣ ਦੀਆਂ ਗਲਤੀਆਂ ਦਾ ਤਾਂ ਕਹਿਣਾ ਹੀ ਕੀ ? ਅਨੁਮਾਨ ਪ੍ਰਕਿਰਿਆ ਦੇ ਅਜੋੜਾਂ ਅਤੇ ਕਲਾ-ਅੰਗਾਂ ਦੀਆਂ ਭੁੱਲਾਂ ਬਾਰੇ ਤਾਂ ਪੁਛੋ ਹੀ ਨਾ। ਵਿਸਥਾਰ ਵਿਚ ਜਾਣ ਦਾ ਨਿਸ਼ਚਾ ਕਰਕੇ, ਉਹ ਉਹਦੇ ਵਿਚ ਇੰਨੇ ਡੂੰਘੇ ਚਲੇ ਜਾਂਦੇ ਸਨ, ਕਿ ਸਕੂਲ ਦੇ ਮਾਸਟਰਾਂ ਦੀਆਂ ਅਭਿਆਸ ਪੁਸਤਕਾਂ ਦੀ ਜਾਂਚ ਨੂੰ ਵੀ ਮਾਤ ਪਾ ਦਿੰਦੇ ਸਨ।" ਉਹ ਕਲਾ ਦੀ ਦੋਸ਼ਹੀਣਤਾ ਉਤੇ ਬਹੁਤ

ਹੀ ਜ਼ੋਰ ਦਿੰਦੇ ਸਨ। ਅਤੇ ਇਸੇ ਕਰਕੇ ਉਹ ਵਿਸਥਾਰ ਵਿਚ ਜਾ ਕੇ ਸਮੀਖਿਆ ਕਰਦੇ ਹੁੰਦੇ ਸਨ।

ਕੋਲਹਟਕਰ ਦੀ ਸਮੀਖਿਆ ਵਿਚ ਜੋ ਮਨੋਰੰਜਨ ਹੈ, ਉਹ ਵਧੇਰੇ ਕਰਕੇ ਵਿਅੰਗ ਅਤੇ ਰੱਹਸ-ਸ਼ਬਦਾਵਲੀ ਵਿਚ ਪ੍ਰਗਟ ਹੁੰਦਾ ਸੀ। ਨੁਕਸਦਾਰ ਸਿਧਾਂਤ, ਅਜੋੜ ਤਰਕ, ਭੁਲੇਖਾ-ਪਾਊ ਵਰਣਨ ਆਦਿਕ ਦੇ ਵਿਵੇਚਨ ਵਿਚ ਉਹਨਾਂ ਦੀ ਰਚਨਾ ਬਹੁਤ ਤਿਖੀ ਹੋ ਜਾਂਦੀ ਸੀ। ਉਹਨਾਂ ਦੀ ਸਮੀਖਿਆ-ਪ੍ਰਥਾ ਦਾ ਸ਼ਾਨਦਾਰ ਵਿਵੇਚਨ ਨ, ਚਿੰ. ਕੇਲਕਰ ਨੇ ਕੋਲਹਟਕਰ ਦੀ 'ਕੋਲਹਟਕਰ ਲੇਖ ਸੰਗ੍ਰਹਿ' ਨਾਂ ਦੀ ਪੁਸਤਕ ਵਿਚ ਵਿਸ਼ਾਲ ਜਾਣਕਾਰੀ ਵਿਚ ਕੀਤਾ ਹੈ। ਉਸ ਵਿਚ ਉਹ ਲਿਖਦੇ ਹਨ—"ਉਹਨਾਂ ਦੇ ਲੇਖਾਂ ਵਿਚ ਤੇਜ਼ ਰਹੱਸ-ਸ਼ਬਦਾਵਲੀ ਹਾਸਰਸ ਹੈ, ਜਿਸਦਾ ਉਦੇਸ਼ ਆਲੋਚਨਾ-ਅਧੀਨ ਗ੍ਰੰਥ ਪੂਰੀ ਤਰ੍ਹਾਂ ਘੋਖਣਾ ਹੁੰਦਾ ਸੀ। ਜਦੋਂ ਉਹ ਆਲੋਚਨਾ ਆਰੰਭ ਕਰਦੇ ਹਨ, ਤਾਂ ਪਾਠਕ ਨੂੰ ਕਿਸੇ ਸ਼ਿਕਾਰੀ ਵਲੋਂ ਕੀਤੇ ਜਾਣ ਵਾਲੇ ਸ਼ਿਕਾਰ ਵਾਂਗ ਪ੍ਰਤੀਤ ਹੁੰਦਾ ਹੈ, ਲੇਖ ਪ੍ਰਤੀਤ ਨਹੀਂ ਹੁੰਦਾ। ਉਹਨਾਂ ਦੀ ਆਲੋਚਨਾ ਨੂੰ ਪੜ੍ਹਨ ਨਾਲ ਲਗਦਾ ਹੈ, ਕਿ ਕਰਤਾ ਦੀ ਗ਼ੈਰਹਾਜ਼ਰੀ ਵਿਚ ਉਸਦਾ ਪੁਸਤਕ ਰੂਪੀ ਸ਼ਿਕਾਰ ਕੋਲਹਟਕਰ ਦੇ ਹੱਥ ਇਕੱਲਾ ਹੀ ਆ ਲਗਿਆ ਹੈ ਅਤੇ ਉਹ ਹਰ ਪ੍ਰਕਾਰ ਦੇ ਬੌਧਿਕ ਘਾਤਕ ਹਥਿਆਰਾਂ ਨਾਲ ਉਸ ਉਤੇ ਟੁਟ ਪਏ ਹਨ। ਉਹ ਉਸ ਤਰਕ-ਯੁਧ ਵਿਚ ਮਰਨ ਮਾਰਨ ਉਤੇ ਉਤਾਰੂ ਹੋ ਜਾਂਦੇ ਹਨ।" ਕੇਲਕਰ ਦਾ ਇਹ ਕਥਨ ਸ਼ਾਨਦਾਰ ਹੁੰਦੇ ਹੋਇਆਂ ਵੀ ਸਾਰਾ ਸੱਚ ਨਹੀਂ ਹੈ। ਕੋਲਹਟਕਰ ਦੇ ਸਾਰੇ ਲੇਖਾਂ ਨੂੰ ਸਾਹਮਣੇ ਰਖਣ ਤੇ ਇਹ ਪਤਾ ਲਗਦਾ ਹੈ ਕਿ ਉਹ ਕੇਵਲ ਉਹਨਾਂ ਹੀ ਰਚਨਾਵਾਂ ਦੀ ਸਖਤ ਆਲੋਚਨਾ ਕਰਦੇ ਹਨ, ਜਿਹੜੇ ਆਪਣੀਆਂ ਪੁਸਤਕਾਂ ਵਿਚ ਪ੍ਰੰਪਰਾਇਕ ਗੱਲਾਂ ਦਾ ਸਮਰਥਨ ਕਰਨ ਦਾ ਯਤਨ ਕਰਦੇ ਹਨ। ਫੇਰ ਉਹ ਇਸ ਆਲੋਚਨਾ ਵਿਚ ਉਚਿੱਤਤਾ ਦੀ ਸੀਮਾਂ ਲੰਘ ਜਾਂਦੇ ਹਨ। ਇਸ ਦੇ ਉਦਾਹਰਣ ਦਿੰਦਿਆਂ ਕੇਲਕਰ ਲਿਖਦੇ ਹਨ—" 'ਪਣ ਲਕਸ਼ਾਂਤ ਕੋਣ ਘੇਤੋ' ਉਤੇ ਉਹ ੨੩ ਸਫੇ ਦਾ ਲੇਖ ਲਿਖ ਗਏ ਹਨ। ਉਸ ਵਿਚ ਅਸਲੀ ਪੁਸਤਕ ਦੇ ਗੁਣਾਂ-ਔਗਣਾਂ ਦਾ ਵਿਵੇਚਨ ਡੇਢ ਸਫ਼ਾ ਵੀ ਨਹੀਂ ਹੈ। ਬਾਕੀ ਦੇ ੨੨ ਸਫਿਆਂ ਵਿਚ ਸਮਾਜਕ-ਸੁਧਾਰਾਂ ਤੇ ਕੀਤੇ ਜਾਣ ਵਾਲੇ ਦੋਸ਼ਾਂ ਦਾ ਖੰਡਨ ਅਤੇ ਵਾਲ ਕਟਾਈ ਤੇ ਪ੍ਰਤੀਬੰਧ ਦਾ ਮੰਡਨ ਹੈ। ਇਹ ਵਿਵੇਚਨ ਸ਼ਕਤੀ ਪੂਰਬਕ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਜੇ ਉਹ ਇਕ ਸੁਤੰਤਰ ਲੇਖ ਦੇ ਰੂਪ ਵਿਚ ਹੁੰਦਾ ਤਾਂ ਵਧੇਰੇ ਚੰਗਾ ਸੀ।" 'ਸਦਯ: ਸਥਿਤੀ ਪ੍ਰੇਰਿਤ ਦੋਨ ਨਵੀਂ ਨਾਟਕੇ' ਨਾਂ ਦਾ ਲੇਖ ੨੯ ਸਫਿਆਂ ਦਾ ਹੈ। ਪਹਿਲੇ ੨੦ ਸਫਿਆਂ ਵਿਚ ਸਮਾਜ ਸ਼ਾਸਤਰ, ਨੀਤੀ ਸ਼ਾਸਤਰ ਆਦਿ ਦਾ ਵਿਵੇਚਨ ਹੈ। 'ਸੰਗੀਤ ਪ੍ਰੇਮਾ ਭਾਸ' ਨਾਂ ਦੇ ਨਾਟਕ ਦੀ ਉਹਨਾਂ ਨੇ ਜਿਹੜੀ ਲੰਬੀ-ਚੌੜੀ ਆਲੋਚਨਾ ਲਿਖੀ ਹੈ, ਉਸ ਦੇ ਅਧੇ ਤੋਂ ਵਧ ਸਫਿਆਂ ਵਿਚ ਅਨੇਕ ਵਿਧੀਆਂ ਰਾਹੀਂ ਨਿਰਵਿਵਾਦ-ਪ੍ਰਥਾਂਵਾਂ ਦੀ ਨਿਰਾਰਥਕਤਾ ਅਤੇ ਸਮਾਜ ਸੁਧਾਰ ਦੀ ਸਾਰਥਕਤਾ ਸਿੱਧ ਕੀਤੀ ਗਈ ਹੈ। ਉਹਨਾਂ ਨੇ ਆਪਣਾ ਉਦਾਰਤਾਵਾਦੀ ਸਮਾਜਿਕ ਤੱਤ ਗਿਆਨ ਇਹਨਾਂ ਸਾਹਿੱਤ-ਸਮੀਖਿਅਕ ਲੇਖਾਂ ਵਿਚ ਵਿਸਥਾਰ ਸਹਿਤ ਪੇਸ਼ ਕੀਤਾ ਹੈ। ਇਸ ਦੇ ਕਈ ਕਾਰਨ ਹਨ। ਉਹ ਸਮਝਦੇ ਸਨ ਕਿ ਸੂਖਮ ਕਲਾ ਦਾ ਜਨ ਮੱਤ ਉਤੇ ਚੋਖਾ ਅਸਰ ਪੈਂਦਾ ਹੈ।

'ਸੰਗੀਤ-ਪ੍ਰੇਮਾਭਾਸ' ਵਰਗੇ ਨਾਟਕਾਂ ਰਾਹੀਂ ਸਮਾਜ ਲਈ ਹਾਨੀਕਾਰਕ ਪ੍ਰੰਪਰਾਵਾਂ ਦਾ ਸਮਰਥਣ ਕੀਤਾ ਜਾ ਰਿਹਾ ਸੀ। ਅਜਿਹੀ ਹਾਲਤ ਵਿਚ ਕੋਲਹਟਕਰ ਚੁਪ ਕਿਵੇਂ ਰਹਿ ਸਕਦੇ ਸਨ।

ਪੁਸਤਕ-ਆਲੋਚਨਾ ਕਰਦਿਆਂ ਇਕ ਆਲੋਚਕ ਦੇ ਤੌਰ ਤੇ ਕੋਲਹਟਕਰ ਨੇ ਸਮੇਂ ਸਮੇਂ ਜਿਹੜਾ ਭਿੰਨ ਅਤੇ ਪੂਰਕ ਸਰੂਪ ਦਾ ਕੰਮ ਕੀਤਾ ਹੈ, ਉਸਦਾ ਮਨੋਰੰਜਕ ਅਤੇ ਸ਼ਾਨਦਾਰ ਦਰਸ਼ਨ ਨ. ਚਿੰ. ਕੇਲਕਰ ਨੇ ਕਰਾਇਆ ਹੈ। ਉਹ ਕਹਿੰਦੇ ਹਨ, ਕਿ ਉਹਨਾਂ ਨੇ ਆਪਣੇ ਲੇਖਾਂ ਵਿਚ ਪੁਲਿਸ, ਜੱਜ ਅਤੇ ਕਾਨੂੰਨ-ਨਿਰਮਾਤਾ ਤੇਹਾਂ ਦਾ ਕੰਮ ਕੀਤਾ ਹੈ। ਕੋਲਹਟਕਰ ਨੇ ਆਲੋਚਕ ਦੇ ਨਾਤੇ ਪੁਲਿਸ ਦਾ ਕੰਮ ਇਹ ਕੀਤਾ ਕਿ ਸਾਹਿੱਤ ਦੇ ਰਾਜਮਾਰਗ ਤੇ ਸੰਚਾਰ ਕਰਨ ਵਾਲੇ ਲੋਕ ਜਦੋਂ ਸਵੈਇੱਛਤ ਵਿਚਰਣ ਕਰਨਾ ਚਾਹੁੰਦੇ ਸਨ, ਤਾਂ ਉਹਨਾ ਨੂੰ ਸੱਜੇ ਅਤੇ ਖੱਬੇ ਪਾਸੇ ਚਲਣ ਲਈ ਕਿਹਾ...ਜੱਜ ਦਾ ਕੰਮ ਨਿਰਪੱਖ ਹੋ ਕੇ, ਔਗੁਣਾਂ ਗਣਾਂ ਨੂੰ ਚੁਣ ਕੇ ਪ੍ਰੀਖਿਆ ਕਰਨਾ ਹੁੰਦਾ ਹੈ। ਉਹਨਾਂ ਨੇ ਇਹ ਕੰਮ ਬੜੀ ਲਗਨ ਨਾਲ ਕੀਤਾ। ਕਾਨੂੰਨ ਨਿਰਮਾਤਾ ਦੇ ਰੂਪ ਵਿਚ ਸਾਹਿੱਤ ਅਤੇ ਸੂਖਮ ਕਲਾਵਾਂ ਬਾਰੇ ਉਹਨਾਂ ਨੇ ਇਕ ਵਿਸ਼ਾਲ ਨੇਮਾਂਵਲੀ ਤਿਆਰ ਕੀਤੀ। ਇਹ ਤਿੰਨੇ ਕੰਮ ਉਹੀ ਕਰ ਸਕਤਾ ਹੈ, ਜਿਸ ਨੂੰ ਸਾਹਿਤ ਦਾ ਚੰਗਾ ਗਿਆਨ ਹੋਵੇ ਅਤੇ ਸਮਾਜਿਕ ਹਿੱਤਾਂ ਪ੍ਰਤੀ ਗਹਿਰੀ ਦਿਲਚਸਪੀ ਹੋਵੇ। ਔਗਣ ਪ੍ਰਗਟਾਉਂਦਿਆਂ, ਉਹਨਾਂ ਦੀ ਆਲੋਚਨਾ ਵਿਚ ਵਿਅਕਤੀਗਤ ਮਜ਼ਾਕ ਨਹੀਂ ਆਉਂਦਾ। ਉਹਨਾਂ ਦੀਆਂ ਸਖਤ ਆਲੋਚਨਾਵਾਂ ਨੇ ਕਈਆਂ ਦੇ ਦਿਲ ਦੁਖਾਏ ਹਨ, ਇਸ ਵਿਚ ਕੋਈ ਸ਼ੱਕ ਨਹੀਂ। ਤਾਂ ਭੀ ਉਹਨਾਂ ਦੀ ਆਲੋਚਨਾ ਦਾ ਨਿਸ਼ਾਨਾ ਵਿਅਕਤੀ ਨਾ ਹੋ ਕੇ ਉਸ ਦੀ ਭ੍ਰਾਂਤ ਵਿਚਾਰਧਾਰਾ ਹੀ ਰਹੀ ਹੈ। ਉਹਨਾਂ ਦੀ ਆਲੋਚਨਾ ਸਦਾ ਸੰਜਮ ਅਤੇ ਸਦਭਾਵਨਾ ਨਾਲ ਭਰੀ ਰਹੀ ਹੈ।

ਪੁਸਤਕਾਂ ਦੀ ਸਮੀਖਿਆ ਤੋਂ ਬਿਨਾਂ ਮਰਾਠੀ ਸਾਹਿਤ ਦੀਆਂ ਭਿੰਨ ਭਿੰਨ ਸ਼ਰੇਣੀਆਂ ਦੀਆਂ ਲਹਿਰਾਂ ਦੀ ਇਤਿਹਾਸਕ ਆਲੋਚਨਾ ਕੀਤੀ ਹੈ ਅਤੇ ਉਹਨਾਂ ਦਾ ਸਾਹਿਤਕ ਮੂਲ ਵੀ ਅੰਕਿਤ ਕੀਤਾ ਹੈ। ਇਸ ਖੇਤਰ ਵਿਚ ਕੋਲਹਟਕਰ ਨੇ ਬਹੁਤ ਹੀ ਯਾਦਗਾਰੀ ਕੰਮ ਕੀਤਾ ਹੈ। ਡਾ: ਅ. ਨਾ. ਦੇਸ਼ਪਾਂਡੇ ਦਾ ਇਹ ਕਹਿਣਾ ਪੂਰੀ ਤਰ੍ਹਾਂ ਸੱਚ ਹੈ—'ਮਰਾਠੀ ਬਾਂਗ ਮਧ ਵ ਸਵਾਵਲੰਬਨ' ਨਾਂ ਦੇ ਲੇਖ ਮਰਾਠੀ ਸਾਹਿਤ ਚਿੰਤਨ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਹਨ। ਮਰਾਠੀ ਸਾਹਿਤ ਦੇ ਗੰਭੀਰ ਚਿੰਤਨ ਦੇ ਨਾਲ ਨਾਲ ਉਹਨਾਂ ਦੇ ਸਾਹਿਤ ਦੇ ਇਤਿਹਾਸ ਸਬੰਧੀ ਕਈ ਮੌਲਿਕ ਸਿਧਾਂਤਾਂ ਦਾ ਵੀ ਵਿਵੇਚਨ ਕੀਤਾ ਹੈ। ਮਰਾਠੀ ਨਾਵਲ ਦੇ ਅਰੰਭਿਕ ਦਿਨਾਂ ਵਿਚ ਅਚੰਭੇ ਨੂੰ ਪ੍ਰਮੁਖਤਾ ਦਿਤੀ ਜਾਂਦੀ ਸੀ। ਉਸਦਾ ਸ਼ਾਨਦਾਰ ਵਰਣਨ ਕਰਦਿਆ ਉਹਨਾਂ ਨੇ "ਮਰਾਠੀ ਕਰਾਵਾਂਗਮਯ' (ਕਹਾਣੀ ਕਲਾ) ਨਾਂ ਦੇ ਲੇਖ ਵਿਚ ਲਿਖਿਆ ਹੈ—"ਮਰਾਠੀ ਨਾਵਲ-ਸਾਹਿਤ ਦਾ ਆਰੰਭ ਉਹ ਸੀ ਜਦੋਂ ਅੰਗਰੇਜ਼ ਸਰਕਾਰ ਨੇ ਈਸਟ ਇੰਡੀਆ ਕੰਪਨੀ ਦਾ ਰਾਜ ਪ੍ਰਬੰਧ ਆਪਣੇ ਹੱਥ ਲਿਆ। ਰੋਜ਼ਾਨਾ ਜੀਵਨ ਵਿਚ ਕੋਈ ਵੀ ਅਜਿਹੀ ਚੀਜ਼ ਬਾਕੀ ਨਹੀਂ ਸੀ, ਜਿਹੜੀ ਅਜੀਬ ਪ੍ਰਤੀਤ ਹੁੰਦੀ। ਪ੍ਰਾਕਰਮ ਦੇ ਬਲ ਤੇ ਪਿਆਦਿਆਂ ਦੇ ਫਰਜ਼ੀ ਬਣਨ ਦਾ ਸਮਾਂ ਲੰਘ ਚੁਕਾ ਸੀ। ਕਮਜ਼ੋਰ ਸ਼ਾਂਤੀ

ਦਾ ਕਾਲ ਸ਼ੁਰੂ ਹੋ ਚੁਕਿਆ ਸੀ। ਮਰਾਠੀ ਜਨਤਾ ਦਾ ਜੀਵਨ ਉਹਨੀਂ ਦਿਨੀਂ ਸਿੱਧਾ ਸਾਦਾ ਅਤੇ ਵਿਲਾਸ ਵਿਰੋਧੀ ਸੀ। ਪਤੀ ਦਾ ਪਤਨੀ ਨੂੰ 'ਪ੍ਰੀਏ' ਕਹਿ ਕੇ ਬੁਲਾਉਣਾ ਸੁਪਨੇ ਵਿਚ ਵੀ ਸੰਭਵ ਨਹੀਂ ਸੀ। ਜੀਵਨ ਵਿਚ ਚਮਤਕਾਰ ਵੀ ਘਾਟ ਕਰ ਕੇ ਸ਼ੁਰੂ ਦੇ ਮੌਲਿਕ ਨਾਵਲਾਂ ਵਿਚ ਕਲਪਣਾ ਦਾ ਬੋਲਬਾਲਾ ਸੀ।" ਕੋਲਹਟਕਰ ਕਹਿਣਾ ਇਹ ਚਾਹੁੰਦੇ ਹਨ, ਕਿ ਜੀਵਨ ਦੀ ਬੇਸੁਆਦੀ ਨੂੰ ਦੂਰ ਕਰਨ ਲਈ ਲੋਕਾਂ ਨੇ ਨਾਵਲਾਂ ਵਿਚ ਚਮਤਕਾਰ ਦਾ ਆਸਰਾ ਲਿਆ। ਇਥੇ ਉਹਨਾਂ ਨੇ ਸਮਾਜ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਤੇ ਵੀ ਚਾਨਣਾ ਪਾਇਆ ਹੈ। ਇਸੇ ਲੇਖ ਵਿਚ ਪੁਸਤਕਾਂ ਦੇ ਗੁਣਾਂ ਦੀ ਪਰੀਖਿਆ ਕਰਨ ਲਈ ਜਿਹੜੀਆਂ ਕਸਵੱਟੀਆਂ ਦੱਸੀਆਂ ਹਨ, ਉਹ ਹਨ: ੧. ਪਾਠਾਂਤਰ, ੨. ਦੇਸ਼ਾਂਤਰ ਜਾਂ ਭਾਸ਼ਾਂਤਰ, ਅਤੇ ੩. ਕਾਲਾਂਤਰ। ਪਾਠਾਂਤਰ ਦਾ ਮਤਲਬ ਹੈ 'ਪੁਸਤਕ ਨੂੰ ਇਕ ਵਾਰ ਪੜ੍ਹਨ ਮਗਰੋਂ ਉਹਨੂੰ ਦੂਜੀ ਵਾਰ ਪੜ੍ਹਨ ਦੀ ਇੱਛਾ।' ਭਾਸ਼ਾਂਤਰ ਜਾਂ ਦੇਸ਼ਾਂਤਰ ਦਾ ਭਾਵ ਹੈ ਕਿ ਪੁਸਤਕ ਦਾ ਅਨੁਵਾਦ ਹੋਵੇ ਅਤੇ ਇਹ ਦੂਜੇ ਦੇਸ਼ਾਂ ਵਿਚ ਵੀ ਲੋਕ ਪ੍ਰੀਏ ਹੋ ਜਾਵੇ। ਇਸੇ ਨੂੰ ਆਲੋ-ਚਕਾਂ ਦੀ ਭਾਸ਼ਾ ਵਿਚ 'ਕਲਾ ਦੀ ਵਿਸ਼ਵਾਤਮਿਕਤਾ' ਕਿਹਾ ਜਾਂਦਾ ਹੈ। ਕਾਲ ਦੀ ਕਸਵੱਟੀ ਨਿਸ਼ਚੇ ਤੋਂ ਉੱਤਮ ਕਸੌਟੀ ਹੈ। 'ਇਸ ਕਾਲ ਰੂਪੀ ਸੂਤ੍ਰਧਾਰ ਦੇ ਸਦੀਆਂ ਰੂਪੀ ਅਨੇਕ ਪਰਦੇ ਡਿੱਗਣ ਉਤੇ ਵੀ, ਜਿਨ੍ਹਾਂ ਦੀ ਪ੍ਰਤਿਭਾ ਉਹਨਾਂ ਵਿਚੋਂ ਪਹਿਲੇ ਵਾਂਗ ਉੱਜਲ ਦਿਖਾਈ ਦੇਵੇ, ਉਹਨਾਂ ਦੇ ਲਿਖੇ ਗਰੰਥ ਹੀ ਵਿਸ਼ਵ ਵਿਆਪੀ ਹੁੰਦੇ ਹਨ।' ਕੋਲਹਟਕਰ ਦਾ ਇਹ ਕਥਨ ਯਥਾਰਥਕ ਹੀ ਹੈ। ਮਰਾਠੀ ਨਾਵਲਾਂ ਦਾ ਲੇਖਾ ਜੋਖਾ ਕਰਦਿਆਂ, ਇਹਨਾਂ ਹੀ ਤਿੰਨ ਕਸੌਟੀਆਂ ਨੂੰ ਆਧਾਰ ਬਣਾ ਕੇ ਕੋਲਹਟਕਰ ਨੇ 'ਪਣ ਲਕਸਾਂਤ ਕੋਣ ਘੇਤੋ' ਨਾਵਲ ਦੀ ਸਮੀਖਿਆ ਕੀਤੀ ਹੈ। ਕੋਲਹਟਕਰ ਨੇ ਆਪਣੇ ਲੇਖਾਂ ਵਿਚ ਕਈ ਸਾਹਿਤਕਾਰਾਂ ਦੀ ਇਤਿਹਾਸ ਦ੍ਰਿਸ਼ਟੀ ਦਾ ਲੇਖਾ ਜੋਖਾ ਕੀਤਾ ਹੈ। ਇਹ ਗੱਲ ਉਹਨਾਂ ਦੀ ਕਿੱਤਾ-ਪੂਰਣਤਾ ਅਤੇ ਮੌਲਕ ਚਿੰਤਨ-ਪ੍ਰੀਅਤਾ ਨੂੰ ਪ੍ਰਗਟ ਕਰਦੀ ਹੈ।

ਸਾਹਿਤਕ ਰਚਨਾ ਪ੍ਰਣਾਲੀਆਂ ਦੀ ਆਲੋਚਨਾ ਵਾਂਗ ਉਹਨਾਂ ਨੇ ਮਹਾਰਾਸ਼ਟਰ ਦੀ ਸਮਾਜਿਕ ਅਤੇ ਸਭਿਆਚਾਰਕ ਪ੍ਰਣਾਲੀਆਂ ਦੀ ਵੀ ਆਲੋਚਨਾ ਕੀਤੀ ਹੈ। 'ਵਿਵਿਧ ਗਿਆਨ ਵਿਸਤਾਰ' ਨਾਂ ਦੇ ਮਾਹਵਾਰੀ ਆਨੰਦੋਤਸਵ ਯਾਦਗਾਰ ਦੇ ਰੂਪ ਵਿਚ ਛਪੀ ਪੁਸਤਕ ਵਿਚ 'ਪੰਨਾ ਸਰਵਾਪੂ ਰਵੀਚੇ ਵ ਆਤਾਚੇ ਮਹਾਰਾਸ਼ਟਰ ਸਿਰਲੇਖ ਨਾਲ ਉਹਨਾਂ ਨੇ ਇਕ ਗੰਭੀਰ ਚਿੰਤਣਮਈ ਲੇਖ ਲਿਖਿਆ ਹੈ। ਉਸ ਲੇਖ ਨੂੰ ਪੜ੍ਹਨ ਨਾਲ ਪਤਾ ਲੱਗਦਾ ਹੈ, ਕਿ ਮਹਾਰਾਸ਼ਟਰੀ ਲੋਕ-ਜੀਵਨ ਅਤੇ ਉਸ ਦੇ ਵਖੋ ਵਖਰੇ ਅੰਗਾਂ ਦਾ ਉਹਨਾਂ ਨੇ ਕਿੰਨਾ ਬਰੀਕ ਅਤੇ ਵਿਸ਼ਾਲ ਚਿੰਤਨ ਕੀਤਾ ਸੀ। ਇਸ ਲੇਖ ਵਿਚ ਉਹਨਾਂ ਨੇ ਇਹ ਦੱਸਣ ਦਾ ਜਤਨ ਕੀਤਾ ਹੈ, ਕਿ ਮਹਾਰਾਸ਼ਟਰ ਵਿਚ ਸੂਖਮ-ਕਲਾਵਾਂ ਦੀ ਕਮੀਂ ਕਿਉਂ ਹੈ? ਉਹ ਕਹਿੰਦੇ ਹਨ—"ਮਹਾਰਾਸ਼ਟਰ ਦਾ ਮਨ ਨਕਲ ਨਾਲੋਂ ਅਸਲ ਵਲ ਵਧੇਰੇ ਜਾਂਦਾ ਹੈ। ਸੂਖਮ ਕਲਾਵਾਂ ਦਾ ਸਬੰਧ ਕਿਉਂਕਿ ਨਕਲ ਨਾਲ ਵਧੇਰੇ ਰਹਿੰਦਾ ਹੈ, ਇਸ ਕਰਕੇ ਮਹਾਰਾਸ਼ਟਰ ਨੇ, ਉਹਨਾਂ ਵਿਚ ਵਧੇਰੇ ਦਿਲ-ਚਸਪੀ ਨਹੀਂ ਵਿਖਾਈ।" ਮਰਾਠੀ ਸਾਹਿਤ ਉਤੇ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਦਾ

ਵਰਣਨ ਕਰਦਿਆਂ, ਉਹ ਲਿਖਦੇ ਹਨ—"ਅੱਜ ਕੱਲ ਦੇ ਮੌਲਿਕ ਪਦਾਤਮਿਕਕਾਵਾਂ ਲਈ ਬਾਇਰਨ, ਸ਼ੈਲੇ, ਕੀਟਸ, ਵਰਡਜ਼ਵਰਥ ਆਦਿਕ ਅੰਗਰੇਜ਼ ਕਵੀਆਂ ਤੋਂ, ਮੌਲਿਕ ਨਾਵਲਾਂ ਲਈ ਸਕਾਟ, ਡਿਊਮਾ ਆਦਿਕ ਪੱਛਮੀ ਨਾਵਲਕਾਰਾ ਅਤੇ ਮੌਲਿਕ ਨਾਟਕਾਂ ਲਈ ਸ਼ੈਕਸਪੀਅਰ, ਮੌਲੀਅਰ, ਸ਼ੇਰੀਡਨ ਆਦਿਕ ਪੱਛਮੀ ਨਾਟਕਕਾਰਾਂ ਤੋਂ ਹੀ ਵਿਸ਼ੇਸ਼ ਪ੍ਰੇਰਣਾ ਮਿਲੀ ਹੈ ।"

ਕੋਲਹਟਕਰ ਨੇ ਉਸ ਸਮੇਂ ਦੇ ਮਰਾਠੀ ਸਾਹਿਤ ਲਈ ਆਦਰਸ਼ ਅਤੇ ਅਨੁ-ਕਰਨੀ ਪੱਛਮੀ ਲੇਖਕਾਂ ਦੀ ਜੋ ਸੂਚੀ ਦਿਤੀ ਹੈ, ਉਸ ਤੋਂ ਪਤਾ ਲਗਦਾ ਹੈ, ਕਿ ਉਹਨੀਂ ਦਿਨੀਂ ਮਰਾਠੀ ਵਿਚ ਅਨੁਕਰਣੀ ਸਾਹਿਤ ਦੀ ਪ੍ਰਥਾ ਚੋਖੀ ਵੱਧ ਚੁਕੀ ਸੀ । ਮਰਾਠੀ ਸਾਹਿਤ ਵਿਚ ਅੰਗਰੇਜ਼ੀ ਸਾਹਿਤ ਦੀ ਦੇਣ ਤੇ ਚਾਨਣਾ ਪਾਉਂਦਿਆਂ, ਕੋਲਹਟਕਰ ਕਹਿੰਦੇ ਹਨ—"ਪੁਰਾਣੇ ਮਰਾਠੀ ਸਾਹਿਤ ਤੋਂ ਪ੍ਰਗਟ ਪਰਵਿਰਤੀ ਦੇ ਮਨੁਖਾਂ ਦੀ ਪੁਸ਼ਟੀ ਪੂਰੀ ਤਰ੍ਹਾਂ ਹੋ ਜਾਂਦੀ ਹੈ । ਪਰ ਨਿਮਨ ਕੋਟੀ ਦੇ ਬੰਦਿਆਂ ਦਾ ਮਨੋਰੰਜਨ ਉਸ ਨਾਲ ਸੰਭਵ ਨਹੀਂ ਸੀ, ਇਸ ਕਰਕੇ, ਉਹਨਾਂ ਨੂੰ ਆਪਣੇ ਮਨੋਰੰਜਨ ਲਈ, ਘਟੀਆ ਪ੍ਰਕਾਰ ਦੇ ਤਮਾਸ਼ਿਆਂ ਆਦਿਕ ਦੀ ਸ਼ਰਣ ਵਿਚ ਜਾਣਾ ਪੈਂਦਾ ਸੀ । ਪਰ ਇਹਨਾਂ ਦੋਹਾਂ ਦੇ ਵਿਚਕਾਰਲੀ ਕੋਈ ਚੀਜ਼ ਪ੍ਰਾਪਤ ਨਹੀਂ ਸੀ । ਜਦੋਂ ਰਮਜ਼ੋਸ਼ੀ ਅਤੇ ਅਨੰਤਫੰਦੀ ਦਾ ਮਨ ਇਹਨਾਂ ਤਮਾਸ਼ਿਆਂ ਤੋਂ ਅੱਕ ਗਿਆ, ਤਾਂ ਇਹਨਾਂ ਨੂੰ ਬੀਭਤਸ ਰਸ ਤੋਂ ਉਡਾਰੀ ਮਾਰ ਕੇ ਇਕ ਦਮ ਉਦਾਸ ਰਸ ਤੇ ਪੁਜਣਾ ਪਿਆ । ਇਹਨਾਂ ਦੋਹਾਂ ਪ੍ਰਦੇਸ਼ਾਂ ਦੇ ਵਿਚਕਾਰ ਦਾ ਫਾਸਲਾ ਬਹੁਤ ਜ਼ਿਆਦਾ ਹੋਣ ਕਰਕੇ, ਵਿਚਕਾਰਲੇ ਖਲਾਅ ਦੀ ਪੂਰਤੀ ਲਈ ਅੰਤ ਵਿਚ ਅੰਗਰੇਜ਼ੀ ਸਾਹਿਤ ਨੂੰ ਆਉਣਾ ਪਿਆ ।" ਕੋਲਹਟਕਰ ਦੇ ਇਸ ਵਿਵੇਚਨ ਨੂੰ ਕੌਣ ਕਹੇਗਾ ਕਿ ਸ਼ਾਨਦਾਰ ਨਹੀਂ ਹੈ ?

ਆਪਣੇ ਸਾਹਿਤਕ ਵਿਵੇਚਨ ਵਿਚ ਕੋਲਹਟਕਰ ਨੇ ਨਵੇਂ ਮਰਾਠੀ ਸਾਹਿਤ ਦਾ ਵਧ ਚੜ੍ਹ ਕੇ ਪੱਖ ਪੂਰਿਆ ਹੈ । 'ਅੱਜ ਦਾ ਮਰਾਠੀ ਕਵੀ ਪੁਰਾਣੇ ਕਵੀਆਂ ਦੇ ਪਾਸੰਗ ਵਿਚ ਵੀ ਨਹੀਂ ਬੈਠਦਾ ।' ਇਸ ਭਰਮ ਨੂੰ ਦੂਰ ਕਰਕੇ ਉਹਨਾਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਕਿਹਾ, ਕਿ ਗੁਣਾਂ ਪੱਖੋਂ ਅੱਜ ਦਾ ਕਵੀ ਮੁਕਤੇਸ਼ਵਰ, ਮੋਰੋਪੰਤ, ਵਾਮਨ ਆਦਿਕ ਕਵੀਆਂ ਨਾਲੋਂ ਕਿਸੇ ਵੀ ਪੱਖੋਂ ਘੱਟ ਨਹੀਂ ਹੈ । ਇਹੀ ਨਹੀਂ ਉਹਨਾਂ ਨੇ ਇਹ ਵੀ ਕਿਹਾ ਹੈ, ਕਿ 'ਪਹਿਲਾਂ ਕਿਸੇ ਇਕ ਕਵੀ ਦੀ ਰਚਨਾ ਵਿਚ ਅਰਥ-ਸੁੰਦਰਤਾ, ਪਦ-ਸੂਖਮਤਾ ਅਤੇ ਭਾਸ਼ਾ ਸ਼ੁੱਧੀ ਦੇ ਗੁਣ ਬਹੁਤ ਘਟ ਦਿਖਾਈ ਦਿੰਦੇ ਸਨ, ਪਰ ਅੱਜ ਇਹ ਗੁਣ ਆਮ ਤੌਰ ਤੇ ਸਭੀ ਕਵੀਆਂ ਵਿਚ ਇਕੱਠੇ ਹੋ ਦਿਸ ਪੈਣਗੇ ।' ਆਪਣੀ ਪ੍ਰਗਤੀਸ਼ੀਲ ਸਮੀਖਿਆ ਰਾਹੀਂ ਨਵੀਨ ਮਰਾਠੀ ਸਾਹਿਤ ਦੇ ਵਿਕਾਸ ਨੂੰ ਉਤਸਾਹ ਅਤੇ ਪ੍ਰੇਰਨਾ ਦੇਣ ਦਾ ਬਹੁਤ ਵੱਡਾ ਕੰਮ ਕੋਲਹਟਕਰ ਨੇ ਕੀਤਾ ਹੈ ।

ਕੋਲਹਟਕਰ ਦੇ ਕਈ ਸਮੀਖਿਆਤਮਿਕ ਲੇਖ, ਨਿਬੰਧ, ਵਖੋ ਵਖਰੇ ਅਵਸਰਾਂ ਤੇ ਦਿਤੇ ਗਏ ਉਹਨਾਂ ਦੇ ਭਾਸ਼ਣ ਅਤੇ ਪੁਸਤਕ ਭੂਮਿਕਾਵਾਂ 'ਕੋਲਹਟਕਰ ਲੇਖ ਸੰਗ੍ਰਹਿ' ਨਾਂ ਦੀ ਪੁਸਤਕ ਵਿਚ ਸ਼ਾਮਲ ਕੀਤੇ ਗਏ ਹਨ । ਲੱਗ ਭੱਗ ਅੱਠ ਸੌ ਸਫੇ ਦੀ ਇਸ ਵਿਸ਼ਾਲ ਪੁਸਤਕ ਵਿਚ ਕੋਲਹਟਕਰ ਦੀ ਅਦਭੁਤ ਅਕਲ ਅਤੇ ਸਰਵ-ਪੱਖੀ ਪ੍ਰਤਿਭਾ

ਦੇ ਦਰਸ਼ਨ ਕਰਕੇ ਅਤੇ ਉਸਦੀ ਬਹੁ-ਰੂਪਤਾ ਨੂੰ ਵੇਖ ਕੇ, ਮਨ ਚਕਿਤ ਹੋ ਉਠਦਾ ਹੈ। ਵਾ. ਲ. ਕੁਲਕਰਣੀ ਦਾ ਕਹਿਣਾ ਹੈ, ਕਿ "ਕੋਲਹਟਕਰ ਦੇ ਸਾਰੇ ਸਮੀਖਿਆਤਮਿਕ ਲੇਖਾਂ ਦੀ ਸੰਤੁਲਿਤ ਛਾਣਬੀਣ ਕਰਨੀ ਬਹੁਤ ਔਖੀ ਹੈ। ਉਹਨਾਂ ਦੀ ਬੁਧੀ ਦਾ ਘੇਰਾ ਵਿਸ਼ਾਲ ਹੈ। ਉਹਨਾਂ ਦੇ ਸਮੀਖਿਅਤ ਵਿਸ਼ਿਆਂ ਦੀ ਗਿਣਤੀ ਬਹੁਤ ਵਡੀ ਹੈ, ਸ਼ਾਇਦ ਹੀ ਅਜਿਹਾ ਕੋਈ ਵਿਸ਼ਾ ਹੋਵੇ ਜਿਹੜਾ ਉਹਨਾਂ ਦੀ ਛਾਣਬੀਨ ਦੇ ਦਾਇਰੇ ਵਿਚੋਂ ਬਾਹਰ ਰਹਿ ਗਿਆ ਹੋਵੇ। ਮਰਾਠੀ ਸਮੀਖਿਆ ਨੂੰ ਜ਼ਾਬਤਾ, ਵਿਗਿਆਨਿਕਤਾ, ਸੁਜੀਵਤਾ, ਦਾਰਸ਼ਨਿਕ ਚਿੰਤਨ, ਸਾਹਿੱਤ ਵਿਸ਼ਾਇਕ ਇਤਿਹਾਸ ਦੀ ਦ੍ਰਿਸ਼ਟੀ, ਚੌਕਸੀ, ਅਤੇ ਸਨਮਾਨ ਪ੍ਰਦਾਨ ਕਰਨ ਦਾ ਮੁਸ਼ਕਿਲ ਕਾਰਜ ਕੋਲਹਟਕਰ ਨੇ ਹੀ ਕੀਤਾ।" 'ਮਰਾਠੀ ਸਾਹਿੱਤ' ਨਾਂ ਦੇ ਆਪਣੇ ਅੰਗਰੇਜ਼ੀ ਨਿਬੰਧ ਵਿਚ ਕੁਸਮਾਵਤੀ ਬਾਈ ਦੇਸ਼ਪਾਂਡੇ ਲਿਖਦੀ ਹੈ—"ਕੋਲਹਟਕਰ ਨੂੰ ਬਹੁਤ ਵਡੇ ਪੈਮਾਨੇ ਤੇ ਆਧੁਨਿਕ ਮਰਾਠੀ ਸਾਹਿੱਤਕ ਸਮੀਖਿਆ ਦਾ ਜਨਕ ਕਿਹਾ ਜਾ ਸਕਦਾ ਹੈ। ਉਹਨਾਂ ਨੇ ਮਰਾਠੀ ਸਮੀਖਿਆ ਨੂੰ ਸਰਵ ਸਾਧਾਰਣ ਸਮਾਚਾਰਪਤ੍ਰੀ ਸਮੀਖਿਆ ਨਾਲੋਂ ਵਖਰਾ ਸਥਾਨ ਪ੍ਰਦਾਨ ਕੀਤਾ ਅਤੇ ਉਸ ਦੀ ਕੋਟੀ ਨੂੰ ਉੱਨਤ ਕੀਤਾ। ਇਹੀ ਨਹੀਂ; ਉਹਨਾਂ ਨੇ ਬਹੁਤ ਗਹਿਰਾਈ ਵਿਚ ਜਾ ਕੇ ਸਾਹਿੱਤ ਦੇ ਵਖੋ ਵਖਰੇ ਰੂਪਾਂ ਬਾਰੇ ਸਿਧਾਂਤਕ ਸਮੱਸਿਆਵਾਂ ਤੇ ਵਿਚਾਰ ਵੀ ਕੀਤੀ।" ਕੋਲਹਟਕਰ ਨੇ ਮਰਾਠੀ ਨੂੰ ਨਵੀਨ-ਸਮੀਖਿਆ ਸ਼ਾਸ਼ਤਰ ਦਿਤਾ, ਨਵੀਂ ਸਾਹਿੱਤਕ ਪ੍ਰੀਭਾਸ਼ਾ ਦਿਤੀ ਅਤੇ ਉਸ ਦੇ ਆਧਾਰ ਤੇ ਸਮੀਖਿਆ ਕਰਨ ਦੀ ਦ੍ਰਿਸ਼ਟੀ ਵੀ ਦਿਤੀ। ਨਿਰਸੰਦੇਹ ਕੋਲਹਟਕਰ ਦਾ ਸਮੀਖਿਆ-ਸਾਹਿੱਤ ਉਹਨਾਂ ਦੇ ਸਾਹਿੱਤਕ ਜੀਵਨ ਦੀ ਇਕ ਤੇਜਮਈ ਪ੍ਰਾਪਤੀ ਮੰਨੀ ਜਾਵੇਗੀ।

# ਬਹੁ-ਪੱਖੀ ਪ੍ਰਤਿਭਾ

ਸਾਹਿੱਤ ਦੇ ਮਨੋਰੰਜਨ, ਨਾਟਕ ਅਤੇ ਸਮੀਖਿਆ ਇਹਨਾਂ ਤਿੰਨਾਂ ਖੇਤਰਾਂ ਵਿਚ ਸ੍ਰੀਪਾਦ ਕੋਲਹਟਕਰ ਦਾ ਕੰਮ ਮਹੱਤਵਪੂਰਨ ਹੈ, ਤਾਂਭੀ ਉਹ ਓਥੇ ਤਕ ਹੀ ਸੀਮਿਤ ਨਹੀਂ ਹਨ। ਉਹਨਾਂ ਦੀ ਬਹੁ-ਪੱਖੀ ਪ੍ਰਤਿਭਾ ਨੇ ਸੂਖਮ ਕਲਾ ਦੇ ਕਿਸੇ ਵੀ ਅੰਗ ਨੂੰ ਅਛੋਹ ਨਹੀਂ ਛਡਿਆ। ਤਾਰਾ ਵਿਗਿਆਨ ਵਰਗੇ ਠੋਸ ਵਿਗਿਆਨਿਕ ਵਿਸ਼ੇ ਵਿਚ ਵੀ ਉਹਨਾਂ ਦੀ ਤੇਜ਼ ਬੁਧੀ ਦਾ ਤੇਜ਼ ਅੱਖਾਂ ਨੂੰ ਚੁੰਧਿਆ ਦਿੰਦਾ ਹੈ। ਆਪਣੀ ਬੁਧੀ ਅਤੇ ਸਰਵ-ਪੱਖੀ ਪ੍ਰਤਿਭਾ ਦਾ ਖੰਭ ਫੈਲਾ ਕੇ ਉਹ ਇਸ ਦੂਰੀ ਤਕ ਉਡੇ ਹਨ, ਕਿ ਉਹਨਾਂ ਨੇ ਲੱਗ ਭੱਗ ਸਾਰੇ ਦਾ ਸਾਰਾ ਸਾਹਿੱਤ-ਆਕਾਸ਼ ਆਪਣੀਆਂ ਸਰਗਰਮੀਆਂ ਦੇ ਘੇਰੇ ਵਿਚ ਲੈ ਲਿਆ। ਉਹਨਾਂ ਦੀਆਂ ਕਲਾਮਈ ਕਿਰਤਾਂ ਦੇ ਹੋਰ ਅੰਗਾਂ ਤੇ ਵਿਚਾਰ ਕਰਦਿਆਂ ਉਹਨਾਂ ਦੀ ਕਾਵਿ-ਰਚਨਾ ਨੂੰ ਸੁਭਾਵਿਕ ਹੀ ਅਗਰਗਾਮੀ ਸਥਾਨ ਦੇਣਾ ਪਵੇਗਾ। ਕਿਉਂਕਿ ਕੋਲਹਟਕਰ ਦੀ ਸਾਹਿੱਤਕ ਪ੍ਰਤਿਭਾ ਦਾ ਜਿਹੜਾ ਪਹਿਲਾ ਦਰਸ਼ਨ ਹੋਇਆ ਹੈ, ਉਹ ਕਵਿਤਾ ਦੇ ਰੂਪ ਵਿਚ ਹੀ ਹੋਇਆ।

ਪਰ ਕੋਲਹਟਕਰ ਦੀਆਂ ਸਫੁਟ ਕਵਿਤਾਵਾਂ ਦੀ ਗਿਣਤੀ ਬਹੁਤ ਥੋੜੀ ਹੈ। ਉਹਨਾਂ ਨੇ ਮੁਸ਼ਕਿਲ ਨਾਲ ੧੬ ਕਵਿਤਾਵਾਂ ਲਿਖੀਆਂ ਹੋਣਗੀਆਂ। ਉਹ ਵੀ ਮੁਖ ਤੌਰ ਤੇ ੧੮੮੧ ਤੋਂ ੧੯੦੧ ਤੱਕ ਦੀ ਅਵਧੀ ਵਿਚਕਾਰ ਹੀ। ਕੋਲਹਟਕਰ ਦੀਆਂ ਇਹ ਕਵਿਤਾਵਾਂ ਵਧੇਰੇ ਕਰਕੇ ਨਿਵੇਦਨਾਤਮਿਕ ਰੂਪ ਦੀਆਂ ਹਨ, ਜਿਨ੍ਹਾਂ ਦਾ ਵਿਸ਼ਾ ਆਮ ਕਰਕੇ ਪ੍ਰਵਾਰਕ ਜੀਵਨ ਹੈ। ਕੇਸ਼ਵਸੁਤ ਦੇ ਸਮੇਂ ਤੋਂ ਕਵਿਤਾ ਅੰਤ੍ਰਮੁਖੀ ਹੋਣ ਲੱਗ ਪਈ ਸੀ। ਪੁ. ਸ਼ਿ. ਰੇਗੇ ਦਾ ਇਹ ਕਹਿਣਾ ਸੱਚ ਹੈ, ਕਿ "ਕੋਲਹਟਕਰ ਵਿਚ ਇਹ ਦ੍ਰਿਸ਼ਟੀ ਜਾਗ ਚੱਲੀ ਸੀ, ਕਿ ਕਵਿਤਾ ਦਾ ਵਿਸ਼ਾ ਮਾਨਵ-ਜੀਵਨ ਹੋਣਾ ਚਾਹੀਦਾ ਹੈ, ਅਤੇ ਉਸਨੂੰ ਮਾਨਵ ਦੇ ਰੋਜ਼ਾਨਾ ਜੀਵਨ ਨਾਲ ਵੱਧ ਤੋਂ ਵੱਧ ਨੇੜਤਾ ਕਾਇਮ ਕਰਨੀ ਚਾਹੀਦੀ ਹੈ। ਉਹਨਾਂ ਦੀ ਕਵਿਤਾ ਵਿਚ ਜਿਹੜਾ ਪਰਵਾਰਕ ਜੀਵਨ ਦਾ ਵਰਣਨ ਹੋਇਆ ਹੈ, ਉਹ ਇਸੇ ਦ੍ਰਿਸ਼ਟੀ ਦਾ ਫਲ ਹੈ।" 'ਗੀਤੋਪਾਇਨ' ਨਾਂ ਦਾ ਉਹਨਾਂ ਦਾ ਇਕ ਛੋਟਾ ਜਿਹਾ ਕਾਵਿ-ਸੰਗ੍ਰਹਿ ੧੯੨੪ ਵਿਚ ਛਪਿਆ। ਕੋਲਹਟਕਰ ਦੀਆਂ ਇਹਨਾਂ ਕਵਿਤਾਵਾਂ ਨੇ ਮਰਾਠੀ ਕਾਵਿ-ਜਗਤ ਨੂੰ ਆਪਣੇ ਪ੍ਰਭਾਵ-ਖੇਤਰ ਵਿਚ ਲਿਆ ਜਾਂ ਨਹੀਂ, ਇਹ ਵਿਸ਼ਾ ਹਾਲੇ ਵਿਚਾਰ ਵਟਾਂਦਰੇ ਦਾ ਹੈ।

ਕੋਲਹਟਕਰ ਦੀ ਕਵਿਤਾ, ਕੁਝ ਸਮੀਖਿਆਕਾਰਾਂ ਨੂੰ ਉਕਾ ਹੀ ਘਿਰਣਿਤ ਪ੍ਰਤੀਤ

ਹੁੰਦੀ ਹੈ, ਤਾਂ ਕੁਝ ਕੁ ਨੂੰ ਉਸ ਵਿਚ ਮਰਾਠੀ ਸਾਹਿਤ ਵਿਚ ਅੱਗੇ ਚਲਕੇ, ਉਜਾਗਰ ਹੋਏ ਕੁਝ ਵਿਸ਼ੇਸ਼ ਕਾਵਿ-ਸੰਪਰਦਾਵਾਂ ਦੇ ਬੀਜ ਦਿਖਾਈ ਦਿੰਦੇ ਹਨ। ਇਸ ਮਾਮਲੇ ਵਿਚ ਪ੍ਰ. ਸ਼ਿ. ਰੇਗੇ ਨੇ ਉਹਨਾਂ ਦੀਆਂ ਕਵਿਤਾਵਾਂ ਦਾ ਜਿਹੜਾ ਮੁਲਿਆਂਕਣ ਕੀਤਾ ਹੈ, ਉਹ ਵਰਣਨਯੋਗ ਹੈ। ਉਹ ਲਿਖਦੇ ਹਨ—"ਅੱਜ ਉਹਨਾਂ ਦੇ ਕਾਵਿ ਦਾ ਮੁਲਿਆਂਕਣ ਕਰਨਾ ਹੋਵੇ ਤਾਂ ਨਿਸ਼ਚੇ ਨਾਲ ਇਹ ਕਿਹਾ ਜਾ ਸਕਦਾ ਹੈ, ਕਿ ਸਿਰਫ ੧੬ ਕਵਿਤਾਵਾਂ ਲਿਖ ਕੇ ਉਹਨਾਂ ਨੇ ਅੱਗੇ ਚੱਲ ਕੇ ਚਾਨਣ ਨੂੰ ਪ੍ਰਾਪਤ ਸੂਰਜ ਕਿਰਣ ਮੰਡਲ ਦੇ ਰਥਵਾਨ ਦਾ ਕੰਮ ਕੀਤਾ ਹੈ। ਜੇ ੧੯੨੦ ਤੋਂ ੧੯੩੫ ਦੇ ਸਮੇਂ ਦੇ ਸੂਰਜ-ਕਿਰਣ ਮੰਡਲ ਦੇ ਕਾਵਿ ਦਾ ਅਧਿਐਨ ਕਰੀਏ ਅਤੇ ਉਸ ਸਮੇਂ ਦੇ ਮਾਇਦੇਵ-ਸਦ੍ਰਿਸ਼ ਕਵੀ ਦੇ ਕਾਵਿ ਵਲ ਧਿਆਨ ਦੇਈਏ ਤਾਂ ਅਸੀਂ ਬਿਨਾਂ ਸੰਕੋਚ ਕਹਿ ਸਕਦੇ ਹਾਂ, ਕਿ ਕੋਲਹਟਕਰ ਨੇ ਇਸ ਨਵੀਨ ਸ਼ੈਲੀ ਨੂੰ ਜਨਮ ਦਿਤਾ ਹੈ। 'ਛਤ੍ਰੀਚੇ ਉਪਕਾਰ' ਨਾਂ ਦੀ ਕਵਿਤਾ ਦੇ ਵਿਚਲੇ ਹਾਸਰਸ ਅਤੇ ਕਲਾਮਈ ਸੰਸਕ੍ਰਿਤ ਪ੍ਰਧਾਨ ਰਚਨਾ ਨੂੰ ਛੱਡ ਦਈਏ ਤਾਂ ਇਹਨਾਂ ਚਾਰ ਟੱਪਿਆਂ ਦੀ ਕਵਿਤਾ ਵਿਚ ਸਾਨੂੰ ਯਸ਼ਵੰਤ ਦੀ ਕਵਿਤਾ ਦੇ ਪੂਰੇ ਬੀਜ ਮਿਲ ਜਾਂਦੇ ਹਨ। 'ਖਰੀ ਭਾਉਬੀਜ' ਅਤੇ 'ਸੁਖਕਰ ਜਾਗ੍ਰਿਤੀ' ਵਰਗੀਆਂ ਕਵਿਤਾਵਾਂ ਵਿਚ ਸਾਨੂੰ ਪੈਰ ਪੈਰ ਤੇ ਗਿਰੀਸ਼ (ਉੱਚਤਾ) ਦੀ ਮੁਲਾਕਾਤ ਹੁੰਦੀ ਹੈ। 'ਏਕਾ ਸਤ੍ਰੀਚੀ ਪਰ ਜਨਯਵਿਸ਼ਯਕ ਕਲਪਨਾ' ਨਾਂ ਦੀ ਕਵਿਤਾ ਵਿਚ ਪੂਰਨ ਰਾਕਸ਼ ਮੌਜੂਦ ਹੈ।" ਪ੍ਰ. ਸ਼ਿ. ਰੇਗੇ ਦੇ ਇਸ ਵਿਸ਼ਲੇਸ਼ਣ ਨੂੰ ਮੰਨਣਯੋਗ ਮੰਨਿਆਂ ਜਾਵੇ ਤਾਂ 'ਮਰਾਠੀ ਕਾਵਿ ਵਿਚ ਵੀ ਨਵਾਂ ਪ੍ਰਵਾਹ ਚਾਲੂ ਕਰਨ ਦਾ ਸਿਹਰਾ ਕੋਲਹਟਕਰ ਨੂੰ ਹੀ ਦੇਣਾ ਪਵੇਗਾ।'

ਕੋਲਹਟਕਰ ਦੀਆਂ ਹੋਰ ਕਵਿਤਾਵਾਂ ਦੇ ਅਨੰਦਮਈ ਅਤੇ ਬੇਕਾਰ ਹੋਣ ਬਾਰੇ ਚਾਹੇ ਕਿੰਨੇ ਵੀ ਮੱਤ ਭੇਦ ਕਿਉਂ ਨਾ ਹੋਣ, ਉਹਨਾਂ ਦੇ ਲਿਖੇ 'ਮਹਾਰਾਸ਼ਟਰ ਗੀਤ' ਦੇ ਪ੍ਰੇਰਣਾਦਾਇਕ ਤੇਜ ਦੇ ਸਬੰਧ ਵਿਚ ਕਿਸੇ ਦਾ ਕੋਈ ਮੱਤਭੇਦ ਨਹੀਂ ਹੋ ਸਕਦਾ। ਕੋਲਹਟਕਰ ਨੇ ਆਪਣੇ ਜੀਵਨ ਵਿਚ ਜੇ ਇਹੋ ਇਕ ਕਵਿਤਾ ਲਿਖੀ ਹੁੰਦੀ ਤਾਂ ਭੀ ਉਹ ਮਰਾਠੀ ਸਾਹਿੱਤ ਵਿਚ ਅਮਰ ਹੋ ਗਏ ਹੁੰਦੇ। ਮਹਾਰਾਸ਼ਟਰ ਦੇ ਆਤਮ ਸਨਮਾਨ ਦਾ ਵਿਲੱਖਣ ਨੂਰਾਨੀ ਅਤੇ ਮਨਮੋਹਕ ਚਿਤਰ ਉਹਨਾਂ ਨੇ ਇਸ ਕਵਿਤਾ ਵਿਚ ਪੇਸ਼ ਕੀਤਾ ਹੈ। ਮਹਾਰਾਸ਼ਟਰ ਦੀ ਸਮਰੱਥਾ, ਸਰਮਾਏ, ਨਿਰਲੇਪਤਾ ਅਤੇ ਸ਼ੀਲਤਾ ਦਾ ਵਰਣਨ ਕਰਨ ਵਾਲਾ ਇਹ ਸੁੰਦਰ ਗੀਤ ਮਹਾਰਾਸ਼ਟਰ ਵਿਚ ਅੱਜ ਹਰ ਜ਼ਬਾਨ ਉਤੇ ਹੈ। 'ਗੀਤ ਮਰਾਠ੍ਯਾਚੇ ਸ੍ਰਵਣੀ ਮੁਖੀ ਅਸੋ। ਸਫੁਰਤੀ ਦਿਪਤਿ ਧਰਿਤਿਹਿ ਦੇਤ ਅੰਤਰੀ ਠਸੋ' ਵਿਚ ਜਿਹੜੀ ਉਹਨਾਂ ਦੀ ਕਲਪਨਾ ਹੈ, ਉਸਨੂੰ ਮਹਾਰਾਸ਼ਟਰ ਨੇ ਪੂਰਾ ਕਰ ਦਿਤਾ ਹੈ।

ਸ਼੍ਰੀਪਾਦ ਕ੍ਰਿਸ਼ਣ ਨੇ ਪ੍ਰਯੋਗਵਾਦੀ ਸਰੂਪ ਦੀ ਕਹਾਣੀ ਰਚਨਾ ਵੀ ਕੀਤੀ ਹੈ। ਉਸ ਸਮੇਂ ਮਰਾਠੀ ਛੋਟੀ ਕਹਾਣੀ ਦਾ ਉਦੇਕਾਲ ਹੀ ਸੀ। ਆਧੁਨਿਕ ਮਰਾਠੀ ਕਹਾਣੀ ਦੇ ਆਰੰਭ ਦਾ ਸਿਹਰਾ ਹਰਿ ਨਾਰਾਇਣ ਆਪਟੇ ਨੂੰ ਮਿਲਦਾ ਹੈ। ਉਹਨਾਂ ਨੇ ਮਰਾਠੀ ਕਹਾਣੀ ਨੂੰ ਜਨਮ ਦਿਤਾ। ੧੮੮੯ ਵਿਚ ਉਹਨਾਂ ਦਾ 'ਕਰਮਣੂਕ' ਨਾਂ ਦਾ ਪਤਰ ਸ਼ੁਰੂ ਹੋਇਆ। ਉਸ ਵਿਚ ਉਹਨਾਂ ਦੀਆਂ ਫੁਟਕਲ ਕਹਾਣੀਆਂ ਵਾਰੀ ਵਾਰੀ ਛਪਣ

ਲਗੀਆਂ। ਇਹਨਾਂ ਫੁਟਕਲ ਕਹਾਣੀਆਂ ਨੇ ਮਰਾਠੀ ਕਹਾਣੀਆਂ ਦਾ ਬੀਜ ਬੀਜਿਆ। ੧੮੮੯ ਤੋਂ ੧੯੧੫ ਤੱਕ ਦਾ ਸਮਾਂ ਮਰਾਠੀ ਕਹਾਣੀ ਦੇ ਵਿਕਾਸ ਦਾ ਪਹਿਲਾ ਭਾਗ ਹੈ। ਮਰਾਠੀ ਕਹਾਣੀ ਨੇ ਇਹਨੀਂ ਦਿਨੀਂ ਕੁਝ ਰੂਪ ਧਾਰਣ ਕਰਨਾ ਸ਼ੁਰੂ ਕੀਤਾ ਸੀ। ਇਸ ਨਵੀਨ ਸਾਹਿਤਕ ਰੂਪ ਵਲ ਕੋਲਹਟਕਰ ਦਾ ਧਿਆਨ ਵੀ ਗਿਆ ਜਾਪਦਾ ਹੈ। ਉਹਨਾਂ ਨੇ ਕਹਾਣੀ ਸਾਹਿੱਤ ਵਿਚ ਜਿਹੜਾ ਹਿੱਸਾ ਪਾਇਆ ਹੈ, ਉਹ ਭਾਵੇਂ ਵਰਣਨਯੋਗ ਨਾ ਹੋਵੇ, ਤਾਂ ਭੀ ਇਹ ਨਿਸ਼ਚਿਤ ਹੈ, ਕਿ ਉਹਨਾਂ ਨੇ ਉਸਦੇ ਵਿਕਾਸ ਵਿਚ ਵੀ ਆਪਣਾ ਮੋਢਾ ਲਗਾਇਆ ਹੈ। ਇਹ ਦੇਖਣ ਲਈ ਕਿ 'ਉਹ ਕਹਾਣੀ ਲਿਖ ਸਕਦੇ ਹਨ ਕਿ ਨਹੀਂ" ਕੋਲਹਟਕਰ ਨੇ ੧੯੧੦ ਵਿਚ 'ਗਾਣਾਰੇ ਯੰਤ੍ਰ' ਨਾਂ ਦੀ ਕਹਾਣੀ ਲਿਖੀ। ੧੯੧੨ ਤੱਕ ਉਹਨਾਂ ਨੇ ਸਿਰਫ ੪ ਕਹਾਣੀਆਂ ਲਿਖੀਆਂ। ਉਹ ਸਾਰੀਆਂ ਮਾਹਵਾਰੀ ਰਸਾਲੇ 'ਮਨੋਰੰਜਨ' ਵਿਚ ਛਪੀਆਂ ਵੀ। ਇਹਨਾਂ ਚਾਰ ਅਤੇ ਨ. ਚਿੰ. ਕੇਲਕਰ ਦੀਆਂ ਤਿੰਨ ਕਹਾਣੀਆਂ ਦਾ ਇਕ ਸੰਗ੍ਰਹਿ 'ਕਥਾਸਪਤਕ' ਦੇ ਨਾਂ ਨਾਲ ੧੯੨੬ ਵਿਚ ਛਪਿਆ। ਕੋਲਹਟਕਰ ਦੀਆਂ ਇਹ ਚਾਰ ਕਹਾਣੀਆਂ ਸਾਹਿੱਤਕ ਦ੍ਰਿਸ਼ਟੀ ਤੋਂ ਸਾਧਾਰਨ ਪੱਧਰ ਦੀਆਂ ਸਨ। ਤਾਂ ਭੀ ਉਹਨਾਂ ਦੇ ਸੰਗ੍ਰਹਿ ਤੋਂ ਮਰਾਠੀ ਕਹਾਣੀ-ਲੇਖਕਾਂ ਨੂੰ ਕਹਾਣੀ ਸੰਗ੍ਰਹਿ ਛਪਾਣ ਦੀ ਪਰੇਰਨਾ ਮਿਲੀ। 'ਕਥਾਸਪਤਕ' ਦੇ ਛਪਣ ਨਾਲ ਇਕ ਗੱਲ ਇਹ ਹੋਈ ਕਿ ਮਹਾਰਾਸ਼ਟਰ ਦੇ ਛੋਟੀ-ਕਹਾਣੀ-ਲੇਖਕਾਂ ਦੇ ਮਨ ਵਿਚ ਆਇਆ ਕਿ ਉਹ ਆਪਣੀਆਂ ਕਹਾਣੀਆਂ ਇਕੱਠੀਆਂ ਕਰਕੇ ਉਹਨਾਂ ਨੂੰ ਪੁਸਤਕ ਰੂਪ ਵਿਚ ਛਪਵਾ ਦੇਣ ਅਤੇ ਇਸ ਤਰ੍ਹਾਂ ਅਨੇਕ ਪ੍ਰਸਿੱਧ ਲੇਖਕਾਂ ਦੇ ਕਹਾਣੀ ਸੰਗ੍ਰਿਹਾਂ ਦੇ ਛਪਣ ਨਾਲ ਮਰਾਠੀ ਵਿਚ ਇਸ ਨਵੀਂ ਸ਼ੈਲੀ ਦੇ ਸਾਹਿੱਤ ਦਾ ਵਾਧਾ ਹੋਣ ਲਗਿਆ। ਇਹ ਗੱਲ ੧੯੩੧ ਵਿਚ ਛਪੇ 'ਸ੍ਰੀਪਾਦ ਕ੍ਰਿਸ਼ਣ ਕੋਲਹਟਕਰ ਯਾਚਸਾ ਚਾਰ ਕਥਾ' ਨਾਂ ਦੀ ਪੁਸਤਕ ਵਿਚ ਲਿਖੀ ਹੈ, ਜਿਹੜੀ ਠੀਕ ਵੀ ਹੈ। ਇਸ ਨੂੰ ਦੇਖ ਕੇ ਕਹਿਣਾ ਪਵੇਗਾ, ਕਿ ਇਸ ਕਹਾਣੀ-ਸੰਗ੍ਰਹਿ ਨੇ ਇਕ ਇਤਿਹਾਸਕ ਮਹੱਤਵ ਦਾ ਕੰਮ ਕੀਤਾ ਹੈ। ਉਸ ਤੋਂ ਮਗਰੋਂ ਬਿਰਧਾਵਸਥਾ ਵਿਚ ੧੯੩੨ ਤੋਂ ੩੪ ਤੱਕ ਦੇ ਸਮੇਂ ਵਿਚ ਕੋਲਹਟਕਰ ਨੇ 'ਬਬੀਚੀ ਤਯਾਰੀ', 'ਮੋਤਯਾਚਾ ਪਾਪਾ' ਅਤੇ 'ਆਜੋਬਾਂਚੇ ਕਾਮ' ਨਾਂ ਦੀਆਂ ਤਿੰਨ ਸੁੰਦਰ ਬਾਲ ਕਹਾਣੀਆਂ ਲਿਖੀਆਂ। ਇਹਨਾਂ ਕਹਾਣੀਆਂ ਵਿਚ ਵਾਤਸਲ ਅਤੇ ਕਰੁਣਾ ਦਾ ਮੋਹਿਕ ਸੰਗਮ ਦਿਖਾਈ ਦਿੰਦਾ ਹੈ। ਇਹਨਾਂ ਵਿਚ ਕੋਲਹਟਕਰ ਨੇ ਬਾਲਪਨ ਦਾ ਦਰਸ਼ਨ, ਸੁਕੁਮਾਰ ਅਤੇ ਪਿਆਰਾ ਚਿਤਰ ਅੰਕਿਤ ਕੀਤਾ ਹੈ। ਇਹਨਾਂ ਕਹਾਣੀਆਂ ਸਬੰਧੀ ਲਿਖਦਿਆਂ ਵਾ. ਲ. ਕੁਲਕਰਣੀ ਨੇ ਕਿਹਾ ਹੈ, ਕਿ "ਇਹਨਾਂ ਤੇਹਾਂ ਕਹਾਣੀਆਂ ਨੂੰ ਦੇਖ ਕੇ ਜਾਪਦਾ ਹੈ, ਕਿ ਉਸ ਸਮੇਂ ਵਿਚ ਲਿਖੀਆਂ ਗਈਆਂ ਮਰਾਠੀ ਬਾਲ ਕਹਾਣੀਆਂ ਵਿਚ ਇਹਨਾਂ ਨੂੰ ਕਾਫੀ ਉਚਾ ਸਥਾਨ ਪ੍ਰਾਪਤ ਹੋਵੇਗਾ।" ਇਸ ਪ੍ਰਕਾਰ ਦੀਆਂ ਕੁਝ ਹੋਰ ਕਹਾਣੀਆਂ ਜੇ ਕੋਲਹਟਕਰ ਨੇ ਲਿਖੀਆਂ ਹੁੰਦੀਆਂ ਤਾਂ ਉਹਨਾਂ ਨੂੰ ਸਾਹਿੱਤ ਦੇ ਇਸ ਖੇਤਰ ਵਿਚ ਵੀ ਮਹਾਨ ਕਾਰਜ ਕਰਨ ਦਾ ਸਿਹਰਾ ਮਿਲ ਗਿਆ ਹੁੰਦਾ।

ਸੰਨ ੧੯੧੨ ਵਿਚ ਕੋਲਹਟਕਰ ਨੇ ਆਪਣੀ ਆਤਮ ਕਥਾ ਲਿਖਣੀ ਸ਼ੁਰੂ ਕੀਤੀ।

ਉਹਨਾਂ ਦੀਆਂ ਕੁਝ ਕਵਿਤਾਵਾਂ ਮਹਿਲਾ ਮਹਾਂਵਿਦਿਆਲਾ ਵਿਚ ਅਧਿਐਨ ਲਈ ਸਵੀਕਾਰ 'ਅਭਿਨਵ ਕਾਵਿਮਾਲਾ' ਨਾਂ ਦੀ ਪੁਸਤਕ ਵਿਚ ਆਈਆਂ ਸਨ। 'ਕਵਿਤਾ ਦੇ ਅੰਤ੍ਰੀਵੀ ਅਰਥਾਂ ਦੀ ਜਾਣਕਾਰੀ ਲਈ ਕਵੀ ਦੇ ਜੀਵਨ ਦਾ ਗਿਆਨ ਜ਼ਰੂਰੀ ਹੈ।' ਕਹਿ ਕੇ ਪ੍ਰਾਧਿਆਪਕ ਮਾਇਦੇਵੀ ਨੇ ਕੋਲਹਟਕਰ ਨੂੰ ਆਪਣੀ ਜੀਵਨੀ ਲਿਖਣ ਲਈ ਕਿਹਾ। ਉਸਨੂੰ ਮੰਨ ਕੇ ਕੋਲਹਟਕਰ ਨੇ ਆਪਣੀ ਜੀਵਨੀ ਲਿਖਣੀ ਸ਼ੁਰੂ ਕੀਤੀ। ਅੱਤ ਸਿਧੀ ਸਾਦੀ ਅਤੇ ਅਣ-ਅਲੰਕ੍ਰਿਤ ਭਾਸ਼ਾ ਵਿਚ ਲਿਖੀ ਇਹ ਸੰਖੇਪ ਪਰ ਲੋਕ ਵਿਲੱਖਣ ਜੀਵਨੀ ਜਿਥੇ ਉਹਨਾਂ ਦੇ ਭਾਵ-ਜਗਤ ਦਾ ਵਾਸਤਵਿਕ ਦਰਸ਼ਨ ਕਰਵਾਉਂਦੀ ਹੈ, ਉਥੇ ਉਹ ਮਰਾਠੀ ਨਾਟ-ਕਲਾ ਦੇ ਇਕ ਅਮੀਰ ਯੁਧ ਤੇ ਚਾਨਣਾ ਵੀ ਪਾਉਂਦੀ ਹੈ। ਡਾ: ਵਾਲਿੰਬੇ ਨੇ ਇਸਨੂੰ 'ਨਾਟਕਕਾਰ ਦੀ ਪਹਿਲੀ ਜੀਵਨੀ' ਦਾ ਨਾਂ ਦਿੰਦਿਆਂ ਕਿਹਾ ਹੈ, ਕਿ "ਇਕ ਮਹਾਨ ਨਾਟਕਕਾਰ ਅਤੇ ਮਹਾਨ ਨਾਟਕ-ਸਮੀਖਿਅਕ ਦੀ ਸ਼ਖਸੀਅਤ ਦੀ ਦਿਲੀ ਜਾਣਕਾਰੀ ਇਸ ਜੀਵਨੀ ਵਿਚ ਮਿਲਦੀ ਹੈ। ਅਤੇ ਨਾਟ-ਖੇਤਰ ਦੀਆਂ ਅਨੇਕ ਯਾਦਗਾਰੀ ਲਹਿਰਾਂ ਉਤੇ ਖਾਸ ਚਾਨਣਾ ਪੈਂਦਾ ਹੈ, ਇਸ ਕਰਕੇ ਇਹ ਜ਼ਰੂਰੀ ਹੈ, ਕਿ ਮਰਾਠੀ ਨਾਟ-ਸਮੀਖਿਆ ਦੇ ਖੇਤਰ ਵਿਚ ਇਸ ਨੂੰ ਅਚਲ ਪਦ ਪ੍ਰਾਪਤ ਹੋਵੇ।" ਅਤੇ ਇਹ ਕਥਨ ਸੱਚ ਵੀ ਹੈ। ਕੋਲਹਟਕਰ ਨੇ ਆਪਣੇ ਸੰਘਰਸ਼ਮਈ ਜੀਵਨ ਦੀਆਂ ਕਈ ਘਟਨਾਵਾਂ ਦਾ ਵਰਣਨ ਵਿਲੱਖਣ ਸੰਜਮ ਨਾਲ ਕੀਤਾ। ਪਰ ਸਚਾਈ ਲਈ ਅਤੀ ਪਿਆਰ ਕਰਕੇ ਉਹਨਾਂ ਦੀ ਮੌਤ ਮਗਰੋਂ ੧੯੩੫ ਵਿਚ ਜਦੋਂ ਇਹ ਜੀਵਨੀ ਛਪੀ, ਉਸ ਵੇਲੇ ਇਕ ਸ਼ੋਰ ਜਿਹਾ ਮੱਚ ਉਠਿਆ।

ਕੋਲਹਟਕਰ ਦੀ ਜੀਵਨੀ ਇਕ ਪ੍ਰਤਿਭਾਸ਼ਾਲੀ ਵਿਅਕਤੀ ਦੇ ਮਨੋਜੀਵਨ ਦੀ ਵਿਲੱਖਣ ਅਤੇ ਪ੍ਰਤਿਭਾਸ਼ਾਲੀ ਰਚਨਾ ਹੈ। ਕਵੀ ਦੀਆਂ ਰਚਨਾਵਾਂ ਦੇ ਭੇਦ ਨੂੰ ਸਮਝਣ ਲਈ, ਉਸ ਦੇ ਜੀਵਨ ਦੀ ਜਾਣਕਾਰੀ ਜ਼ਰੂਰੀ ਹੁੰਦੀ ਹੈ, ਇਸੇ ਭਾਵਨਾ ਨਾਲ ਉਹਨਾਂ ਨੇ ਇਹ ਜੀਵਨੀ ਲਿਖੀ ਹੈ। ਸੱਚਾਈ ਪ੍ਰਤੀ ਸਪੱਸ਼ਟ ਭਰੋਸੇ ਕਰਕੇ ਆਪਣੀ ਜੀਵਨੀ ਲਿਖਦਿਆਂ, ਉਹਨਾਂ ਨੇ ਮੰਨਣਯੋਗ ਸਾਰੀਆਂ ਪਖੰਡੀ ਪ੍ਰੰਪਰਾਵਾਂ ਨੂੰ ਤੋੜ ਕੇ ਆਪਣੀਆਂ ਸਾਹਿੱਤਕ ਪ੍ਰੇਰਣਾਵਾਂ ਬਾਰੇ ਸਭ ਕੁਝ ਸਾਫ ਸਾਫ ਅਤੇ ਨਿਰਸੰਕੋਚ ਹੋ ਕੇ ਲਿਖ ਦਿਤਾ ਹੈ। ਉਹਨਾਂ ਦੀ ਭਾਵਨਾ ਇਹ ਸੀ, ਕਿ ਨਿਰਮਲ ਕੀਰਤੀ ਦੀ ਇੱਛਾ ਹਰ ਕੋਈ ਕਰਦਾ ਹੈ, ਪਰ ਸਚਾਈ ਉਤੇ ਅਮਲ ਕਰਕੇ ਸਾਤਵਿਕ ਕੀਰਤੀ ਪ੍ਰਾਪਤ ਕਰਨ ਨਾਲੋਂ ਸੱਚ ਦੇ ਵਰਣਨ ਰਾਹੀਂ ਬਦਨਾਮੀ ਪ੍ਰਾਪਤ ਕਰਨਾ ਕਿਤੇ ਵਧੇਰੇ ਚੰਗਾ ਹੈ। ਇਸੇ ਕਰਕੇ ਆਪਣੇ ਸਾਹਿੱਤ 'ਤੇ 'ਚਿਰਸਥਾਈ ਪ੍ਰਭਾਵ' ਪਾਉਣ ਵਾਲੀ ਹਿਰਾਬਾਈ ਪੇਡਣੇਕਰ ਵਰਗੀ ਸੰਗੀਤ-ਕਲਾ-ਨਿਪੁੰਨ ਕਲਾਵਤੀ ਦੇ ਸਨੇਹ ਦਾ ਵਰਣਨ ਵੀ ਉਹਨਾਂ ਨੇ ਬਿਨਾਂ ਕਿਸੇ ਸੰਕੋਚ ਦੇ ਲਿਖ ਦਿਤਾ ਹੈ। ਉਹ ਲਿਖਦੇ ਹਨ—"ਜਦੋਂ ਤਕ ਸਾਹਮਣੇ ਸੁੰਦਰ ਨਮੂਨਾ ਨਾ ਹੋਵੇ, ਉਦੋਂ ਤਕ ਚਿਤਰਕਾਰ ਸੁਹਣਾ ਚਿਤ੍ਰ ਨਹੀਂ ਬਣਾ ਸਕਦਾ। ਇਸੇ ਤਰ੍ਹਾਂ ਸੁਹੱਣਪ ਅਤੇ ਸਪੱਸ਼ਟਤਾ ਦੀ ਪ੍ਰਕਾਸ਼ਮਈ ਕਲਪਣਾ ਜਦੋਂ ਤੱਕ ਸਾਹਮਣੇ ਨਾ ਹੋਵੇ, ਉਦੋਂ ਤਕ ਸੂਖਮ ਕਲਾ-ਸਾਹਿੱਤ ਦੀ ਸਿਰਜਣਾ ਲਈ ਲੋੜੀਂਦੀ ਪਰੇਰਨਾ ਨਹੀਂ ਮਿਲਦੀ।" ਇਸੇ ਕਰਕੇ ਉਹਨਾਂ ਨੇ ਲਿਖਿਆ ਹੈ, ਕਿ "ਹਿਰਾਬਾਈ ਨਾਲ ਜਾਣ

ਪਛਾਣ ਹੋਣ ਮਗਰੋਂ ਇਕ ਬੁਧੀਮਾਨ ਔਰਤ ਦੇ ਸੁਹੱਣਪ ਅਤੇ ਸਪਸ਼ਟਤਾ ਦਾ ਚੋਖਾ ਉੱਤਮ ਆਦਰਸ਼ ਮੈਨੂੰ ਪ੍ਰਾਪਤ ਹੋ ਗਿਆ ਅਤੇ ਉਸ ਤੋਂ ਮੇਰੀ ਸੁੰਦਰਤਾ-ਦੀ ਇਛੁਕ ਰੁਚੀ ਦੀ ਪਾਲਣਾ ਹੋਣ ਲੱਗੀ।" ਉਹਨਾਂ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ, ਕਿ ਉਹਨਾਂ ਦੇ ਨਾਟਕਾਂ ਦੀਆਂ ਨਾਇਕਾਂ ਦੇ ਚਿਤਰਣ ਤੇ ਇਸ ਦਾ ਚੰਗਾ ਪ੍ਰਭਾਵ ਪਿਆ। ਹਿਰਾਬਾਈ ਨਾਲ ਵਾਕਫੀਅਤ ਹੋਣ ਮਗਰੋਂ 'ਕਲਪਣਾ ਨੂੰ ਅਨੁਭਵ ਦਾ ਠੋਸ ਆਧਾਰ' ਪ੍ਰਾਪਤ ਹੋਇਆ, ਜਿਸ ਨਾਲ ਉਹਨਾਂ ਦੀਆਂ ਸਾਹਿੱਤਕ ਨਾਇਕਾਵਾਂ ਵਧੇਰੇ ਦਿਲਚਸਪ ਅਤੇ ਸੁਭਾਵਿਕ ਹੋਣ ਲਗੀਆਂ।

ਆਪਣੇ ਪ੍ਰਤਿਭਾਧਰਮ ਬਾਰੇ ਉਹ ਲਿਖਦੇ ਹਨ—"ਸੁੰਦਰ ਅਤੇ ਆਕਰਸ਼ਿਕ ਵਸਤੂ ਦਾ ਧਿਆਨ ਕਰਨ ਨਾਲ ਮਨ ਨੂੰ ਖਾਸ ਆਨੰਦ ਆਉਂਦਾ ਹੈ। ਮੇਰੇ ਵਰਗੀ ਸੁੰਦਰਤਾ ਦੀ ਆਸ਼ਕ ਰੁਚੀ ਬਹੁਤ ਘਟ ਲੋਕਾਂ ਵਿਚ ਮਿਲੇਗੀ।" ਕੋਲਹਟਕਰ ਦੇ ਸਾਹਿੱਤ ਵਿਚ ਸੁੰਦਰਤਾ ਦਾ ਜਿਹੜਾ ਮੋਹਿਕ ਪ੍ਰਤਿਬਿੰਬ ਦਿਖਾਈ ਦਿੰਦਾ ਹੈ, ਉਸਦਾ ਮੂਲ ਕਾਰਣ ਉਹਨਾਂ ਦਾ ਇਹੀ ਪ੍ਰਤਿਭਾ ਧਰਮ ਹੈ। ਮਨ ਦੀ ਵਿੱਲਖਣ ਇਕਾਗਰਤਾ ਉਹਨਾਂ ਦੀ ਇਕ ਹੋਰ ਵਿਸ਼ੇਸ਼ਤਾ ਹੈ। ਇਕ ਥਾਂ ਉਹਨਾਂ ਨੇ ਲਿਖਿਆ ਹੈ, ਕਿ "ਮੇਰੀ ਇਹ ਇਕਾਗਰਤਾ ਕਦੇ ਕਦੇ ਦੋ ਦੋ-ਤਿੰਨ ਤਿੰਨ ਮਹੀਨੇ ਬਣੀ ਰਹਿੰਦੀ ਹੈ।" ਤਾਰਾ-ਵਿਗਿਆਨ ਵਰਗੇ ਖੁਸ਼ਕ ਵਿਸ਼ੇ ਵਿਚ ਉਹਨਾਂ ਨੂੰ ਜਿਹੜੀ ਸਫਲਤਾ ਮਿਲੀ, ਉਹ ਇਸੇ ਇਕਾਗਰਤਾ ਕਰਕੇ ਹੀ ਮਿਲੀ। ਕੋਲਹਟਕਰ ਦੇ ਸਾਹਿੱਤ, ਸ਼ਖਸੀਅਤ ਅਤੇ ਕਲਾਤਮਿਕ ਜੀਵਨ ਦਾ ਰਹੱਸ ਇਸ ਜੀਵਨ ਵਿਚ ਅੰਕਿਤ ਹੈ। ਆਪਣੇ ਨਿਰਸੰਕੋਚੀ ਸੁਭਾਅ ਅਤੇ ਨਿਰਭੈ ਨਿਵੇਦਨ ਕਰਕੇ ਉਹਨਾਂ ਦੀ ਇਹ ਜੀਵਨੀ, ਮਰਾਠੀ ਸਾਹਿੱਤ ਦਾ ਸਿਰਤਾਜ ਬਣ ਗਈ ਹੈ।

ਆਪਣੇ ਸੁੰਦਰ ਸਾਹਿੱਤਕ ਜੀਵਨ ਵਿਚ ਕੋਲਹਟਕਰ ਨੇ ਸਮੀਖਿਆ, ਨਾਟਕ, ਕਾਵਿ, ਆਤਮ ਕਥਾ ਆਦਿ ਜਿਹੜੇ ਵੱਖੋ ਵੱਖਰੇ ਸਾਹਿਤਕ ਅੰਗਾਂ ਦਾ ਆਸਰਾ ਲਿਆ, ਉਹਨਾਂ ਵਿਚ ਨਾਵਲ ਦਾ ਨੰਬਰ ਸਭ ਤੋਂ ਮਗਰੋਂ ਆਉਂਦਾ ਹੈ। ਆਪਣੀ ਜੀਵਨੀ ਵਿਚ ਉਹਨਾਂ ਇਕ ਥਾਂ ਲਿਖਿਆ ਹੈ ਕਿ 'ਮਹਾਰਾਸ਼ਟਰ ਦੇ ਉੱਘੇ ਸਮਾਜ-ਸੁਧਾਰਕ ਨਿਆਂ ਮੂਰਤੀ ਮਹਾਦੇਵ ਗੋਵਿੰਦ ਰਾਨਾਡੇ ਦੀ ਸੰਤੁਲਿਤ ਸ਼ਖਸੀਅਤ ਵਿਚ 'ਰਾਜਨੀਤਕ ਅਤੇ ਸਮਾਜਕ ਸੁਧਾਰਾਂ ਦਾ ਜਿਹੜਾ ਸੁਮੇਲ' ਦਿਖਾਈ ਦਿੰਦਾ ਹੈ, ਉਸ ਤੇ ਆਪਣਾ ਪਹਿਲਾ ਅਤੇ ਆਖਰੀ ਨਾਵਲ ਲਿਖ ਕੇ ਇਸ ਸਾਹਿਤਕ ਜੀਵਨ ਤੋਂ ਸੰਨਿਆਸ ਲੈ ਲੈਣਾ ਚਾਹੁੰਦਾ ਹਾਂ।" ਪਰ ੧੯੨੫ ਵਿਚ 'ਦੁਟੱਪੀ ਕੀ ਦੁਹੇਰੀ' ਅਤੇ 'ਸ਼ਾਮ ਸੁੰਦਰ' ਨਾਂ ਦੇ ਕੋਲਹਟਕਰ ਦੇ ਦੋ ਨਾਵਲ ਛਪੇ। ਉਹਨਾਂ ਵਿਚੋਂ ਪਹਿਲਾ ਨਾਵਲ ਉਹਨਾਂ ਨੇ ਆਪਣੀ ਜੀਵਨੀ ਵਿਚ ਪੇਸ਼ ਕੀਤੇ ਗਏ ਸੰਕਲਪ ਉਤੇ ਹੀ ਲਿਖਿਆ ਹੈ। ਸਮਾਜ ਸੁਧਾਰਾਂ ਵਿਰੁਧ ਮਹਾਰਾਸ਼ਟਰ ਵਿਚ ਜਿਹੜਾ ਰਾਜਨੀਤਕ ਸੁਧਾਰਾਂ ਦਾ ਸੰਘਰਸ਼ ਚਲ ਰਿਹਾ ਸੀ, ਉਸੇ ਦੀ ਝਲਕ ਇਸ ਨਾਵਲ ਵਿਚ ਦਿਸ ਰਹੀ ਹੈ। ਕਹਾਣੀ ਦੇ ਨਾਇਕ ਹਰੀਹਰ ਰਾਉ ਦੁਹਰੀ ਸ਼ਖਸੀਅਤ ਵਾਲੇ ਆਦਮੀ ਹਨ। ਇਹ ਦੁਹਰਾਪਣ ਦੋ ਵਖੋ ਵੱਖਰੇ ਸਮਾਚਾਰ ਪੱਤਰਾਂ ਵਿਚ ਪੇਸ਼ ਹੋਇਆ ਹੈ। ਇਕ ਵਿਚ ਉਹ ਆਪਣੇ ਨਾਮ ਨਾਲ ਲਿਖਦੇ ਹਨ, ਤੇ ਦੂਜੇ

ਵਿਚ 'ਕੌਂਤੇਯ' ਉਪਨਾਮ ਨਾਲ। ਹਰੀਹਰ ਰਾਉ ਦੇਸ਼ ਅਤੇ ਵਿਦੇਸ਼ ਦੀ ਹਾਲਤ ਦੀ ਤੁਲਨਾ ਕਰਕੇ ਆਪਣੀਆਂ ਕਮੀਆਂ ਨੂੰ ਲੱਭ ਲੈਣ ਅਤੇ ਦੂਰ ਕਰਨ ਦੇ ਉਪਾਅ ਸੋਚਦੇ ਹਨ ਅਤੇ ਜਨਤਾ ਵਿਚ ਇਸ ਲਈ ਜਾਗਰਤੀ ਪੈਦਾ ਕਰਦੇ ਹਨ। 'ਕੌਂਤੇਯ' ਆਪਣੀ ਪਿਛਲੀ 'ਅਨਜਾਣ ਹਾਲਤ' ਅਤੇ ਨਵੀਨ 'ਮਹੱਤਵਪੂਰਨ ਅਵਸਥਾ' ਦਾ ਵਰਣਨ ਕਰਕੇ ਜਨਤਾ ਵਿਚ 'ਮਹੱਤਵ ਇੱਛਾ' ਨੂੰ ਜਗਾਉਂਦੇ ਹਨ। ਹਰੀਹਰ ਰਾਉ ਦੇ ਲੇਖਾਂ ਨਾਲ ਪਾਠਕਾਂ ਨੂੰ ਆਪਣੀ ਹੀਣ ਅਵਸਥਾ ਪ੍ਰਤੀ ਸ਼ਰਮ ਆਉਂਦੀ ਹੈ ਅਤੇ ਉਸ ਨਾਲ ਚੰਗੇਰੇ ਬਣਨ ਦੀ ਭਾਵਨਾ ਉਪਜਦੀ ਹੈ ਤਾਂ 'ਕੌਂਤੇਯ' ਦੇ ਲੇਖਾਂ ਨਾਲ ਆਤਮ-ਅਭਿਮਾਨ ਦੀ ਅਨੁਭੂਤੀ ਹੁੰਦੀ ਹੈ ਅਤੇ ਉਸ ਨਾਲ ਚੰਗੇਰੀ ਭਾਵਨਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ 'ਇਹ ਲੇਖਕ ਇਕ ਦੂਜੇ ਦੇ ਪੂਰਕ ਹਨ! ਸਮਾਜ ਨੂੰ ਇਹਨਾਂ ਦੋਹਾਂ ਦੀ ਸਮਾਨ ਲੋੜ ਸੀ।' ੧੯ਵੀਂ ਅਤੇ ੨੦ਵੀਂ ਸਦੀ ਦੇ ਸੰਧੀ ਕਾਲ ਸਮੇਂ ਮਹਾਰਾਸ਼ਟਰ ਵਿਚ ਸੁਧਾਰਵਾਦੀ ਆਗਰਕਰ ਪੱਖ ਅਤੇ ਰਾਸ਼ਟਰ-ਵਾਦੀ ਤਿਲਕ ਪੱਖ ਦੇ ਰੂਪ ਵਿਚ ਵਿਚਾਰਕਾਂ ਦੀ ਜਿਹੜੀ ਵੰਡ ਹੋ ਗਈ ਸੀ, ਉਸੇ ਦਾ ਵਰਣਨ ਇਕ ਕਹਾਣੀ ਨਾਇਕ ਦੇ ਰੂਪ ਵਿਚ ਸਾਨੂੰ ਪੜ੍ਹਨ ਨੂੰ ਮਿਲਦਾ ਹੈ।

ਕੋਲਹਟਕਰ ਨੇ ਇਸ ਨਾਵਲ ਵਿਚ ਪ੍ਰਸਿੱਧ ਨਾਵਲਕਾਰ ਵਾ. ਮ. ਜੋਸ਼ੀ ਦੇ ਦਾਰਸ਼ਨਿਕ ਵਾਰਤਾਲਾਪਮਈ ਬਹਿਸ ਦੀ ਵਰਤੋਂ ਕੀਤੀ ਹੈ। ਦਾਰਸ਼ਨਿਕ ਨਾਵਲਾਂ ਦੇ ਜਨਕ ਵਾਮਨ ਮਲ੍ਹਾਰ ਦੇ ਨਾਵਲਾਂ ਅਤੇ ਉਹਨਾਂ ਦੀ 'ਕਾਵਿਮਈ ਚੋਟੀ ਦੀ ਵਾਰਤਾਲਾਪੀ ਸ਼ੈਲੀ' ਦਾ ਪ੍ਰਭਾਵ ਕੋਲਹਟਕਰ ਤੇ ਚੋਖਾ ਪਿਆ ਹੈ। ਵਾਮਨ ਮਲ੍ਹਾਰ ਦੇ ਨਾਵਲਾਂ ਤੇ ੧੯੧੮ ਵਿਚ 'ਰਾਗਿਣੀ ਆਣਿ ਤਿਚੇ ਭਾਵੰਤੇ' ਨਾਂ ਦਾ ਜਿਹੜਾ ਵਿਸ਼ਾਲ ਸਮੀਖਿਆਤਮਿਕ ਲੇਖ ਕੋਲਹਟਕਰ ਨੇ ਲਿਖਿਆ ਸੀ, ਉਸ ਵਿਚ ਉਹਨਾਂ ਨੇ ਇਹ ਕਿਹਾ ਸੀ ਕਿ ਦਾਰਸ਼ਨਿਕ ਵਾਰਤਾ, ਨਾਵਲ ਦੀ ਕਲਾਤਮਿਕਤਾ ਅਤੇ ਕਥਨ ਦੋਹਾਂ ਲਈ ਉਪਕਾਰੀ ਸਿੱਧ ਹੁੰਦੀ ਹੈ। ਉਹ ਲਿਖਦੇ ਹਨ—"ਸਾਧਾਰਨ ਨਾਵਲ ਦੇ ਮਸਾਲੇ ਵਿਚ ਦਾਰਸ਼ਨਿਕ ਵਾਰਤਾ ਦੀ ਯੋਜਨਾ ਨਾਲ ਉਸ ਦੇ ਚਮਤਕਾਰੀ ਭਾਸ਼ਾਰੂਪ ਦੀ ਕੋਟੀ ਅਤੇ ਮਨੋਰੰਜਣੀ ਆਤਮਾ ਦੀ ਹਾਨੀ ਨਾ ਹੋ ਕੇ ਉਲਟੀ ਉਹਨਾਂ ਨੂੰ ਪੁਸ਼ਟੀ ਮਿਲਦੀ ਹੈ। ਦਾਰਸ਼ਨਿਕ ਨਾਵਲਾਂ ਵਿਚ ਸਾਧਾਰਣ ਸਿਧਾਂਤ ਅਤੇ ਵਿਹਾਰ ਦੋਹਾਂ ਦਾ ਸੁਹਣਾ ਮੇਲ ਦਿਖਾਈ ਦਿੰਦਾ ਹੈ।' ਨਾਵਲ ਦੇ ਕਥਾ ਨਾਇਕ ਹਰੀਹਰ ਰਾਉ ਅਤੇ ਉਹਨਾਂ ਨਾਲ ਸਿਰਜਣ-ਕਲਾ ਦਾ ਗਿਆਨ ਪ੍ਰਾਪਤ ਕਰਨ ਦੀ ਇੱਛਾ ਨਾਲ ਉਹਨਾਂ ਕੋਲ ਆਈ ਉਹਨਾਂ ਦੀ ਬੁੱਧ ਮੱਤੀ ਅਤੇ ਸੁੰਦਰ ਨੌਜੁਆਨ ਵਿਦਿਆਰਥਣ ਚੰਦ੍ਰਿਕਾ ਵਿਚਕਾਰ ਵਖੋ ਵੱਖਰੇ ਵਿਸ਼ਿਆਂ ਤੇ ਹੋਈਆਂ ਰੌਚਕ ਬਹਿਸਾਂ ਨਾਲ ਇਹ ਨਾਵਲ ਸੱਜ ਗਿਆ ਹੈ। ਇਸ ਨਾਵਲ ਦੀ ਕਹਾਣੀ ਕੁਝ ਵੀ ਨਹੀਂ ਹੈ। ਉਸ ਵਿਚ ਸਿਰਫ ਸਮਾ-ਜਕ, ਰਾਜਨੀਤਕ ਅਤੇ ਸਾਹਿਤਕ ਸਮੱਸਿਆਵਾਂ, ਉਹ ਲੰਬੀ ਚੌੜੀ ਵਾਰਤਾਲਾਪ, ਹਰੀਹਰ ਰਾਉ ਅਤੇ ਚੰਦ੍ਰਿਕਾ ਵਿਚਕਾਰ ਹੋਇਆ ਹੈ, ਉਹੀ ਵਿਲੱਖਣ ਅਤੇ ਰੌਚਕ ਹੈ। ਦੋਹਾਂ ਦੀ ਗੱਲ ਬਾਤ ਵਿਚ ਨਰਮੀ ਮਿਲਾ ਕੇ ਕੋਲਹਟਕਰ ਨੇ ਉਹਨਾਂ ਵਿਚ ਇਕ ਪ੍ਰਕਾਰ ਦੀ ਮਿਠਾਸ ਭਰ ਦਿਤੀ ਹੈ। ਮਰਾਠੀ ਵਿਚ ਸੰਖਿਆ ਵਿਚ ਬਹੁਤ ਘੱਟ ਚਰਚਾ ਪ੍ਰਧਾਨ ਦਾਰਸ਼ਨਿਕ ਨਾਵਲਾਂ ਦੇ ਖੇਤਰ ਵਿਚ ਇਸ ਨਾਵਲ

ਦੇ ਰੂਪ ਵਿਚ ਕੋਲਹਟਕਰ ਨੇ ਜਿਹੜਾ ਹਿੱਸਾ ਪਾਇਆ ਹੈ, ਉਹ ਬਹੁਤ ਹੀ ਕੀਮਤੀ ਹੈ।

ਪਰ ਵਾਰਤਾਲਾਪ, ਪਾਤਰ-ਚਿਤ੍ਰਣ ਅਤੇ ਤੀਬਰਤਾ ਦੇ ਪੱਖੋਂ ਪਛੜੇ ਹੋਏ ਸਮਾਜ ਤੇ ਆਧਾਰਿਤ ਉਹਨਾਂ ਦਾ 'ਸ਼ਾਮ ਸੁੰਦਰ' ਨਾਂ ਦਾ ਦੁਖਾਂਤ ਨਾਵਲ ਵਧੇਰੇ ਦਿਲਚਸਪ ਬਣ ਸਕਿਆ ਹੈ। ਇਕ ਵਿਆਪਕ ਅਤੇ ਬਲਦੀ ਸਮਾਜਿਕ ਸ਼ਮੱਸਿਆ ਨੂੰ ਉਹਨਾਂ ਨੇ ਇਸ ਨਾਵਲ ਵਿਚ ਪੇਸ਼ ਕੀਤਾ ਹੈ। ਕੋਲਹਟਕਰ ਦੇ ਸਮਕਾਲੀ ਮਹਾ-ਰਾਸ਼ਟਰ ਦੇ ਉੱਘੇ ਸੁਧਾਰਵਾਦੀ ਕਲਾਕਾਰਾਂ ਦਾ ਸਾਰਾ ਧਿਆਨ ਇਸਤਰੀ ਦਾਸਤਾ ਤੋੜਨ ਵਲ ਹੀ ਵਧੇਰੇ ਕੇਂਦ੍ਰਿਤ ਪ੍ਰਤੀਤ ਹੁੰਦਾ ਹੈ। ਮਰਾਠੀ ਨਾਵਲਾਂ ਦੇ ਜਨਕ ਹਰਿਭਾਊ ਆਪਟੇ ਦੇ ਨਾਵਲ-ਸਾਹਿਤ ਸਬੰਧੀ ੧੯੧੨ ਵਿਚ ਕੋਲਹਟਕਰ ਨੇ ਮਰਾਠੀ 'ਕਹਾਣੀ-ਕਲਾ' ਨਾਮਕ ਨਿਬੰਧ ਵਿਚ ਲਿਖਿਆ ਹੈ—"ਸ੍ਰੀਮਾਨ ਆਪਟੇ ਨੇ ਇਸਤਰੀਆਂ ਦੇ ਦੁਖਾਂ ਦੀ ਜਿਹੜੀ ਕਹਾਣੀ ਲਿਖੀ ਹੈ, ਉਹੋ ਜਿਹੀ ਜੇ ਉਹਨਾਂ ਨੇ ਪਛੜੇ ਵਰਗ ਬਾਰੇ ਵੀ ਲਿਖੀ ਹੁੰਦੀ ਤਾਂ ਉਹ ਮਿਸੇਜ਼ ਸਟੋ ਦੀ 'ਟਾਮ ਕਾਕਾਜੀ ਕੋਠੜੀ' ਨਾਂ ਦੇ ਨਾਵਲ ਜਿੰਨੀ ਹੀ ਕ੍ਰਾਂਤੀਕਾਰੀ ਸਿੱਧ ਹੁੰਦੀ।" ਪਰ ਮਰਾਠੀ ਨਾਵਲਾਂ ਦੀ ਕਹਾਣੀ ਉਚ-ਵਰਗੀ-ਮੱਧ ਵਰਗ ਦੇ ਲੋਕਾਂ ਤੱਕ ਹੀ ਸੀਮਿਤ ਰਹੀ ਹੈ। ਕੋਲਹਟਕਰ ਦੀ ਸਮਾਜਕ ਪ੍ਰਗਤੀਸ਼ੀਲਤਾ ਉਹਨਾਂ ਦੇ ਕਲਾ-ਸਾਹਿੱਤ ਤਕ ਹੀ ਸੀਮਿਤ ਨਹੀਂ ਰਹੀ; ਉਸਦਾ ਪ੍ਰਤੀਬਿੰਬ ਉਹਨਾਂ ਦੀਆਂ ਕਿਰਤਾਂ ਵਿਚ ਵੀ ਦਿਸਿਆ ਹੈ। ਉਹਨਾਂ ਦੇ ਕਰਮਸ਼ੀਲ ਸੁਧਾਰਵਾਦ ਦਾ ਵਰਣਨ ਗ. ਤ੍ਰਯੰ. ਮਾਡਖੋਲਕਰ ਨੇ 'ਜਾਤਿਧਰਮਾਤੀਤ ਗ੍ਰਹਸਥਾ-ਸ਼੍ਰਮ' ਸ਼ਬਦ ਨਾਲ ਕੀਤਾ ਹੈ। ਉਹ ਲਿਖਦੇ ਹਨ—"ਕੋਲਹਟਕਰ ਦੇ ਸਮਾਜ-ਚਿੰਤਨ ਦੇ ਪਿਛੇ ਉਹਨਾਂ ਦਾ ਪ੍ਰਚੰਡ ਬੁਧੀਵਾਦ, ਮਾਨਵਤਾ ਦੀ ਤੀਬਰ ਅਨੁਭੂਤੀ ਅਤੇ ਸੰਪੂਰਨ ਸੁਹਿਰਦਤਾ ਕੰਮ ਕਰ ਰਹੇ ਹਨ। ਲੋਕਹਿਤਵਾਦੀ ਅਤੇ ਰਾਨਾਡੇ ਵਾਂਗ ਉਹ ਕੇਵਲ ਸ਼ਾਬਦਿਕ ਸੁਧਾਰਕ ਨਹੀਂ ਸਨ; ਸਗੋਂ ਵਿਸ਼ਣੁਵੁਬਾ ਬ੍ਰਹਮਚਾਰੀ ਅਤੇ ਜਯੋਤਬਾ ਫੂਲੇ ਵਾਂਗ ਵਿਹਾਰਕ ਅਤੇ ਆਚਰਣਸ਼ੀਲ ਸੁਧਾਰਕ ਸਨ। ਵੱਡੀ ਉਮਰ ਦੇ ਵਿਆਹ, ਪ੍ਰੇਮ-ਵਿਆਹ, ਵਿਧਵਾ-ਵਿਆਹ, ਅੰਤਰ-ਸਾਖੀ ਵਿਆਹ, ਅੰਤਰ-ਜਾਤੀ ਵਿਆਹ ਆਦਿ ਸਾਰੇ ਵਿਆਹਾਂ ਸਬੰਧੀ ਸੁਧਾਰਾਂ ਤੇ ਉਹਨਾਂ ਆਪਣੇ ਪ੍ਰਵਾਰ ਵਿਚ ਆਪ ਅਮਲ ਤਾਂ ਕੀਤਾ ਹੀ ਸੀ, ਪਰ ਸਭ ਤੋਂ ਵਡੀ ਗੱਲ ਉਹਨਾਂ ਨੇ ਇਹ ਕੀਤੀ ਸੀ, ਕਿ ਖਾਮਗਾਉਂ ਵਿਚਲਾ ਆਪਣਾ ਘਰ ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕਾਂ ਲਈ ਖੋਲ੍ਹ ਦਿਤਾ ਸੀ।" ਉਹਨਾਂ ਦਾ ਵਿਸ਼ਵਾਸ ਸੀ, ਕਿ ਵਰਣਾਸ਼੍ਰਮ ਅਤੇ ਜਾਤੀ ਭੇਦ ਹਿੰਦੂ ਧਰਮ ਦੀ ਪ੍ਰਕਿਰਤੀ ਨਹੀਂ ਸਗੋਂ ਵਿਕਿਰਤੀ ਹੈ। ਉਹਨਾਂ ਦਾ ਸ਼ਿਆਮ ਸੁੰਦਰ ਜਿਸ ਜੋਸ਼ ਨਾਲ ਜਾਤ ਭੇਦ ਮੁਕਤ ਸਮਾਜ ਦੀ ਉਸਾਰੀ ਲਈ ਕਰਮਸ਼ੀਲ ਦਿਖਾਈ ਦਿੰਦਾ ਹੈ, ਓਹੀ ਜੋਸ਼ ਉਹਨਾਂ ਦੇ ਜੀਵਨ ਵਿਚ ਵੀ ਸਾਕਾਰ ਹੋ ਚੁਕਿਆ ਸੀ। ਇਸ ਨਾਵਲ ਵਿਚ ਨਿਰਭੈ ਜੀਵਨ-ਦ੍ਰਿਸ਼ਟੀ ਦੇ ਨਾਲ ਨਾਲ ਉਹਨਾਂ ਦੀ ਸਿਰਜਣਾਤਮਿਕਤਾ ਵੀ ਪ੍ਰਤਿਬਿੰਬਤ ਹੁੰਦੀ ਹੈ। ਸ਼ਿਆਮ ਅਤੇ ਉਸ ਦੀ ਪੁਤਰ ਲਈ ਇਛਾ ਅਤੇ ਉਸ ਦੀ ਦੁਖੀ ਮਾਤਾ ਸੁੰਦਰਾਬਾਈ ਦਾ ਚਿਤਰ ਬਹੁਤ ਹੀ ਸ਼ਾਨਦਾਰ ਬਣਿਆ ਹੈ। "ਪੜ੍ਹਾਈ ਲਿਖਾਈ ਵਿਚ ਮਨ ਨਾ ਹੋਣ ਕਰਕੇ, ਪਿਤਾ ਵਲੋਂ ਗੁੱਸਾ ਕਰਨ ਤੇ ਘਰੋਂ ਨਿਕਲ ਜਾਣ

ਮਗਰੋਂ ਉਦਾਰ ਚਿੱਤ ਸ਼ਿਆਮ ਅਛੂਤ-ਉਧਾਰ ਦੇ ਕੰਮ ਵਿਚ ਲੱਗ ਜਾਂਦਾ ਹੈ। ਉਸਦੇ ਸਹਿਨਸ਼ੀਲ ਅਤੇ ਪ੍ਰੇਮਮਈ ਜੀਵਨ ਦਾ ਚਿਤਰ ਕੋਲਹਟਕਰ ਨੇ ਬੜੇ ਹੀ ਮਨ ਦੀ ਸਾਧਨਾ ਵਾਲਾ ਪੇਸ਼ ਕੀਤਾ ਹੈ।' ਇਹ ਵਿਚਾਰ ਕੁਸੁਮਾਵਤੀ ਦੇਸ਼ਪਾਂਡੇ ਨੇ ਪ੍ਰਗਟ ਕੀਤਾ ਹੈ। ਅੱਗੇ ਚਲ ਕੇ ਉਹ ਲਿਖਦੀ ਹੈ-"ਉਹਨਾਂ ਦਾ 'ਸ਼ਾਮ ਸੁੰਦਰ' ਮਾਨਵਤਾ ਅਤੇ ਹਮਦਰਦੀ ਵਰਗੇ ਗੁਣਾਂ ਕਰਕੇ ਸਾਨੇ ਗੁਰੂ ਜੀ ਦੇ ਸ਼ਾਮ ਦਾ ਅਗਾਊਂ ਪ੍ਰਤੀਤ ਹੁੰਦਾ ਹੈ।" ਨਿਰੰਤਰ ਇਕ ਹੀ ਵਿਸ਼ੇ ਦੇ ਚਰਬੇ ਵਾਲੇ ਮਰਾਠੀ ਨਾਵਲਾਂ ਨੂੰ ਕੋਲਹਟਕਰ ਦੇ ਨਾਵਲਾਂ ਨੇ ਨਵੇਂ ਵਿਸ਼ੇ ਅਤੇ ਖੇਤਰ ਪ੍ਰਦਾਨ ਕੀਤੇ। ਮਰਾਠੀ ਨਾਵਲ-ਸਾਹਿੱਤ ਦੇ ਵਾਧੇ ਵਿਚ ਉਹਨਾਂ ਦਾ ਇਹ ਮਹੱਤਵਪੂਰਨ ਹਿੱਸਾ ਹੈ।

ਕੋਲਹਟਕਰ ਦੀਆਂ ਕਲਾਮਈ-ਕਿਰਤਾਂ ਦੇ ਭਾਂਤ ਭਾਂਤ ਦੇ ਤੇਜਮਈ ਪਹਿਲੂਆਂ ਨੂੰ ਦੇਖਕੇ ਇਹਨਾਂ ਦੀ ਬਹੁ-ਪੱਖੀ ਪ੍ਰਤਿਭਾ ਦੀ ਸਰਬ ਸਪਰਸ਼ਤਾ ਦੀ ਕਲਪਣਾ ਕੀਤੀ ਜਾ ਸਕਦੀ ਹੈ। ਸਮੀਖਿਆ, ਨਾਟਕ ਮਨੋਰੰਜਨ, ਆਦਿਕ ਖੇਤਰਾਂ ਵਿਚ ਤਾਂ ਉਹ ਨਵੇਂ ਯੁੱਗ ਦੇ ਸੂਤ੍ਰਧਾਰ ਹਨ ਹੀ, ਪਰ ਕਹਾਣੀ, ਨਾਵਲ, ਕਵਿਤਾ ਆਦਿਕ ਵਿਚ ਵੀ ਉਹਨਾਂ ਦਾ ਹਿੱਸਾ ਵਰਣਨਯੋਗ ਹੈ। ਕੋਲਹਟਕਰ ਦਾ ਮਨੋਰੰਜਕ ਸਾਹਿੱਤ, ਸੰਸਾਰ-ਸਾਹਿੱਤ ਦੇ ਕਿਸੇ ਵੀ ਲੇਖਕ ਨਾਲ ਮੁਕਾਬਲਾ ਕਰ ਸਕਦਾ ਹੈ। 'ਮੂਰਤੀਆਂ ਤੋੜਨ' ਅਤੇ 'ਨਵ ਸਿਰਜਣਾ' ਉਹਨਾਂ ਦੀ ਕਲਾਮਈ ਰਚਨਾ ਦੇ ਦੋ ਪਹਿਲੂ ਹਨ। ਪੁਰਾਣੀ ਪਰੰਪਰਾ ਵਿਰੁਧ ਬਗ਼ਾਵਤ ਕਰਕੇ ਉਹਨਾਂ ਨੇ ਆਪਣੀ ਇਕ ਨਵੀਂ ਪਰੰਪਰਾ ਕਾਇਮ ਕੀਤੀ। ਮਰਾਠੀ ਸਾਹਿੱਤਕਾਰਾਂ ਦੀ ਸਮੁੱਚੀ ਪੀੜ੍ਹੀ ਨੂੰ ਉਹਨਾਂ ਨੇ ਆਪਣੇ ਪ੍ਰਭਾਵ ਹੇਠ ਲਿਆਂਦਾ ਅਤੇ ਆਪਣਾ ਇਕ ਸਾਹਿੱਤਕ-ਯੁਗ ਕਾਇਮ ਕੀਤਾ। ਵਿ ਸ. ਖਾਂਡੇਕਰ ਨੇ ਇਕ ਥਾਂ ਲਿਖਿਆ ਹੈ—"ਕੋਲਹਟਕਰ ਦੇ ਇਕ ਮਨੋਰੰਜਨ ਲੇਖ ਦਾ ਤਰਜਮਾ ਪੜ੍ਹ ਕੇ ਪ੍ਰਸਿੱਧ ਅੰਗਰੇਜ਼ੀ ਨਾਵਲਕਾਰ ਈ. ਐਮ. ਫੌਸਟਰ ਨੇ ਜਿਹੜੇ ਵੇਗਮਈ ਉਦਗਾਰ ਪ੍ਰਗਟ ਕੀਤੇ ਹਨ, ਉਹਨਾਂ ਵਿਚ ਕੋਲਹਟਕਰ ਦੇ ਸਾਹਿੱਤ ਦੀ ਵਿਸ਼ਵਾਤਮਿਕਤਾ ਦਾ ਗੌਰਵ ਪ੍ਰਾਪਤ ਹੈ।" ਕੋਲਹਟਕਰ ਦੀ ਪ੍ਰਤੀਭਾ ਤੋਂ ਬਹੁਤ ਹੀ ਖੁਸ਼ ਹੋ ਕੇ ਫੌਸਟਰ ਨੇ ਕਿਹਾ ਸੀ—"ਹੀ ਇਜ਼ ਏ ਜੀਨਿਅਸ...ਹੀ ਬੀਲਾਂਗਜ਼ ਟੂ ਦੀ ਵਰਲਡ।"

# ਰਚਨਾ ਸੂਚੀ

## ਨਾਵਲ

੧. ਦੁਟੱਪੀ ਕੀ ਦੁਹੇਰੀ
੨. ਸ਼ਿਆਮ ਸੁੰਦਰ

## ਕਹਾਣੀਆਂ

੧. ਕਥਾ ਸਪਤਕ
੨. ਸ਼੍ਰੀਪਾਦ ਕ੍ਰਿਸ਼ਣ ਕੋਲਹਟਕਰ ਯਾਂਚ੍ਯਾ ਚਾਰ ਲਘੂ ਕਥਾ

## ਕਵਿਤਾ

੧. ਗੀਤੋਪਾਇਨ

## ਨਾਟਕ

| | | |
|---|---|---|
| ੧. ਗੁਪਤ ਮੰਜੂਸ਼ਾ | ੨. ਜਨਮ ਰਹੱਸਯ | ੩. ਪਰਿਵਰਤਨ |
| ੪. ਪ੍ਰੇਮਸ਼ੋਧਨ | ੫. ਮਤਿਵਿਕਾਰ | ੬. ਮਾਇਆ ਵਿਵਾਹ |
| ੭. ਮੂਕ ਨਾਇਕ | ੮. ਵਧੂ ਪਰੀਕਸ਼ਾ | ੯. ਵੀਰਤਨਯ |
| ੧੦. ਵਿਸ਼ਵ ਪਵਿਤ੍ਰਯ | ੧੧. ਸ਼੍ਰਮ ਸਾਫਲਯ | ੧੨. ਸਹਚਾਰਿਣੀ |

## ਮਨੋਰੰਜਨ ਸੰਗ੍ਰਹਿ

੧. ਸੁਦਾਮਿਆਚੇ ਪੋਹੇ ਅਰਥਾਤ ਅਠਰਾ ਧਾਨਿਆਚੇ ਕਡਬੋਲੇ ।
੨. ਸੁਦਾਮਿਆਚੇ ਪੋਹੇ ਅਰਥਾਤ ਸਾਹਿੱਤ-ਬੱਤਿਸ਼ੀ
੩. ਸੁਦਾਮਿਆਚੇ ਨਿਵਡਲੇਲੇ ਪੋਹੇ, ਅਰਥਾਤ ਸਾਹਿੱਤ ਬੱਤਿਸ਼ੀਤੀਲ ਨਿਵਡਕ ਲੇਖ (ਚੁਣੇ ਹੋਏ ਲੇਖ)
੪. ਸੁਦਾਮਿਆਚੇ ਪੋਹੇ; ਭਾਗ ਪਹਿਲਾ
੫. ਸੁਦਾਮਿਆਚੇ ਪੋਹੇ; ਭਾਗ ਦੂਜਾ

## ਨਿਬੰਧ

ਕੋਲਹਟਕਾਂਚਾ ਲੇਖ ਸੰਗ੍ਰਹਿ

## ਗ੍ਰਹਿਗਿਤ

ਭਾਰਤੀਯ ਜਯੋਤਿਰ ਗਣਿਤ

## ਆਤਮ ਕਥਾ

ਸ਼੍ਰੀਪਾਦ ਕ੍ਰਿਸ਼ਣ ਕੋਲਹਟਕਰ ਯਾਂਚੇ ਆਤਮ ਵਰਿੱਤ ;

Indian I... ...ce
116261
23/11/04
SHIMLA

ਸਾਹਿੱਤ ਅਕਾਦਮੀ ਰਾਸ਼ਟਰੀ ਮਹੱਤਵ ਦੀ ਸੰਸਥਾ ਹੈ, ਜਿਸ ਦੀ ਸਥਾਪਨਾ ਭਾਰਤ ਸਰਕਾਰ ਨੇ ਸੰਨ ੧੯੫੪ ਵਿਚ ਕੀਤੀ ਸੀ। ਇਹ ਇਕ ਸਵਾਧੀਨ ਸੰਸਥਾ ਹੈ, ਜਿਸ ਦੀਆਂ ਨੀਤੀਆਂ, ਸਾਹਿੱਤ ਅਕਾਦਮੀ ਦੀ ਪਰਿਸ਼ਦ ਰਾਹੀਂ ਨਿਸ਼ਚਿਤ ਹੁੰਦੀਆਂ ਹਨ। ਪਰਿਸ਼ਦ ਵਿਚ ਵੱਖੋ ਵੱਖਰੀਆਂ ਭਾਰਤੀ ਭਾਸ਼ਾਵਾਂ, ਰਾਜਾਂ ਅਤੇ ਵਿਸ਼ਵ-ਵਿਦਿਆਲਿਆਂ ਦੇ ਪ੍ਰਤੀਨਿਧੀ ਹਨ। ਅਕਾਦਮੀ ਦੇ ਪਹਿਲੇ ਪ੍ਰਧਾਨ ਸਨ—ਸ੍ਰੀ ਜਵਾਹਰ ਲਾਲ ਨਹਿਰੂ ਅਤੇ ਵਰਤਮਾਨ ਪ੍ਰਧਾਨ ਹਨ —ਡਾ: ਸੁਨੀਤੀ ਕੁਮਾਰ ਚਾਟੂਰਜਯਾ।

ਸਾਹਿੱਤ ਅਕਾਦਮੀ ਦਾ ਪਰਮੁਖ ਉਦੇਸ਼ ਹੈ ਭਾਰਤੀ ਭਾਸ਼ਾਵਾਂ ਦੀਆਂ ਸਾਹਿੱਤਕ ਰਚਨਾਵਾਂ ਦਾ ਇਕ ਦੂਜੀ ਨਾਲ ਮੇਲ ਅਤੇ ਉੱਨਤ ਕਰਨਾ ਅਤੇ ਅਨੁਵਾਦਾਂ ਰਾਹੀਂ ਵੱਖੋ ਵੱਖਰੀਆਂ ਭਾਰਤੀ ਭਾਸ਼ਾਵਾਂ ਵਿਚ ਪ੍ਰਾਪਤ ਉਤਮ ਸਾਹਿੱਤ ਨੂੰ ਸਾਰੇ ਦੇਸ਼ ਦੇ ਪਾਠਕਾਂ ਤਕ ਪਹੁੰਚਾਉਣਾ। ਆਪਣੇ ਇਸ
ਲਈ ਸਾਹਿੱਤ ਅਕਾਦਮੀ ਨੇ, ਇਕ ਵਿਸਥਾ
ਹੱਥ ਵਿਚ ਲਈ ਹੈ। ਇਸ ਯੋਜਨਾ ਅਧੀ
ਛਪ ਚੁਕੀਆਂ ਹਨ, ਉਹਨਾਂ ਦੀ ਸੂਚੀ ਸਾਹਿੱ
ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

Library IIAS, Shimla
P 891.460 92 K 832 V
00116261